@Qpatrika @qaumipatrika punjabi instagram.com/qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
# Qaumi Patrika

NO.1

ਦਿੱਲੀ, ਹਿਮਾਚਲ, ਹਰਿਯਾਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ से प्रसारित।

Monday, 12 February 2024

VISIT: www.qaumipatrika.org
Email: qpatrika@gmail.com

Punjabi National Daily

ਨਵੀਂ ਦਿੱਲੀ: ਸੋਮਵਾਰ 12 ਫਰਵਰੀ 2024, 27 ਮਾਘ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 73, qpatrika@gmail.com ਫੋਨ : 9971359517 www.qaumipatrika.org

## ‘ਝਾੜੂ’ ਨੂੰ ਦਿਓ 13 ਦੀਆਂ 13 ਸੀਟਾਂ, ਤੁਹਾਡਾ ਇਕ ਵੀ ਕੰਮ ਨਹੀਂ ਰੁਕੇਗਾ: ਕੇਜਰੀਵਾਲ

ਸਿੰਮੀ ਕੌਰ ਬੱਬਰ

ਖਡੂਰ ਸਾਹਿਬ 11 ਫਰਵਰੀ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਦੇ ਦੋ ਦਿਨਾਂ ਦੌਰੇ ‘ਤੇ ਹਨ। ਅੱਜ ਪੰਜਾਬ ਦੌਰੇ ਦੇ ਦੂਜੇ ਦਿਨ ਪੰਜਾਬ ਦੇ ਖਡੂਰ ਸਾਹਿਬ ‘ਚ ਵਿਸ਼ਾਲ ਜਨ ਸਭਾ ਨੂੰ ਕੇਜਰੀਵਾਲ ਨੇ ਸੰਬੋਧਿਤ ਕੀਤਾ। ਕੇਜਰੀਵਾਲ ਨੇ ਕਿਹਾ ਕਿ ਅੱਜ ਇੱਥੇ ਦੋ ਵੱਡੇ ਕੰਮ ਹੋ ਰਹੇ ਹਨ। ਇੱਥੇ ਜੋ ਪ੍ਰਾਈਵੇਟ ਸੈਕਟਰ ਪਾਵਰ ਪਲਾਂਟ ਸੀ, ਉਸ ਨੂੰ ਪੰਜਾਬ ਸਰਕਾਰ ਲੈ ਰਹੀ ਹੈ। ਪੰਜਾਬ ਦੇ ਨਾਂ ਉਸ ਸੈਕਟਰ ਨੂੰ ਸਮਰਪਿਤ ਕਰ ਰਹੀ ਹੈ। ਦੂਜਾ ਵੱਡਾ ਕੰਮ- ਜੀਵੀਕੇ ਥਰਮਲ ਪਾਵਰ ਪਲਾਂਟ, ਉਸ ਨੂੰ ਸ੍ਰੀ ਗੁਰੂ ਅਮਰਦਾਸ ਜੀ ਦੇ ਨਾਂ ‘ਤੇ ਸਮਰਪਿਤ ਕੀਤਾ ਜਾ ਰਿਹਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਆਸ਼ੀਰਵਾਦ ਰਹੇਗਾ ਤਾਂ ਇਹ ਪਲਾਂਟ ਤਰੱਕੀ ਕਰੇਗਾ ਅਤੇ ਪੰਜਾਬ ਵੀ ਤਰੱਕੀ ਕਰੇਗਾ। ਅੱਜ ਸਾਫ ਹੋ ਗਿਆ ਕਿ ਈਮਾਨਦਾਰ ਸਰਕਾਰ ਕੀ ਹੁੰਦੀ ਹੈ ਅਤੇ ਬੇਈਮਾਨ ਸਰਕਾਰ ਕੀ ਹੁੰਦੀ ਹੈ। ਬੇਈਮਾਨ ਸਰਕਾਰ ਉਹ ਹੁੰਦੀ ਹੈ, ਜੋ ਸਰਕਾਰ ਬਣਨ ਮਗਰੋਂ ਜਿੰਨੇ ਸਰਕਾਰੀ ਮਹਿਕਮੇ ਹਨ- , ਹਵਾਈ ਅੱਡੇ, ਬਿਜਲੀ ਕੰਪਨੀਆਂ, ਸਮੁੰਦਰ ਪੋਰਟ ਵੇਚ ਦਿੰਦੀ ਹੈ। ਇਹ ਹੁੰਦੀਆਂ ਹਨ ਬੇਈਮਾਨ ਸਰਕਾਰਾਂ। ਅੱਜ ਤੱਕ 75 ਸਾਲਾਂ ਵਿਚ ਇਹ ਵੀ ਚੱਲਦਾ ਆ ਰਿਹਾ ਸੀ। ਕੇਜਰੀਵਾਲ ਨੇ ਕਿਹਾ ਕਿ ਅੱਜ ਪੰਜਾਬ ਅੰਦਰ ਉਲਟਾ ਕੰਮ ਹੋਇਆ ਹੈ। ਅੱਜ



ਪਹਿਲੀ ਵਾਰ ਸਰਕਾਰ ਨੇ ਇਕ ਪ੍ਰਾਈਵੇਟ ਪਲਾਂਟ ਸਸਤੇ ਵਿਚ ਖਰੀਦਿਆ ਹੈ। ਅੱਜ ਇਹ ਪਾਵਰ ਪਲਾਂਟ ਨਵਾਂ ਬਣਾਇਆ ਜਾਵੇ ਤਾਂ ਇਹ ਸਾਢੇ 5 ਹਜਾਰ ਕਰੋੜ ਰੁਪਏ ਦਾ ਬਣੇਗਾ। ਅਸੀਂ 1100 ਕਰੋੜ ਰੁਪਏ ਦਾ ਇਹ ਪਾਵਰ ਪਲਾਂਟ ਖਰੀਦਿਆ। ਜੇਕਰ ਸਾਡੀ ਨੀਅਤ ਖਰਾਬ ਹੁੰਦੀ ਹੈ ਤਾਂ ਸਾਢੇ 5 ਹਜਾਰ ਕਰੋੜ ਰੁਪਏ ਦਾ ਪਲਾਂਟ ਅਸੀਂ 10 ਹਜਾਰ ਕਰੋੜ ਰੁਪਏ ਵਿਚ ਖਰੀਦਦੇ ਪਰ ਸਾਡੀ ਨੀਅਤ ਸਾਫ ਹੈ। ਅਸੀਂ ਪੰਜਾਬ ਦੇ ਲੋਕਾਂ ਦੇ ਪੈਸੇ ਬਚਾਅ ਲਏ। ਇਹ ਪਾਵਰ ਪਲਾਂਟ ਘਾਟੇ ਵਿਚ ਚੱਲ ਰਿਹਾ ਹੈ। ਹੁਣ ਇਹ ਪਲਾਂਟ ਫਾਇਦੇ ਵਿਚ ਚੱਲੇਗਾ। ਇਹ ਪਾਵਰ ਪਲਾਂਟ ਸਸਤੀ ਬਿਜਲੀ ਬਣਾਏਗਾ। ਕੇਜਰੀਵਾਲ ਨੇ ਅੱਗੇ ਕਿਹਾ ਕਿ ਜਦੋਂ ਇਹ ਪਾਵਰ ਪਲਾਂਟ ਚਾਲੂ ਹੋ ਗਿਆ ਤਾਂ ਦੁਕਾਨਦਾਰਾਂ, ਕਾਰੋਬਾਰੀਆਂ, ਉਦਯੋਗਪਤੀਆਂ ਨੂੰ ਸਸਤੀ ਬਿਜਲੀ ਦੇਣੀ ਸ਼ੁਰੂ ਕਰਾਂਗੇ। ਕੇਜਰੀਵਾਲ ਮੁਤਾਬਕ ਸਾਡੇ ਦੇਸ਼ ਅੰਦਰ ਬਹੁਤ ਵੱਡਾ ਮਾਫੀਆ ਹੈ- ਉਹ ਹੈ ਰਾਸ਼ਨ ਮਾਫੀਆ। ਸਰਕਾਰ ਗਰੀਬਾਂ ਲਈ ਰਾਸ਼ਨ ਭੇਜਦੀ ਹੈ, 100 ਕਿਲੋ ਰਾਸ਼ਨ ਭੇਜਦੀ ਹੈ। ਗਰੀਬਾਂ ਕੋਲ ਪਹੁੰਚਦੇ-ਪਹੁੰਚਦੇ 10 ਕਿਲੋ ਜਾਂ 15 ਕਿਲੋ ਪਹੁੰਚਦਾ ਹੈ। ਸਾਰਾ ਰਾਸ਼ਨ ਚੋਰੀ ਹੋ ਜਾਂਦਾ ਹੈ। ਹੁਣ ਹਰ ਮਹੀਨੇ ਤੁਹਾਡਾ ਰਾਸ਼ਨ, ਘਰ ਰਾਸ਼ਨ ਪੈਕ ਹੋ ਕੇ ਆਵੇਗਾ। ਜਿਸ ਕੁਆਲਿਟੀ ਦਾ ਆਟਾ ਮੈਂ ਖਾਂਦਾ ਹਾਂ, ਉਹੀ ਹੀ ਆਟਾ ਹੁਣ ਪੰਜਾਬ ਦਾ ਗਰੀਬ ਤੋਂ ਗਰੀਬ ਵਿਅਕਤੀ ਖਾਵੇਗਾ। ਆਉਣ ਵਾਲੇ 5 ਤੋਂ 10 ਸਾਲਾਂ ਦੇ ਅੰਦਰ ਪੂਰੇ ਦੇਸ਼ ਵਿਚੋਂ ਰਾਸ਼ਨ ਮਾਫੀਆ ਖਤਮ ਹੋ ਜਾਵੇਗਾ। ਕੇਜਰੀਵਾਲ ਨੇ ਅੱਗੇ ਕਿਹਾ ਕਿ ਅਸੀਂ ਬਿਜਲੀ ਫਰੀ ਕੀਤੀ। ਦੋ ਸਾਲ ਪਹਿਲਾਂ ਜਦੋਂ ਸਰਕਾਰ ਬਣੀ ਸੀ ਤਾਂ ਕਾਂਗਰਸ ਵਾਲੇ, ਭਾਜਪਾ ਵਾਲੇ ਆਖ ਰਹੇ ਸਨ ਕਿ ਸਰਕਾਰ ਘਾਟੇ ਵਿਚ ਚੱਲ ਰਹੀ ਹੈ। ਦੋ ਸਾਲ ਤੋਂ ਅਸੀਂ ਕਦੇ ਨਹੀਂ ਕਿਹਾ ਕਿ ਸਰਕਾਰ ਘਾਟੇ ਵਿਚ ਚੱਲ ਰਹੀ ਹੈ। ਪੂਰੇ ਪੰਜਾਬ ਦੀ ਬਿਜਲੀ ਮੁਫਤ ਕਰ ਦਿੱਤੀ ਅਤੇ 24 ਘੰਟੇ ਬਿਜਲੀ ਕਰ ਦਿੱਤੀ। ਪਹਿਲਾਂ 7-7 ਘੰਟੇ ਬਿਜਲੀ ਦੇ ਕੱਟ ਲੱਗਦੇ ਸਨ। ਸਾਡੀ ਨੀਅਤ ਸਾਫ ਹੈ ਅਸੀਂ ਪੈਸੇ ਨਹੀਂ ਖਾਂਦੇ। ਅਸੀਂ ਪੂਰੀ ਸ਼ਿੱਦਤ ਨਾਲ ਪੰਜਾਬ ਸਰਕਾਰ ਚਲਾਉਣ ਲਈ ਲੱਗੇ ਹੋਏ ਹਾਂ। ਪੂਰੇ ਪੰਜਾਬ ਅੰਦਰ ਸਕੂਲ ਬਣਾ ਰਹੇ ਹਾਂ। ਹਸਪਤਾਲਾਂ ਵਿਚ ਦਵਾਈਆਂ ਮੁਫਤ ਕਰ ਦਿੱਤੀ, ਬਹੁਤ ਕੰਮ ਹੋ ਰਹੇ ਹਨ ਪਰ ਕੇਂਦਰ ਸਰਕਾਰ ਅਤੇ ਗਵਰਨਰ ਮਿਲ ਕੇ ਹਰ ਕੰਮ ਰੋਕ ਰਹੇ ਹਨ। ਦਿੱਲੀ ਦੇ ਲੋਕਾਂ ਨੇ ਠਾਣ ਲਿਆ ਕਿ ਸੱਤੋਂ ਦੀਆਂ ਸੱਤੋਂ ਸੀਟਾਂ ਆਮ ਆਦਮੀ ਪਾਰਟੀ ਨੂੰ ਦੇਣਗੇ। ਅੱਜ ਮੈਂ ਪੰਜਾਬ ਦੇ ਲੋਕਾਂ ਨੂੰ ਪੁੱਛਣ ਆਇਆ ਹਾਂ ਕਿ ਜੇਕਰ ਤੁਸੀਂ 13 ਦੀਆਂ 13 ਪਾਰਟੀਆਂ ਆਮ ਆਦਮੀ ਪਾਰਟੀ ਨੂੰ ਦੇ ਦਿੱਤੀਆਂ ਤਾਂ ਮਾਨ ਸਰਕਾਰ ਦੇ ਹੱਥ ਮਜਬੂਤ ਹੋਣਗੇ। ਕਿਸੇ ਦੀ ਹਿੰਮਤ ਨਹੀਂ ਹੋਵੇਗੀ, ਤੁਹਾਡਾ ਇਕ ਵੀ ਕੰਮ ਰੁਕੇਗਾ।

## ਅਨੁਸ਼ਾਸਨਹੀਣਤਾ ਖਿਲਾਫ ਕਾਂਗਰਸ ਦੀ ਸਖਤ ਕਾਰਵਾਈ, ਪ੍ਰਮੋਦ ਕ੍ਰਿਸ਼ਨਮ ਨੂੰ ਦਿਖਾਇਆ ਬਾਹਰ ਦਾ ਰਾਹ

ਨਵੀਂ ਦਿੱਲੀ 11 ਫਰਵਰੀ। ਅਨੁਸ਼ਾਸਨਹੀਣਤਾ ਖਿ਼ਲਾਫ ਕਾਂਗਰਸ ਪਾਰਟੀ ਨੇ ਸਖਤ ਕਾਰਵਾਈ ਕਰਦੇ ਹੋਏ ਪ੍ਰਮੋਦ ਕ੍ਰਿਸਨਮ ‘ਤੇ ਵੱਡਾ ਐਕਸ਼ਨ ਲਿਆ ਹੈ। ਕਾਂਗਰਸ ਦੇ ਜਨਰਲ ਸਕੱਤਰ



ਕੇ.ਸੀ. ਵੇਣੂਗੋਪਾਲ ਨੇ ਅਨੁਸ਼ਾਸਨਹੀਣਤਾ ਦੀਆਂ ਸ਼ਿਕਾਇਤਾਂ ਅਤੇ ਪਾਰਟੀ ਖਿ਼ਲਾਫ ਵਾਰ-ਵਾਰ ਬਿਆਨਬਾਜੀ ਨੂੰ ਧਿਆਨ ਵਿੱਚ ਰੱਖਦੇ ਹੋਏ ਆਚਾਰੀਆ ਪ੍ਰਮੋਦ ਕ੍ਰਿਸਨਮ ਨੂੰ ਛੇ ਸਾਲ ਲਈ ਪਾਰਟੀ ‘ਚੋਂ ਬਾਹਰ ਕੱਢਣ ਦੇ ਉੱਤਰ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਸਤਾਵ ਨੂੰ ਮਨਜੂਰੀ ਦੇ ਦਿੱਤੀ ਹੈ। ਕ੍ਰਿਸਨਮ ਨੇ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕੀਤੀ ਸੀ ਅਤੇ ਉਨ੍ਹਾਂ ਨੂੰ “ਸ੍ਰੀ ਕਲਕੀ ਧਾਮ“ ਦੇ ਨੀਂਹ ਪੱਥਰ ਸਮਾਗਮ ਲਈ ਸੱਦਾ ਦਿੱਤਾ ਸੀ। ਉਹ ਅਕਸਰ ਆਪਣੇ ਬਿਆਨਾਂ ਲਈ ਜਾਣੇ ਜਾਂਦੇ ਹਨ ਜੋ ਕਾਂਗਰਸ ਦੀ ਅਧਿਕਾਰਤ ਲਾਈਨ ਤੋਂ ਭਟਕ ਜਾਂਦੇ ਹਨ।

## ਝਾਰਖੰਡ ’ਚ 10 ਲੱਖ ਦੇ ਇਨਾਮੀ ਨਕਸ਼ਲੀ ਨੇ ਕੀਤਾ ਆਤਮ-ਸਮਰਪਣ

ਲਾਤੇਹਾਰ, 11 ਫਰਵਰੀ। ਝਾਰਖੰਡ ਦੇ ਲਾਤੇਹਾਰ ਜਿ਼ਲੇ ’ਚ 10 ਲੱਖ ਦੇ ਇਨਾਮੀ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਜੋਨਲ ਕਮਾਂਡਰ ਲਾਲਦੀਪ ਗੰਝੂ ਉਰਫ ਕਲਟੂ ਨੇ ਪੁਲਸ ਅੱਗੇ ਆਤਮ-ਸਮਰਪਣ ਕਰ ਦਿੱਤਾ। ਲਾਤੇਹਾਰ ਦੇ ਐੱਸ. ਪੀ. ਅੰਜਨੀ ਅੰਜਨ ਨੇ ਦੱਸਿਆ ਕਿ ਨਕਸਲਵਾਦੀ ਲਾਲਦੀਪ ਲਾਤੇਹਾਰ ਦੇ 2 ਅਤੇ ਬਿਹਾਰ ਦੇ ਇਕ ਥਾਣੇ ’ਚ 8 ਮਾਮਲਿਆਂ ’ਚ ਲੋੜੀਂਦਾ ਸੀ। ਅੰਜਨ ਨੇ ਦੱਸਿਆ ਕਿ ਲਾਲਦੀਪ 2004 ’ਚ ਸੀ. ਪੀ. ਆਈ. (ਮਾਓਵਾਦੀ) ਸੰਗਠਨ ’ਚ ਸਾਮਲ ਹੋਇਆ ਸੀ ਅਤੇ 20 ਸਾਲਾਂ ਤੋਂ ਸੰਗਠਨ ’ਚ ਸਰਗਰਮ ਹੈ। ਐੱਸ. ਪੀ. ਨੇ ਕਿਹਾ ਕਿ ਜਿ਼ਲੇ ਦੇ ਵੱਖ-ਵੱਖ ਇਲਾਕਿਆਂ ’ਚ ਪੁਲਸ ਵੱਲੋਂ ਚਲਾਏ ਜਾ ਰਹੇ ਆਪ੍ਰੇਸ਼ਨਾਂ ਨਾਲ ਮਾਓਵਾਦੀ ਸੰਗਠਨ ਕਮਜੋਰ ਹੋਇਆ ਹੈ।

## ਕੁਝ ਨੇਤਾਵਾਂ ਵਲੋਂ ਪਾਲਾ ਬਦਲਣ ਨਾਲ ‘ਇੰਡੀਆ’ ਗਠਜੋੜ ’ਤੇ ਕੋਈ ਅਸਰ ਨਹੀਂ : ਪਾਇਲਟ

ਨਵੀਂ ਦਿੱਲੀ/ਰਾਏਗੜ੍ਹ, 11 ਫਰਵਰੀ। ‘ਇੰਡੀਅਨ ਨੈਸਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ’ (ਇੰਡੀਆ) ਦੇ ਕੁਝ ਸਹਿਯੋਗੀ ਨੇਤਾਵਾਂ ਵਲੋਂ ਪਾਲਾ ਬਦਲਣ ਅਤੇ ਰਾਸਟਰੀ ਜਮਹੂਰੀ ਗਠਜੋੜ (ਐੱਨ. ਡੀ. ਏ) ’ਚ ਸਾਮਲ ਹੋਣ ਦਰਮਿਆਨ ਕਾਂਗਰਸ



ਦੇ ਨੇਤਾ ਸਚਿਨ ਪਾਇਲਟ ਨੇ ਐਤਵਾਰ ਕਿਹਾ ਕਿ ਵਿਰੋਧੀ ਗਠਜੋੜ ‘ਇੰਡੀਆ’ ਮਜਬੂਤ ਹੈ। ਇਸ ਦੀ ਸਮੂਹਿਕ ਤਾਕਤ ਤੋਂ ਚਿੰਤਤ ਭਾਰਤੀ ਜਨਤਾ ਪਾਰਟੀ (ਭਾਜਪਾ) ਸਿਆਸੀ ਦ੍ਰਿਸ ’ਚ ਵੱਡੀ ਤਬਦੀਲੀ ਲਿਆਉਣ ਦੀ ਕੋਸਿ਼ਸ ਕਰ ਰਹੀ ਹੈ। ਪਾਇਲਟ ਨੇ ਇਕ ਇੰਟਰਵਿਊ ‘ਚ ਕਿਹਾ ਕਿ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਅਤੇ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ‘ਇੰਡੀਆ’ ਗਠਜੋੜ ਦਾ ਹਿੱਸਾ ਹੈ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਸੀਟਾਂ ਦੀ ਵੰਡ ਬਾਰੇ ਮਮਤਾ ਨਾਲ ਗੱਲਬਾਤ ਦੌਰਾਨ ਕੋਈ ਰਸਤਾ ਲੱਭਿਆ ਜਾਵੇਗਾ। ਸਾਡੀ ਕੋਸਿ਼ਸ ਇਹ ਯਕੀਨੀ ਬਣਾਉਣ ਦੀ ਹੈ ਕਿ ਅਸੀਂ ਇਕਜੁੱਟ ਹੋ ਕੇ ਲੜੀਏ। ਹਾਂ, ਕੁਝ ਲੋਕ ਸਾਡੇ ਗਠਜੋੜ ਨੂੰ ਛੱਡ ਚੁੱਕੇ ਹਨ, ਪਰ ਮੋਟੇ ਤੌਰ ’ਤੇ ਗਠਜੋੜ ਬਰਕਰਾਰ ਹੈ। ਬਹੁਤ ਜਲਦੀ ਅਸੀਂ ਗਠਜੋੜ ਦੇ ਭਵਿੱਖ ਦੇ ਰੋਡਮੈਪ ਦਾ ਐਲਾਨ ਕਰਾਂਗੇ।

## ਦਿੱਲੀ ਦੇ ਕਈ ਇਲਾਕਿਆਂ ਅਤੇ ਸਰਹੱਦਾਂ ‘ਤੇ ਧਾਰਾ-144 ਲਾਗੂ

ਨਵੀਂ ਦਿੱਲੀ 11 ਫਰਵਰੀ। ਕਿਸਾਨਾਂ ਨੇ ਦੀ ਗਾਰੰਟੀ ਸਣੇ ਹੋਰ ਕਈ ਮੰਗਾਂ ਮਨਵਾਉਣ ਲਈ ਕੇਂਦਰ ਸਰਕਾਰ ‘ਤੇ ਦਬਾਅ ਬਣਾਉਣ ਲਈ ਇਕ ਵਾਰ ਫਿਰ ਦਿੱਲੀ ਕੂਚ ਦਾ ਐਲਾਨ ਕਰ ਦਿੱਤਾ ਹੈ। ਹਰਿਆਣਾ-ਪੰਜਾਬ ਤੋਂ ਕਿਸਾਨ ਦਿੱਲੀ ਲਈ ਰਵਾਨਾ ਹੋ ਗਏ ਹਨ। ਕਿਸਾਨਾਂ ਨੂੰ ਰੋਕਣ ਲਈ ਸੜਕਾਂ ‘ਤੇ ਸੀਮੈਂਟ ‘ਤੇ ਬੈਰੀਕੇਡਜ ਲਾ ਦਿੱਤੇ ਗਏ ਹਨ। ਇਸ ਤੋਂ ਬਾਅਦ ਵੀ ਜੇਕਰ ਕਿਸਾਨ ਦਿੱਲੀ ਤੱਕ ਪਹੁੰਚਣ ‘ਚ ਸਫਲ ਹੁੰਦੇ ਹਨ ਤਾਂ ਦਿੱਲੀ ਪੁਲਸ ਨੇ ਉਨ੍ਹਾਂ ਨੂੰ ਰੋਕਣ ਲਈ ਤਿਆਰੀ ਕੱਸ ਲਈ ਹੈ। ਦਿੱਲੀ ਪੁਲਸ ਨੇ ਸੂਬੇ ਦੇ ਕਈ ਇਲਾਕਿਆਂ ਅਤੇ ਸਰਹੱਦਾਂ ‘ਤੇ ਧਾਰਾ-144 ਲਾ ਦਿੱਤੀ ਹੈ। ਦਿੱਲੀ ਪੁਲਸ ਵਲੋਂ ਹੁਕਮ ਜਾਰੀ ਕਰ ਕੇ ਕਿਹਾ ਗਿਆ ਹੈ ਕਿ ਕਿਸਾਨਾਂ ਦੇ ਅੰਦੋਲਨ ਨੂੰ ਵੇਖਦੇ ਹੋਏ ਸਰਹੱਦਾਂ ‘ਤੇ ਧਾਰ-144 ਲਾਗੂ ਕੀਤੀ ਜਾਂਦੀ ਹੈ। ਹੁਕਮ ਵਿਚ ਕਿਹਾ ਗਿਆ ਹੈ ਕਿ ਧਾਰਾ-144 ਐਤਵਾਰ ਯਾਨੀ ਕਿ 11 ਫਰਵਰੀ ਤੋਂ 11 ਮਾਰਚ ਤੱਕ ਲਾਗੂ ਰਹੇਗੀ।

## ਅਮਿਤ ਸ਼ਾਹ ਦਾ ਵੱਡਾ ਬਿਆਨ, ਲੋਕ ਸਭਾ ਚੋਣਾਂ ਤੋਂ ਪਹਿਲਾਂ ਲਾਗੂ ਕਰਾਂਗੇ ਸੀ.ਏ.ਏ.

ਏਜੰਸੀਆਂ

ਨਵੀਂ ਦਿੱਲੀ 11 ਫਰਵਰੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੇ ਸਨੀਵਾਰ ਨੂੰ ਦਾਅਵਾ ਕੀਤਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ 370 ਸੀਟਾਂ ਮਿਲਣਗੀਆਂ ਅਤੇ ਉਸ ਦੀ ਅਗਵਾਈ ਵਾਲੇ ਰਾਸਟਰੀ ਜਨਤਾਂਤਰਿਕ ਗਠਜੋੜ (ਐੱਨ.ਡੀ.ਏ.) ਨੂੰ 400 ਤੋਂ ਵੱਧ ਸੀਟਾਂ ਮਿਲਣਗੀਆਂ ਅਤੇ ਕੇਂਦਰ ਵਿਚ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣੇਗੀ। ਸਾਹ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ‘ਤੇ ਕੋਈ ਸੱਕ ਨਹੀਂ ਹੈ ਅਤੇ ਇੱਥੋਂ ਤੱਕ ਕਿ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਉਨ੍ਹਾਂ ਨੂੰ ਦੁਬਾਰਾ ਵਿਰੋਧੀ ਧਿਰ ‘ਚ ਬੈਠਣਾ ਪਵੇਗਾ। ਉਨ੍ਹਾਂ ਨੇ ‘ਈਟੀ ਨਾਓ ਗਲੋਬਲ ਬਿਜਨੈੱਸ ਸਮਿਟ 2024‘ ‘ਚ ਕਿਹਾ,“ਅਸੀਂ (ਜਿਸ ਨੇ ਜੰਮੂ ਅਤੇ ਕਸਮੀਰ ਨੂੰ ਵਿਸੇਸ ਦਰਜਾ ਦੇਣ ਵਾਲੇ ਸੰਵਿਧਾਨ ਦੇ) ਧਾਰਾ 370 ਨੂੰ ਰੱਦ ਕਰ ਦਿੱਤਾ ਹੈ, ਇਸ ਲਈ ਸਾਨੂੰ ਭਰੋਸਾ ਹੈ ਕਿ ਦੇਸ ਦੇ ਲੋਕ ਭਾਜਪਾ ਨੂੰ 370 ਸੀਟਾਂ ਅਤੇ ਰਾਜਗ ਨੂੰ 400 ਤੋਂ ਵੱਧ ਸੀਟਾਂ ‘ਤੇ ਜਿੱਤ ਦਿਵਾ ਕੇ ਆਪਣਾ



ਆਸ਼ੀਰਵਾਦ ਦੇਵੇਗੀ।“ ਉਨ੍ਹਾਂ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਦੀ ‘ਭਾਰਤ ਜੋੜੋ ਯਾਤਰਾ’ ਬਾਰੇ ਪੁੱਛੇ ਜਾਣ ‘ਤੇ ਕਿਹਾ ਕਿ ਨਹਿਰੂ-ਗਾਂਧੀ ਵੰਸ਼ਜ ਨੂੰ ਇਸ ਤਰ੍ਹਾਂ ਦੀ ਯਾਤਰਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ, ਕਿਉਂਕਿ 1947 ‘ਚ ਦੇਸ਼ ਦੀ ਵੰਡ ਲਈ ਉਨ੍ਹਾਂ ਦੀ ਪਾਰਟੀ ਜਿ਼ੰਮੇਵਾਰ ਸੀ। ਸ਼ਾਹ ਨੇ ਅਯੁੱਧਿਆ ‘ਚ ਰਾਮ ਮੰਦਰ ਨੂੰ ਲੈ ਕੇ ਕਿਹਾ ਕਿ ਇਸ ਤੋਂ ਪਹਿਲਾਂ ਤੁਸ਼ਟੀਕਰਨ ਦੀ ਰਾਜਨੀਤੀ ਕਾਰਨ ਅਤੇ ਕਾਨੂੰਨ ਵਿਵਸਥਾ ਦਾ ਹਵਾਲਾ ਦੇ ਕੇ ਰਾਮ ਮੰਦਰ ਨਹੀਂ ਬਣਨ ਦਿੱਤਾ ਗਿਆ। ਸ਼ਾਹ ਨੇ ਸੋਧ ਨਾਗਰਿਕਤਾ ਕਾਨੂੰਨ (ਸੀ.ਏ.ਏ.) ‘ਤੇ ਕਿਹਾ ਕਿ 2019 ‘ਚ ਬਣਿਆ ਕਾਨੂੰਨ ਇਸ ਸੰਬੰਧ ‘ਚ ਨਿਯਮ ਜਾਰੀ ਕਰਨ ਤੋਂ ਬਾਅਦ ਲੋਕ ਸਭਾ ਚੋਣਾਂ ਤੋਂ ਪਹਿਲਾਂ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ,“ਸਾਡੇ ਮੁਸਲਿਮ ਭਰਾਵਾਂ ਨੂੰ (ਸੀ.ਏ.ਏ. ਖਿ਼ਲਾਫ) ਗੁੰਮਰਾਹ ਕੀਤਾ ਜਾ ਰਿਹਾ ਹੈ ਅਤੇ ਭੜਕਾਇਆ ਜਾ ਰਿਹਾ ਹੈ। ਸੀ.ਏ.ਏ. ਸਿਰਫ ਉਨ੍ਹਾਂ ਲੋਕਾਂ ਨੂੰ ਨਾਗਰਿਕਤਾ ਦੇਣ ਲਈ ਹੈ ਜੋ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾਦੇਸ਼ ‘ਚ ਉਤਪੀੜਨ ਦਾ ਸਾਹਮਣਾ ਕਰਨ ਤੋਂ ਬਾਅਦ ਭਾਰਤ ਆਏ ਸਨ। ਇਹ ਕਿਸੇ ਵੀ ਭਾਰਤੀ ਨਾਗਰਿਕਤਾ ਨੂੰ ਖੋਹਣ ਲਈ ਨਹੀਂ ਹੈ।“ ਸ਼ਾਹ ਨੇ ਸਮਾਨ ਸਿਵਲ ਕੋਡ (ਯੂ.ਸੀ.ਸੀ.) ‘ਤੇ ਕਿਹਾ ਕਿ ਇਹ ਇਕ ਸੰਵਿਧਾਨਕ ਏਜੰਡਾ ਹੈ, ਜਿਸ ‘ਤੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਅਤੇ ਹੋਰ ਨੇ ਦਸਤਖਤ ਕੀਤੇ ਹਨ।

## ਕਾਂਗਰਸ ਛੱਡਣ ਵਾਲੇ ਬਾਬਾ ਸਿੱਦੀਕੀ ਅਜੀਤ ਪਵਾਰ ਦੀ ਅਗਵਾਈ ਵਾਲੀ ਐਨਸੀਪੀ ‘ਚ ਸ਼ਾਮਲ

ਮੁੰਬਈ 11 ਫਰਵਰੀ। ਮਹਾਰਾਸਟਰ ਦੇ ਸਾਬਕਾ ਮੰਤਰੀ ਅਤੇ ਮੁੰਬਈ ‘ਚ ਕਾਂਗਰਸ ਦੇ ਮੁਸਲਿਮ ਨੇਤਾ ਬਾਬਾ ਸਿੱਦੀਕੀ ਸਨੀਵਾਰ ਨੂੰ ਅਜੀਤ ਪਵਾਰ ਦੀ ਅਗਵਾਈ ਵਾਲੀ ਰਾਸਟਰਵਾਦੀ ਕਾਂਗਰਸ



ਪਾਰਟੀ (ਐੱਨ.ਸੀ.ਪੀ.) ‘ਚ ਸਾਮਲ ਹੋ ਗਏ। ਉਪ ਮੁੱਖ ਮੰਤਰੀ ਅਜੀਤ ਪਵਾਰ, ਐੱਨ.ਸੀ.ਪੀ. (ਅਜੀਤ ਧੜੇ) ਦੇ ਕਾਰਜਕਾਰੀ ਪ੍ਰਧਾਨ ਪ੍ਰਫੁੱਲ ਪਟੇਲ ਅਤੇ ਸੂਬਾ ਇਕਾਈ ਦੇ ਪ੍ਰਧਾਨ ਸੁਨੀਲ ਤਤਕਰੇ ਸਮੇਤ ਚੋਟੀ ਦੇ ਨੇਤਾਵਾਂ ਨੇ ਉਨ੍ਹਾਂ ਦਾ ਪਾਰਟੀ ਵਿਚ ਸਵਾਗਤ ਕੀਤਾ। ਸਿੱਦੀਕੀ ਨੇ ਇਸ ਹਫਤੇ ਦੇ ਸੁਰੂ ‘ਚ ਕਾਂਗਰਸ ਛੱਡ ਦਿੱਤੀ ਸੀ। ਇਸ ਮੌਕੇ ਸਿੱਦੀਕੀ ਨੇ ਮਰਹੂਮ ਕਾਂਗਰਸੀ ਸੰਸਦ ਮੈਂਬਰ ਸੁਨੀਲ ਦੱਤ ਦੀ ਆਪਣੇ ਸਿਆਸੀ ਕਰੀਅਰ ਵਿੱਚ ਭੂਮਿਕਾ ਨੂੰ ਮੰਨਿਆ। ਸਿੱਦੀਕੀ ਨੇ ਕਿਹਾ ਕਿ ਉਨ੍ਹਾਂ ਨੇ ਐੱਨ.ਸੀ.ਪੀ. ਵਿੱਚ ਸਾਮਲ ਹੋਣ ਤੋਂ ਪਹਿਲਾਂ ਆਪਣੇ ਵਿਧਾਇਕ ਪੁੱਤਰ ਜੀਸਾਨ ਸਿੱਦੀਕੀ ਅਤੇ ਕਾਂਗਰਸ ਦੀ ਸਾਬਕਾ ਸੰਸਦ ਮੈਂਬਰ ਪ੍ਰਿਆ ਦੱਤ ਤੋਂ ਸਲਾਹ ਲਈ ਸੀ। ਸਿੱਦੀਕੀ, ਮੁੰਬਈ ਕਾਂਗਰਸ ਦਾ ਇੱਕ ਪ੍ਰਮੁੱਖ ਮੁਸਲਿਮ ਚਿਹਰਾ, ਮਹਾਰਾਸਟਰ ਵਿੱਚ ਕਾਂਗਰਸ-ਐੱਨ.ਸੀ.ਪੀ. ਗੱਠਜੋੜ ਸਰਕਾਰ ਵਿੱਚ ਵੀ ਮੰਤਰੀ ਰਹਿ ਚੁੱਕੇ ਹਨ। ਉਨ੍ਹਾਂ ਦਾ ਪੁੱਤਰ ਜੀਸਾਨ ਸਿੱਦੀਕੀ ਬਾਂਦਰਾ (ਪੂਰਬੀ) ਤੋਂ ਕਾਂਗਰਸ ਵਿਧਾਇਕ ਹਨ ਪਰ ਉਹ ਅਜੇ ਵੀ ਕਾਂਗਰਸ ਦੇ ਨਾਲ ਹਨ।

## ਅਸਾਮ ਕੈਬਨਿਟ ਨੇ ‘ਜਾਦੂਈ ਉਪਚਾਰ’ ‘ਤੇ ਪਾਬੰਦੀ ਲਗਾਉਣ ਵਾਲੇ ਬਿੱਲ ਨੂੰ ਦਿੱਤੀ ਮਨਜੂਰੀ

ਗੁਹਾਟੀ 11 ਫਰਵਰੀ। ਅਸਾਮ ਸਰਕਾਰ ਨੇ ਸ਼ਨੀਵਾਰ ਨੂੰ ਇਲਾਜ ਦੇ ਨਾਂ ‘ਤੇ ‘ਜਾਦੂਈ ਉਪਚਾਰ’ ਦੀਆਂ ਪ੍ਰਥਾਵਾਂ ‘ਤੇ ਪਾਬੰਦੀ ਲਗਾਉਣ ਅਤੇ ਖਤਮ ਕਰਨ ਲਈ ਇਕ ਬਿੱਲ ਨੂੰ ਮਨਜੂਰੀ ਦਿੱਤੀ। ਇਸ ਬਿੱਲ ਵਿੱਚ ਅਜਿਹੇ ਇਲਾਜ ਕਰਨ ਵਾਲਿਆਂ ਖਿ਼ਲਾਫ ਸਖਤ ਕਾਰਵਾਈ ਦਾ ਪ੍ਰਬੰਧ ਹੈ। ਇਹ ਫੈਸਲਾ ਮੁੱਖ ਮੰਤਰੀ ਹਿਮੰਤ ਬਿਸ਼ਵ ਸ਼ਰਮਾ ਦੀ ਪ੍ਰਧਾਨਗੀ ਵਿੱਚ ਹੋਈ ਕੈਬਨਿਟ ਬੈਠਕ ਵਿੱਚ ਲਿਆ ਗਿਆ। ਬੈਠਕ ਵਿੱਚ ਲਏ ਗਏ ਫੈਸਲਿਆਂ ਨੂੰ ਸਾਂਝਾ ਕਰਦੇ ਹੋਏ ਸ਼ਰਮਾ ਨੇ ਕਿਹਾ ਕਿ ਕੈਬਨਿਟ ਨੇ ਇਕ ਸਰਮਪਿਤ ਟਿਕਾਊ ਵਿਕਾਸ ਪ੍ਰੋਗਰਾਮ ਲੀ 10 ਸ਼ਹਿਰਾਂ ਦੀ ਵੀ ਚੋਣ ਕੀਤੀ ਅਤੇ ਸੂਬਾ ਮਿਉਂਸਪਲ ਕੈਡਰ ਵਿੱਚ ਸੁਧਾਰ ਲਿਆਉਣ ਦਾ ਪ੍ਰਸਤਾਵ ਰੱਖਿਆ। ਮੰਤਰੀ ਪ੍ਰੀਸ਼ਦ ਨੇ ਅਸਾਮ ਉਪਚਾਰ ਪ੍ਰਥਾ ਬਿੱਲ 2024 ਨੂੰ ਮਨਜੂਰੀ ਦੇ ਦਿੱਤੀ। ਬਿੱਲ ਦਾ ਉਦੇਸ਼ ਜਮਾਂਦਰੂ ਬਿਮਾਰੀਆਂ ਜਿਵੇਂ ਬੋਲੇਪਣ, ਗੁੰਗੇਪਣ, ਅੰਨ੍ਹੇਪਣ, ਸਰੀਰਕ ਵਿਗਾੜ ਅਤੇ ਔਟਿਜਮ ਦੇ ਇਲਾਜ ਦੇ ਨਾਮ ‘ਤੇ ਜਾਦੂਈ ਇਲਾਜ ਦੀਆਂ ਪ੍ਰਥਾਵਾਂ ਨੂੰ ਰੋਕਣਾ ਅਤੇ ਖਤਮ ਕਰਨਾ ਹੈ।

## ਅਜੀਤ ਰਾਹੀਂ ਬਾਰਾਮਤੀ ਸਮੇਤ ਸਾਰੀਆਂ 4 ਸੀਟਾਂ ਪਵਾਰ ਕੋਲੋਂ ਖੋਹਣ ਦੀ ਤਿਆਰੀ

ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 11 ਫਰਵਰੀ। ਭਾਜਪਾ ਹਾਈ ਕਮਾਂਡ ਲੋਕ ਸਭਾ ਦੀਆਂ ਚੋਣਾਂ ਦੌਰਾਨ ਆਪਣੀਆਂ ਸੀਟਾਂ ਅਤੇ ਵੋਟਾਂ ਦੀ ਗਿਣਤੀ ਵਧਾਉਣ ਲਈ ਦ੍ਰਿੜ ਸੰਕਲਪ ਹੈ। ਉਹ ਸੂਬਿਆਂ ਵਿੱਚ ਆਪਣੇ ਸਹਿਯੋਗੀਆਂ ਨੂੰ ਵਧੀਆ ਪ੍ਰਦਰਸ਼ਨ ਕਰਨ ਲਈ ਕਹਿ ਰਹੀ ਹੈ। ਇਸ ਰਣਨੀਤੀ ਦੇ ਹਿੱਸੇ ਵਜੋਂ ਉਹ ਮਹਾਰਾਸਟਰ ਵਿੱਚ ਆਪਣੇ ਮੁੱਖ ਸਹਿਯੋਗੀ ਅਜੀਤ ਪਵਾਰ ਦੀ ਅਗਵਾਈ ਵਾਲੀ ਐੱਨ. ਸੀ. ਪੀ. ਨੂੰ ਬਾਰਾਮਤੀ, ਸਤਾਰਾ, ਸਿ਼ਰੂਰ ਅਤੇ ਰਾਏਗੜ੍ਹ ਵਰਗੀਆਂ ਲੋਕ ਸਭਾ ਦੀਆਂ ਸਾਰੀਆਂ 4 ਸੀਟਾਂ ਖੋਹਣ ਲਈ ਜੋਰ ਦੇ ਰਹੀ ਹੈ, ਜੋ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਐੱਨ. ਸੀ. ਪੀ. ਦੇ ਸਰਦ ਪਵਾਰ ਧੜੇ ਵਲੋਂ ਜਿੱਤੀਆਂ ਗਈਆਂ ਸਨ। ਸਰਦ ਪਵਾਰ ਨੇ ਆਪਣੀ ਰਵਾਇਤੀ ਬਾਰਾਮਤੀ ਲੋਕ ਸਭਾ ਸੀਟ ਤੋਂ ਆਪਣੀ ਬੇਟੀ ਸੁਪ੍ਰਿਆ ਸੁਲੇ ਨੂੰ ਇਹ ਸਪੱਸਟ ਸੰਦੇਸ ਦੇਣ ਲਈ ਮੈਦਾਨ ਵਿੱਚ ਉਤਾਰਿਆ ਸੀ ਕਿ ਉਹ ਉਨ੍ਹਾਂ ਦੀ ਜਾਨਸ਼ੀਨ ਹੋਵੇਗੀ ਪਰ ਸਥਿਤੀ ਨੇ ਉਦੋਂ ਨਾਟਕੀ ਮੋੜ ਲੈ ਲਿਆ ਜਦੋਂ ਅਜੀਤ ਪਵਾਰ ਨੇ ‘ਤਖਤਾ ਪਲਟ’ ਕੀਤਾ ਅਤੇ ਉਹ ਬਹੁਗਿਣਤੀ ਵਾਲੇ



ਵਿਧਾਇਕਾਂ ਨਾਲ ਚਲੇ ਗਏ। ਉਨ੍ਹਾਂ 40 ਤੋਂ ਵੱਧ ਵਿਧਾਇਕਾਂ ਨਾਲ ਮਿਲ ਕੇ ਊਧਵ ਸਰਕਾਰ ਨੂੰ ਡੇਗਣ ਲਈ ਭਾਜਪਾ ਨਾਲ ਹੱਥ ਮਿਲਾ ਲਿਆ। ਦਿੱਲੀ ਸਥਿਤ ਭਾਜਪਾ ਹੈੱਡਕੁਆਰਟਰ ਤੋਂ ਆ ਰਹੀਆਂ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਅਜੀਤ ਪਵਾਰ ਨੂੰ ਸੁਪ੍ਰਿਆ ਸੁਲੇ ਵਿਰੁੱਧ ਬਾਰਾਮਤੀ ਲੋਕ ਸਭਾ ਤੋਂ ਆਪਣੀ ਪਤਨੀ ਨੂੰ ਚੋਣ ਮੈਦਾਨ ਵਿੱਚ ਉਤਾਰਨ ਲਈ ਕਿਹਾ ਜਾ ਰਿਹਾ ਹੈ। ਇਹ ਇਸ ਤੱਥ ਦੇ ਬਾਵਜੂਦ ਹੈ ਕਿ ਪੀ. ਐੱਮ. ਮੋਦੀ ਅਤੇ ਪਵਾਰ ਵਿਚਾਲੇ ਦਹਾਕਿਆਂ ਤੋਂ ਨਿੱਜੀ ਕੈਮਿਸਟਰੀ ਰਹੀ ਹੈ, ਪਰ ਹੁਣ ਸਮਾਂ ਬਦਲ ਗਿਆ ਹੈ। ਜੇ ਅੰਦਰੂਨੀ ਸੂਤਰਾਂ ਦੀ ਮੰਨੀਏ ਤਾਂ ਭਾਜਪਾ ਇਸ ਮਹੀਨੇ ਹੋਣ ਵਾਲੀਆਂ ਦੋ-ਸਾਲਾ ਚੋਣਾਂ ਵਿਚ ਰਾਜ ਸਭਾ ਦੀਆਂ ਸਾਰੀਆਂ 6 ਸੀਟਾਂ ਜਿੱਤਣ ਦੀ ਰਣਨੀਤੀ ਬਣਾ ਰਹੀ ਹੈ। 288 ਦੇ ਹਾਊਸ ਵਿੱਚ ਕਾਂਗਰਸ ਦੇ 41 ਵਿਧਾਇਕ ਹਨ। ਨਾ ਤਾਂ ਐੱਨ. ਸੀ. ਪੀ. (ਪਵਾਰ) ਅਤੇ ਨਾ ਹੀ ਸ਼ਿਵ ਸੈਨਾ (ਊਧਵ) ਆਪਣੇ ਦਮ ’ਤੇ ਕੋਈ ਸੀਟ ਜਿੱਤ ਸਕਦੇ ਹਨ। ਖਬਰਾਂ ਹਨ ਕਿ ਸੀਨੀਅਰ ਪਵਾਰ ਸੋਕ ਸਭਾ ਦੀਆਂ ਚੋਣਾਂ ਦੌਰਾਨ ਬਾਰਾਮਤੀ ਵਿੱਚ ਹਮਦਰਦੀ ਦੇ ਕਾਰਕ ਦਾ ਸਹਾਰਾ ਲੈ ਕੇ ਅਪੀਲ ਕਰ ਸਕਦੇ ਹਨ ਕਿ ਇਹ ਉਨ੍ਹਾਂ ਦੇ ਜੀਵਨ ਦੀ ਆਖਰੀ ਚੋਣ ਹੋਵੇਗੀ।

## ਹੁਣ 13 ਖੇਤਰੀ ਭਾਸਾਵਾਂ ‘ਚ ਹੋਵੇਗੀ ਕਾਂਸਟੇਬਲ ਭਰਤੀ ਪ੍ਰੀਖਿਆ, ਪੰਜਾਬੀ ਭਾਸ਼ਾ ਨੂੰ ਵੀ ਕੀਤਾ ਸ਼ਾਮਲ

ਨਵੀਂ ਦਿੱਲੀ 11 ਫਰਵਰੀ। ਕੇਂਦਰੀ ਹਥਿਆਰਬੰਦ ਪੁਲਸ ਬਲਾਂ ‘ਚ ਕਾਂਸਟੇਬਲਾਂ ਦੀ ਭਰਤੀ ਲਈ ਪਹਿਲੀ ਵਾਰ ਕਾਂਸਟੇਬਲ (ਜੀ.ਡੀ.) ਪ੍ਰੀਖਿਆ ਹਿੰਦੀ ਅਤੇ ਅੰਗਰੇਜੀ ਤੋਂ ਇਲਾਵਾ 13 ਖੇਤਰੀ ਭਾਸਾਵਾਂ ‘ਚ ਕਰਵਾਈ ਜਾਵੇਗੀ। ਇਹ ਪ੍ਰੀਖਿਆ 20 ਫਰਵਰੀ ਤੋਂ 7 ਮਾਰਚ, 2024 ਤੱਕ ਦੇਸ ਭਰ ਦੇ 128 ਸਹਿਰਾਂ ਵਿਚ ਲਗਭਗ 48 ਲੱਖ ਉਮੀਦਵਾਰਾਂ ਲਈ ਕਰਵਾਈ ਜਾਵੇਗੀ। ਗ੍ਰਹਿ ਮੰਤਰਾਲੇ ਨੇ ਕੇਂਦਰੀ ਹਥਿਆਰਬੰਦ ਪੁਲਸ ਬਲਾਂ ‘ਚ ਭਰਤੀ ਲਈ ਕਾਂਸਟੇਬਲ (ਜਨਰਲ ਡਿਊਟੀ) ਪ੍ਰੀਖਿਆ 1 ਜਨਵਰੀ ਤੋਂ ਹਿੰਦੀ ਅਤੇ ਅੰਗਰੇਜੀ ਤੋਂ ਇਲਾਵਾ 13 ਖੇਤਰੀ ਭਾਸਾਵਾਂ ‘ਚ ਕਰਵਾਉਣ ਦਾ ਫੈਸਲਾ ਕੀਤਾ ਸੀ। ਇਹ ਇਤਿਹਾਸਕ ਫੈਸਲਾ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਪਹਿਲ ‘ਤੇ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ ‘ਚ ਸਥਾਨਕ ਨੌਜਵਾਨਾਂ ਦੀ ਭਾਗੀਦਾਰੀ ਵਧਾਉਣ ਅਤੇ ਖੇਤਰੀ ਭਾਸਾਵਾਂ ਨੂੰ ਉਤਸਾਹਿਤ ਕਰਨ ਲਈ ਲਿਆ ਗਿਆ ਹੈ। ਕਾਂਸਟੇਬਲ (ਜਨਰਲ ਡਿਊਟੀ) ਪ੍ਰੀਖਿਆ ਦੇ ਪ੍ਰਸਨ ਪੱਤਰ ਹੁਣ ਹਿੰਦੀ ਅਤੇ ਅੰਗਰੇਜੀ ਤੋਂ ਇਲਾਵਾ 13 ਖੇਤਰੀ ਭਾਸਾਵਾਂ ‘ਚ ਤਿਆਰ ਕੀਤੇ ਜਾਣਗੇ।

## ਕੇਂਦਰ ਸਰਕਾਰ 13 ਫਰਵਰੀ ਤੋਂ ਪਹਿਲਾਂ ਮੰਗਾਂ ਦਾ ਦੇਵੇ ਜਵਾਬ

ਤੇਜਿੰਦਰ ਕੌਰ ਬੱਬਰ

ਚੰਡੀਗੜ੍ਹ 11 ਫਰਵਰੀ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ 13 ਫਰਵਰੀ ਨੂੰ ਦਿੱਲੀ ਵੱਲ ਮਾਰਚ ਕਰਨ ‘ਤੇ ਅੜੇ ਹਨ। ਕਿਸਾਨ ਆਗੂਆਂ ਦਾ ਕਹਿਣਾ ਹੈ ਕਿ ਜੇਕਰ ਕੇਂਦਰ ਸਰਕਾਰ ਦੋ ਦਿਨਾਂ ਵਿੱਚ ਸਾਰੀਆਂ ਮੰਗਾਂ ਮੰਨ ਲੈਂਦੀ ਹੈ ਤਾਂ ਉਹ ਅੰਦੋਲਨ ਮੁਲਤਵੀ ਕਰਨ ਦਾ ਫੈਸਲਾ ਲੈਣਗੇ। ਜੇਕਰ ਦੋ ਦਿਨਾਂ ਵਿੱਚ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਅਸੀਂ ਦਿੱਲੀ ਵੱਲ ਮਾਰਚ ਕਰਾਂਗੇ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜਦੂਰ ਮੋਰਚਾ (ਕੁੱਲ 26. ਕਿਸਾਨ ਜਥੇਬੰਦੀਆਂ) ਨੇ ਹੋਰ ਕਿਸਾਨ ਜਥੇਬੰਦੀਆਂ ਨੂੰ ਵੀ ਇਸ ਅੰਦੋਲਨ ਵਿੱਚ ਸਾਮਲ ਹੋਣ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ 32 ਕਿਸਾਨ ਯੂਨੀਅਨਾਂ ਦੇ ਮੰਚ ਸੰਯੁਕਤ ਕਿਸਾਨ ਮੋਰਚਾ (ਲੱਖੋਵਾਲ ਗਰੁੱਪ), ਬੀਕੇਯੂ ਉਗਰਾਹਾਂ ਗਰੁੱਪ ਨੇ ਦਿੱਲੀ ਮਾਰਚ ਵਿੱਚ ਹਿੱਸਾ ਨਾ ਲੈਣ ਦਾ ਐਲਾਨ ਕੀਤਾ ਹੈ ਅਤੇ 16 ਫਰਵਰੀ ਨੂੰ ਭਾਰਤ ਬੰਦ ਕਾਰਨ ਪੰਜਾਬ ‘ਚ ਹੀ ਰਹਿਣਗੇ। ਲੱਖੋਵਾਲ ਦੇ ਸੂਬਾ ਪ੍ਰਧਾਨ ਹਰਿੰਦਰ ਸਿੰਘ ਲੱਖੋਵਾਲ ਨੇ ਸੁੱਕਰਵਾਰ ਨੂੰ ਚੰਡੀਗੜ੍ਹ ਕਿਸਾਨ ਭਵਨ ਵਿਖੇ ਸਮੂਹ ਟਰੇਡ ਯੂਨੀਅਨਾਂ ਨਾਲ ਮੀਟਿੰਗ ਕਰਨ ਉਪਰੰਤ ਕਿਹਾ ਕਿ ਕਿਸਾਨਾਂ ਦੀਆਂ ਮੰਗਾਂ ਕੇਂਦਰ ਅਤੇ ਪੰਜਾਬ ਸਰਕਾਰਾਂ ਨਾਲ ਸਬੰਧਤ ਹਨ। ਇਸ ਲਈ ਮੋਰਚਾ ਭਾਰਤ ਬੰਦ ਦਾ ਸਮਰਥਨ ਕਰੇਗਾ। ਉਗਰਾਹਾਂ ਦੇ ਮੁਖੀ ਜੋਗਿੰਦਰ



ਸਿੰਘ ਨੇ ਦੱਸਿਆ ਕਿ ਉਹ ਸੂਬੇ ਦੇ 16 ਜਿ਼ਲ੍ਹਿਆਂ ਵਿੱਚ ਪਹਿਲਾਂ ਹੀ ਠੋਸ ਮੋਰਚੇ ਬਣਾ ਚੁੱਕੇ ਹਨ। 16 ਨੂੰ 400 ਕਿਸਾਨ ਜਥੇਬੰਦੀਆਂ ਰਾਸਟਰੀ ਸੰਯੁਕਤ ਕਿਸਾਨ ਮੋਰਚਾ ਦੇ ਬੈਨਰ ਹੇਠ ਦੇਸ ਭਰ ਵਿੱਚ ਰੋਸ ਪ੍ਰਦਰਸਨ ਕਰਨਗੀਆਂ। ਉਨ੍ਹਾਂ ਕਿਹਾ ਇੱਥੇ ਪੰਜਾਬ ਦੇ ਪਿੰਡਾਂ ਵਿੱਚ ਰੂਟ ਪਲਾਨ ਤਿਆਰ ਕਰਨ ਸਮੇਤ ਐਲਾਨ ਹੋਣੇ ਸੁਰੂ ਹੋ ਗਏ ਹਨ। ਟਰੈਕਟਰਾਂ ਅਤੇ ਟਰਾਲੀਆਂ ਨੂੰ ਤਰਪਾਲਾਂ ਨਾਲ ਟੈਂਟਾਂ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਮੂਵਮੈਂਟ-2 ਕੰਕਰੀਟ ਮੋਰਚਾ ਹੋਵੇਗਾ, ਇਸ ਲਈ ਰਾਸਨ, ਭਾਂਡੇ ਅਤੇ ਕੱਪੜੇ ਇਕੱਠੇ ਕੀਤੇ ਜਾ ਰਹੇ ਹਨ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜਦੂਰ ਮੋਰਚਾ 13 ਫਰਵਰੀ ਨੂੰ ਸਵੇਰੇ 5 ਵਜੇ ਰਵਾਨਾ ਹੋਵੇਗਾ। ਬਜੁਰਗ ਔਰਤਾਂ ਅਤੇ ਨੌਜਵਾਨ ਤਿੰਨ ਵੱਡੇ ਕਾਫਲਿਆਂ ‘ਚ ਤਿੰਨ ਵੱਖ-ਵੱਖ ਰਸਤਿਆਂ ਤੋਂ ਲੰਘਣਗੇ। ਦਿੱਲੀ ਜਾਣ ਲਈ ਪੰਜਾਬ ਦੇ ਕਿਸਾਨ ਸ਼ੰਭੂ, ਡੱਬਵਾਲੀ ਅਤੇ ਖਨੌਰੀ ਬਾਰਡਰ ਤੋਂ ਹਰਿਆਣਾ ਵਿੱਚ ਦਾਖਲ ਹੋਣਗੇ ਅਤੇ ਦਿੱਲੀ ਲਈ ਰਵਾਨਾ ਹੋਣਗੇ। ਇਸੇ ਤਰ੍ਹਾਂ ਹਰਿਆਣਾ ਤੋਂ ਸਿੰਧੂ ਬਾਰਡਰ, ਝੱਜਰ, ਰੇਵਾੜੀ ਆਦਿ ਦੇ ਕਿਸਾਨ ਵੀ ਕਾਫਲੇ ਵਿਚ ਸਾਮਲ ਹੋਣਗੇ। ਪੰਜਾਬ ‘ਚ ਇਸ ਵੇਲੇ ਮੋਰਚੇ ਪੁਲਸ ਵੱਲੋਂ ਮੋਰਚੇ ਨੂੰ ਰੋਕਣ ਦੀ ਕੋਈ ਸਮੱਸਿਆ ਨਹੀਂ ਹੈ ਪਰ ਹਰਿਆਣਾ ਦੇ ਕਈ ਕਿਸਾਨਾਂ ਨੂੰ ਹਿਰਾਸਤ ‘ਚ ਲਿਆ ਗਿਆ ਹੈ ਪਰ ਫਿਰ ਵੀ ਪੁਲਸ ਕਿਸਾਨਾਂ ਦੇ ਹੌਂਸਲੇ ਨੂੰ ਨਹੀਂ ਤੋੜ ਸਕੇਗੀ। ਕਿਸਾਨਾਂ ਅਤੇ ਹਰਿਆਣਾ ਪ੍ਰਸਾਸਨ ਦਰਮਿਆਨ ਕੁੜੱਤਣ ਵਾਲੇ ਮਾਹੌਲ ਕਾਰਨ ਪੰਜਾਬ ਸਰਕਾਰ ਸੰਭਾਵੀ ਟਕਰਾਅ ਤੋਂ ਬਚਣ ਦੀ ਕੋਸਿ਼ਸ ਕਰ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਖੁਦ ਇਸ ਮਾਮਲੇ ਦੀ ਜਿ਼ੰਮੇਵਾਰੀ ਲੈ ਰਹੇ ਹਨ ਅਤੇ ਕੇਂਦਰ ਸਰਕਾਰ ਨਾਲ ਸਿੱਧੇ ਸੰਪਰਕ ਵਿੱਚ ਹਨ। ਸੁੱਕਰਵਾਰ ਨੂੰ ਅਧਿਕਾਰੀਆਂ ਨੂੰ ਦਿੱਤੇ ਨਿਰਦੇਸਾਂ ‘ਚ ਇਹ ਕਿਹਾ ਗਿਆ ਹੈ ਕਿ ਜੇਕਰ ਕੇਂਦਰ ਤੋਂ ਕਿਸਾਨਾਂ ਨਾਲ ਸਬੰਧਤ ਕੋਈ ਜਾਣਕਾਰੀ ਮੰਗੀ ਜਾਂਦੀ ਹੈ, ਤਾਂ ਪਹਿਲ ਦੇ ਆਧਾਰ ‘ਤੇ ਮੁਹੱਈਆ ਕਰਵਾਈ ਜਾਵੇ। ਇਸ ਕੰਮ ਵਿੱਚ ਕੋਈ ਦੇਰੀ ਨਹੀਂ ਹੋਣੀ ਚਾਹੀਦੀ। ਵਿਭਾਗ ਨੂੰ ਆਪਣਾ ਰਿਕਾਰਡ ਤਿਆਰ ਰੱਖਣਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਸਾਨੂੰ ਕਿਸਾਨਾਂ ਨਾਲ ਵੱਖਰੀ ਪੰਜਾਬ ਪੱਧਰੀ ਮੀਟਿੰਗ ਕਰਨੀ ਪਵੇ ਤਾਂ ਵੀ ਅਸੀਂ ਪਿੱਛੇ ਨਹੀਂ ਹਟਾਂਗੇ।

## ਮਨੀ ਲਾਂਡਰਿੰਗ ਮਾਮਲਾ: ਈਡੀ ਨੇ ਕਾਂਗਰਸ ਸੰਸਦ ਮੈਂਬਰ ਧੀਰਜ ਸਾਹੂ ਤੋਂ ਕੀਤੀ 11 ਘੰਟੇ ਤੱਕ ਪੁੱਛਗਿੱਛ

ਰਾਂਚੀ 11 ਫਰਵਰੀ। ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਸਨੀਵਾਰ ਨੂੰ ਝਾਰਖੰਡ ਤੋਂ ਕਾਂਗਰਸ ਦੇ ਰਾਜ ਸਭਾ ਮੈਂਬਰ ਧੀਰਜ ਪ੍ਰਸਾਦ ਸਾਹੂ ਤੋਂ ਕਥਿਤ ਜਮੀਨੀ ਧੋਖਾਧੜੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ‘ਚ 11 ਘੰਟੇ ਤੱਕ ਪੁੱਛਗਿੱਛ ਕੀਤੀ। ਕੇਂਦਰੀ ਏਜੰਸੀ ਨੇ ਹਾਲ ਹੀ ਵਿੱਚ ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਨੂੰ ਵੀ ਇਸੇ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸੀ। ਸਾਹੂ ਸਵੇਰੇ 11 ਵਜੇ ਰਾਂਚੀ ਸਥਿਤ ਈਡੀ ਦਫਤਰ ‘ਚ ਪਹੁੰਚੇ ਅਤੇ ਰਾਤ 10 ਵਜੇ ਉਥੋਂ ਚਲੇ ਗਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਪੁੱਛਗਿੱਛ ਪੂਰੀ ਨਾ ਹੋਣ ਕਾਰਨ ਉਨ੍ਹਾਂ ਨੂੰ ਐਤਵਾਰ ਨੂੰ ਦੁਬਾਰਾ ਪੁੱਛਗਿੱਛ ਲਈ ਬੁਲਾਇਆ ਗਿਆ ਹੈ। ਕਾਂਗਰਸੀ ਸੰਸਦ ਮੈਂਬਰ ਪਿਛਲੇ ਸਾਲ ਦਸੰਬਰ ਵਿੱਚ ਉਸ ਸਮੇਂ ਸੁਰਖੀਆਂ ਵਿੱਚ ਸਨ ਜਦੋਂ ਆਮਦਨ ਕਰ ਵਿਭਾਗ ਨੇ ਓਡੀਸਾ ਸਥਿਤ ਬੌਧ ਡਿਸਟਿਲਰੀ ਪ੍ਰਾਈਵੇਟ ਲਿਮਟਿਡ (ਬੀਡੀਪੀਐੱਲ) ਨਾਲ ਜੁੜੇ ਸਥਾਨਾਂ ਦੀ ਤਲਾਸੀ ਦੌਰਾਨ 351.8 ਕਰੋੜ ਰੁਪਏ ਦੀ ਨਕਦੀ ਜਬਤ ਕੀਤੀ ਸੀ। ਇਸ ਕੰਪਨੀ ਦੇ ਪ੍ਰਮੋਟਰ ਇੱਕ ਕਾਂਗਰਸੀ ਸੰਸਦ ਮੈਂਬਰ ਦੇ ਪਰਿਵਾਰਕ ਮੈਂਬਰ ਹਨ। ਅਧਿਕਾਰੀਆਂ ਨੇ ਦੱਸਿਆ ਕਿ ਈਡੀ ਸਾਹੂ ਦੇ ਸੋਰੇਨ ਨਾਲ ਕਥਿਤ ਸਬੰਧਾਂ ਅਤੇ ਪਿਛਲੇ ਮਹੀਨੇ ਝਾਰਖੰਡ ਮੁਕਤੀ ਮੋਰਚਾ (ਜੇਐੱਮਐੱਮ) ਆਗੂ ਦੇ ਦਿੱਲੀ ਸਥਿਤ ਘਰ ਦੀ ਤਲਾਸੀ ਦੌਰਾਨ ਜਬਤ ਕੀਤੀ ਗਈ ਲਗਜਰੀ ਕਾਰ ਦੇ ਸਬੰਧ ਵਿੱਚ ਬਿਆਨ ਦਰਜ ਕਰ ਰਹੀ ਹੈ। ਅਧਿਕਾਰੀਆਂ ਅਨੁਸਾਰ, ਈਡੀ ਦੇ ਅਧਿਕਾਰੀਆਂ ਨੇ ਦੱਖਣੀ ਦਿੱਲੀ ਵਿੱਚ ਝਾਰਖੰਡ ਸਰਕਾਰ ਦੀ ਲੀਜ ਵਾਲੀ ਰਿਹਾਇਸ ਤੋਂ ਲਗਜਰੀ ਕਾਰ ਦੀਆਂ ਚਾਬੀਆਂ ਲੱਭੀਆਂ ਅਤੇ ਤਲਾਸੀ ਪੂਰੀ ਕਰਨ ਤੋਂ ਬਾਅਦ ਉਹ ਕਾਰ ਨੂੰ ਆਪਣੇ ਨਾਲ ਲੈ ਗਏ। ਅਧਿਕਾਰੀਆਂ ਨੇ ਦੱਸਿਆ ਕਿ ਸਾਹਿਬਗੰਜ ਦੇ ਡਿਪਟੀ ਕਮਿਸਨਰ ਰਾਮਨਿਵਾਸ ਯਾਦਵ ਅਤੇ ਸੋਰੇਨ ਦੇ ਪ੍ਰੈਸ ਸਲਾਹਕਾਰ ਅਭਿਸੇਕ ਪ੍ਰਸਾਦ ਉਰਫ ਪਿੰਟੂ ਵੀ ਸੂਬੇ ਵਿੱਚ ਕਥਿਤ ਗੈਰ-ਕਾਨੂੰਨੀ ਮਾਈਨਿੰਗ ਨਾਲ ਸਬੰਧਤ ਮਨੀ ਲਾਂਡਰਿੰਗ ਜਾਂਚ ਵਿੱਚ ਪੁੱਛਗਿੱਛ ਲਈ ਸਨੀਵਾਰ ਨੂੰ ਈਡੀ ਦੇ ਸਾਹਮਣੇ ਪੇਸ ਹੋਏ। ਈਡੀ ਦੇ ਅਧਿਕਾਰੀਆਂ ਨੇ ਇਸ ਮਾਮਲੇ ਦੇ ਸਬੰਧ ਵਿੱਚ ਸੁੱਕਰਵਾਰ ਨੂੰ ਪ੍ਰਸਾਦ ਤੋਂ ਕਈ ਘੰਟੇ ਪੁੱਛਗਿੱਛ ਕੀਤੀ ਸੀ। ਇਸ ਦੌਰਾਨ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਦੇ ਇਕ ਹੋਰ ਦੋਸੀ ਭਾਨੂ ਪ੍ਰਤਾਪ ਪ੍ਰਸਾਦ ਨੂੰ ਸਨੀਵਾਰ ਨੂੰ ਰਾਂਚੀ ਦੇ ਬਾਰਗੇਨ ਸਰਕਲ ‘ਚ ਜਮੀਨ ਦੇ ਇਕ ਪਲਾਟ ‘ਤੇ ਲਿਜਾਇਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਝਾਰਖੰਡ ਸਰਕਾਰ ਦੇ ਮਾਲ ਵਿਭਾਗ ਦਾ ਸਾਬਕਾ ਸਬ-ਇੰਸਪੈਕਟਰ ਭਾਨੂ ਪ੍ਰਤਾਪ ਪ੍ਰਸਾਦ ਇਸ ਮਾਮਲੇ ਦੇ ਸਬੰਧ ਵਿੱਚ ਈਡੀ ਦੀ ਹਿਰਾਸਤ ਵਿੱਚ ਹੈ ਅਤੇ ਜਾਂਚ ਦੇ ਹਿੱਸੇ ਵਜੋਂ ਉਸ ਨੂੰ ਉੱਥੇ ਲਿਜਾਇਆ ਗਿਆ ਸੀ।

# ਤਿਉਹਾਰੀ ਸੀਜਨ ‘ਚ ਸਥਿਰ ਰਹਿਣਗੀਆਂ ਖਾਣ-ਪੀਣ ਵਾਲੀਆਂ ਜਰੂਰੀ ਵਸਤਾਂ ਦੀਆਂ ਕੀਮਤਾਂ

ਜੈਤੋ 11 ਫਰਵਰੀ। ਖੁਰਾਕ ਅਤੇ ਜਨਤਕ ਵੰਡ ਵਿਭਾਗ ਦੇ ਸਕੱਤਰ ਸ੍ਰੀ ਸੰਜੀਵ ਚੋਪੜਾ ਨੇ ਅੱਜ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤਿਉਹਾਰਾਂ ਦੇ ਸੀਜਨ ਦੌਰਾਨ ਜਰੂਰੀ ਖੁਰਾਕੀ ਵਸਤਾਂ ਦੀਆਂ ਕੀਮਤਾਂ ਸਥਿਰ ਰਹਿਣਗੀਆਂ। ਇਸ ਲਈ ਸਰਕਾਰ ਵੱਲੋਂ ਕੀਮਤਾਂ ਨੂੰ ਸਥਿਰ ਰੱਖਣ ਲਈ ਕਈ ਕਦਮ ਚੁੱਕੇ ਗਏ ਹਨ। ਖੰਡ-ਭਾਰਤ ਸਰਕਾਰ ਨੇ ਅਗਲੇ ਹੁਕਮਾਂ ਤੱਕ ਖੰਡ ਦੇ ਨਿਰਯਾਤ ‘ਤੇ ਪਾਬੰਦੀ ਜਾਰੀ ਰੱਖੀ ਹੈ ਤਾਂ ਜੋ ਸਾਲ ਭਰ ਘਰੇਲੂ ਖਪਤਕਾਰਾਂ ਨੂੰ ਵਾਜਬ ਕੀਮਤਾਂ ‘ਤੇ ਖੰਡ ਦੀ ਉਪਲਬਧਤਾ ਨੂੰ ਯਕੀਨੀ ਬਣਾਇਆ ਜਾ ਸਕੇ। ਸਰਕਾਰ ਦਾ ਇਹ ਕਦਮ ਦੇਸ ਵਿੱਚ ਖੰਡ ਦੇ ਢੁਕਵੇਂ ਸਟਾਕ ਨੂੰ ਵੀ ਯਕੀਨੀ ਬਣਾਏਗਾ ਅਤੇ ਈਥਾਨੌਲ ਬਲੇਂਡਿੰਗ ਵਿਦ ਪੈਟਰੋਲ () ਪ੍ਰੋਗਰਾਮ ਦੇ ਤਹਿਤ ਹਰੇ ਬਾਲਣ ਲਈ ਭਾਰਤ ਦੇ ਯਤਨਾਂ ਨੂੰ ਜਾਰੀ ਰੱਖੇਗਾ। ਵਿਦੇਸੀ ਵਪਾਰ ਡਾਇਰੈਕਟੋਰੇਟ ਜਨਰਲ ਦੀ ਤਾਰੀਖ 18 ਅਕਤੂਬਰ, 2023 ਦੇ ਨੋਟੀਫਿਕੇਸਨ ਨੰਬਰ 36/2023 ਦੇ ਤਹਿਤ, ਭਾਰਤ ਸਰਕਾਰ ਨੇ ਐੱਚਐੱਸ ਕੋਡ 17011490 ਅਤੇ 17019990 ਦੇ ਤਹਿਤ ਚੀਨੀ (ਕੱਚੀ ਚੀਨੀ, ਚਿੱਟੀ ਸੂਗਰ, ਰਿਫਾਇੰਡ ਸੂਗਰ ਅਤੇ ਜੈਵਿਕ ਖੰਡ) ਦੇ ਨਿਰਯਾਤ ‘ਤੇ ਪਾਬੰਦੀ 31 ਅਕਤੂਬਰ, 2023 ਤੋਂ ਅਗਲੇ ਹੁਕਮਾਂ ਤੱਕ ਵਧਾ ਦਿੱਤੀ ਹੈ। ਸਰਕਾਰ ਨੇ ਇਸ ਨੀਤੀ ਨਾਲ 140 ਕਰੋੜ ਘਰੇਲੂ ਖਪਤਕਾਰਾਂ ਦੇ ਹਿੱਤਾਂ ਨੂੰ ਪਹਿਲ ਦੇਣ ਦੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਖਪਤਕਾਰਾਂ ਨੂੰ ਖੰਡ ਦੀ ਉਪਲਬਧਤਾ ਵਿੱਚ ਕੋਈ ਰੁਕਾਵਟ ਨਾ ਆਵੇ।

ਜ਼ਿਕਰਯੋਗ ਹੈ ਕਿ ਭਾਰਤ ‘ਚ ਖੰਡ ਦੀਆਂ ਅੰਤਰਰਾਸਟਰੀ ਕੀਮਤਾਂ 12 ਸਾਲਾਂ ਦੇ ਉੱਚ ਪੱਧਰ ‘ਤੇ ਹੋਣ ਦੇ ਬਾਵਜੂਦ ਭਾਰਤ ‘ਚ ਚੀਨੀ ਦੁਨੀਆ ‘ਚ ਸਭ ਤੋਂ ਸਸਤੀ ਹੈ ਅਤੇ ਦੇਸ ‘ਚ ਖੰਡ ਦੀਆਂ ਕੀਮਤਾਂ ‘ਚ ਸਿਰਫ ਮਾਮੂਲੀ ਵਾਧਾ ਹੋਇਆ ਹੈ, ਜੋ ਕਿਸਾਨਾਂ ਦੇ ਲਈ ਗੰਨੇ ਦੇ ਐੱਫਆਰਪੀ ਵਿੱਚ ਵਾਧੇ ਦੇ ਅਨੁਰੂਪ ਹੈ। ਪ੍ਰਚੂਨ ਖੰਡ ਦੀਆਂ ਕੀਮਤਾਂ ਵਿੱਚ ਪਿਛਲੇ 10 ਸਾਲਾਂ ਵਿੱਚ ਔਸਤ ਮਹਿੰਗਾਈ ਲਗਭਗ 2 ਫੀਸਦੀ ਪ੍ਰਤੀ ਸਾਲ ਰਹੀ ਹੈ। ਇਸ ਤੋਂ ਇਲਾਵਾ ਸਰਕਾਰ ਘਰੇਲੂ ਬਾਜਾਰ ਵਿੱਚ ਖੰਡ ਦੀ ਲੋੜੀਂਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਖੰਡ ਮਿੱਲਾਂ ਦੀ ਮਹੀਨਾਵਾਰ ਡਿਸਪੈਚ ਦੀ ਨਿਗਰਾਨੀ ਕਰ ਰਹੀ ਹੈ। ਸਾਰੇ ਵਪਾਰੀਆਂ/ਥੋਕ ਵਿਕਰੇਤਾਵਾਂ, ਪ੍ਰਚੂਨ ਵਿਕਰੇਤਾਵਾਂ, ਵੱਡੇ ਚੇਨ ਰਿਟੇਲਰਾਂ, ਖੰਡ ਪ੍ਰੋਸੈਸਰਾਂ ਨੂੰ ਪੋਰਟਲ ‘ਤੇ ਆਪਣੇ ਸੂਗਰ ਸਟਾਕ ਦੀ ਸਥਿਤੀ ਦੀ ਰਿਪੋਰਟ ਕਰਨ ਦੇ ਨਿਰਦੇਸ ਦਿੱਤੇ ਗਏ ਹਨ ਤਾਂ ਜੋ ਸਰਕਾਰ ਦੇਸ ਭਰ ਵਿੱਚ ਖੰਡ ਸਟਾਕ ਦੀ ਨਿਗਰਾਨੀ ਕਰ ਸਕੇ। ਇਹਨਾਂ ਉਪਾਵਾਂ ਦਾ ਉਦੇਸ ਖੰਡ ਸੈਕਟਰ ਦੀ ਬਿਹਤਰ ਨਿਗਰਾਨੀ ਨੂੰ ਯਕੀਨੀ ਬਣਾਉਣਾ ਅਤੇ ਬਜਾਰ ਵਿੱਚ ਖੰਡ ਦੀ ਲੋੜੀਂਦੀ ਸਪਲਾਈ ਨੂੰ ਯਕੀਨੀ ਬਣਾਉਣਾ ਹੈ। ਖੰਡ ਨਿਰਯਾਤ ਨੀਤੀ ਖੰਡ ਆਧਾਰਿਤ ਫੀਡਸਟਾਕ ਤੋਂ ਈਥਾਨੌਲ ਉਤਪਾਦਨ ਦੀ ਸਥਿਰਤਾ ਨੂੰ ਵੀ ਯਕੀਨੀ ਬਣਾਏਗੀ। ਭਾਰਤ ਨੇ 2022-23 ਵਿੱਚ ਲਗਭਗ 43 ਖੰਡ ਨੂੰ ਈਥਾਨੌਲ ਵਿੱਚ ਮੋੜ ਦਿੱਤਾ ਹੈ। ਇਸ ਨਾਲ ਖੰਡ ਆਧਾਰਿਤ ਡਿਸਟਿਲਰੀ ਲਈ ਲਗਭਗ 24,000 ਕਰੋੜ ਰੁਪਏ ਦੀ ਆਮਦਨ ਹੋਵੇਗੀ। ਇਸ ਮਾਲੀਏ ਨੇ ਖੰਡ ਉਦਯੋਗ ਨੂੰ ਕਿਸਾਨਾਂ ਦੇ ਗੰਨੇ ਦੇ ਬਕਾਏ ਦੀ ਸਮੇਂ ਸਿਰ ਅਦਾਇਗੀ ਕਰਨ ਅਤੇ ਖੰਡ ਸੈਕਟਰ ਨੂੰ ਆਤਮ ਨਿਰਭਰ ਬਣਾਉਣ ਵਿੱਚ ਮਦਦ ਕੀਤੀ ਹੈ। ਗੰਨੇ ਅਤੇ ਖੰਡ ਬਾਰੇ ਸਹੀ ਸਰਕਾਰੀ ਨੀਤੀਆਂ ਕਾਰਨ ਖੰਡ ਮਿੱਲਾਂ ਨੇ ਲਗਭਗ 1.09 ਲੱਖ ਕਰੋੜ ਰੁਪਏ ਦਾ ਭੁਗਤਾਨ ਕੀਤਾ ਹੈ ਅਤੇ ਇਹ ਇਸ ਤੋਂ ਵੱਧ ਹੈ। ਖੰਡ ਸੀਜਨ 2022-23 ਦੇ ਗੰਨੇ ਦੇ ਬਕਾਏ ਦਾ 95 ਫੀਸਦੀ ਭੁਗਤਾਨ ਕੀਤਾ ਜਾ ਚੁੱਕਾ ਹੈ, ਜਦਕਿ ਪਿਛਲੇ ਸੀਜਨ ਦੇ 99.9 ਫੀਸਦੀ ਗੰਨੇ ਦੇ ਬਕਾਏ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ। ਇਸ ਤਰ੍ਹਾਂ ਗੰਨੇ ਦਾ ਬਕਾਇਆ ਸਭ ਤੋਂ ਘੱਟ ਹੈ ਅਤੇ ਬਾਕੀ ਬਚਦੀ ਰਕਮ ਨੂੰ ਜਲਦੀ ਤੋਂ ਜਲਦੀ ਚੁਕਾਉਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਸਰਕਾਰ ਨੇ ਘਰੇਲੂ ਕੀਮਤਾਂ ਨੂੰ ਕੰਟਰੋਲ ਕਰਨ ਅਤੇ ਘਰੇਲੂ ਖੁਰਾਕ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਉਦੇਸ ਨਾਲ ਭਾਰਤ ਤੋਂ ਚੌਲਾਂ ਦੀ ਬਰਾਮਦ ਨੂੰ ਸੀਮਤ ਕਰਨ ਲਈ ਪਹਿਲਾਂ ਕਈ ਉਪਾਅ ਕੀਤੇ ਹਨ। ਟੁੱਟੇ ਹੋਏ ਚੌਲਾਂ ਦੀ ਬਰਾਮਦ ‘ਤੇ ਪਾਬੰਦੀ ਲਗਾ ਦਿੱਤੀ ਗਈ ਸੀ ਅਤੇ 9 ਸਤੰਬਰ 2022 ਨੂੰ ਗੈਰ-ਬਾਸਮਤੀ ਸਫੈਦ ਚੌਲਾਂ ‘ਤੇ 20 ਫੀਸਦੀ ਦੀ ਬਰਾਮਦ ਡਿਊਟੀ ਲਗਾਈ ਗਈ ਸੀ। ਇਸ ਤੋਂ ਬਾਅਦ 20 ਜੁਲਾਈ, 2023 ਨੂੰ ਗੈਰ-ਬਾਸਮਤੀ ਸਫੈਦ ਚੌਲਾਂ ਦੀ ਬਰਾਮਦ ‘ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਭਾਰਤ ਨੇ ਵਿੱਤੀ ਸਾਲ 2022-23 ਵਿੱਚ 1.78 ਮਿਲੀਅਨ ਟਨ ਗੈਰ-ਬਾਸਮਤੀ ਚੌਲ ਅਤੇ 4.6 ਮਿਲੀਅਨ ਟਨ ਬਾਸਮਤੀ ਚੌਲਾਂ ਦੀ ਬਰਾਮਦ ਕੀਤੀ ਸੀ। ਗੈਰ-ਬਾਸਮਤੀ ਚੌਲਾਂ ਦੇ ਨਿਰਯਾਤ ਵਿੱਚੋਂ, ਲਗਭਗ 7.8-8 ਮਿਲੀਅਨ ਟਨ ਚੌਲਾਂ ਨੂੰ ਉਬਾਲਿਆ ਗਿਆ ਸੀ। 25 ਅਗਸਤ, 2023 ਤੋਂ ਉਬਲੇ ਚੌਲਾਂ ਦੀ ਬਰਾਮਦ ‘ਤੇ 20 ਫੀਸਦੀ ਦੀ ਬਰਾਮਦ ਡਿਊਟੀ ਲਗਾਈ ਗਈ ਹੈ। ਇਹ ਫੀਸ ਪਹਿਲਾਂ 15 ਅਕਤੂਬਰ, 2023 ਤੱਕ ਲਗਾਈ ਗਈ ਸੀ, ਜਿਸ ਨੂੰ ਹੁਣ 31 ਮਾਰਚ, 2024 ਤੱਕ ਵਧਾ ਦਿੱਤਾ ਗਿਆ ਹੈ। ਉਬਾਲੇ ਹੋਏ ਚੌਲਾਂ ‘ਤੇ ਡਿਊਟੀ ਪ੍ਰਣਾਲੀ ਦੇ ਵਿਸਤਾਰ ਦਾ ਉਦੇਸ ਇਸ ਮਹੱਤਵਪੂਰਨ ਚੌਲਾਂ ਦੀਆਂ ਕੀਮਤਾਂ ਨੂੰ ਕੰਟਰੋਲ ਕਰਨਾ ਅਤੇ ਘਰੇਲੂ ਬਾਜਾਰ ‘ਚ ਲੋੜੀਂਦੀ ਉਪਲਬਧਤਾ ਨੂੰ ਬਰਕਰਾਰ ਰੱਖਣਾ ਹੈ। ਇਸ ਸਾਲ ਅਗਸਤ ਵਿੱਚ ਸਰਕਾਰ ਵੱਲੋਂ ਚੁੱਕੇ ਗਏ ਉਪਾਅ ਦਾ ਲੋੜੀਂਦਾ ਪ੍ਰਭਾਵ ਹੁੰਦਾ ਨਜਰ ਆ ਰਿਹਾ ਹੈ, ਕਿਉਂਕਿ ਉਬਲੇ ਚੌਲਾਂ ਦੇ ਮਾਮਲੇ ਵਿੱਚ ਮਾਤਰਾ ਪੱਖੋਂ 65.50 ਫੀਸਦੀ ਅਤੇ ਮੁੱਲ ਦੇ ਲਿਹਾਜ ਨਾਲ 56.29 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ, ਕਸਟਮ ਅਧਿਕਾਰੀਆਂ ਨੂੰ ਸਖਤ ਲੋੜੀਂਦੀ ਜਾਂਚ ਕਰਨ ਦੇ ਨਿਰਦੇਸ ਦਿੱਤੇ ਗਏ ਹਨ ਤਾਂ ਜੋ ਪਰਬਲੇ ਹੋਏ ਚੌਲਾਂ ਦੀ ਆੜ ਵਿੱਚ ਚੌਲਾਂ ਦੀ ਕੋਈ ਹੋਰ ਕਿਸਮ ਬਰਾਮਦ ਨਾ ਕੀਤੀ ਜਾ ਸਕੇ।



## ਤਿਉਹਾਰਾਂ ‘ਤੇ ਕਾਰਾਂ ਖਰੀਦਣ ਵਾਲੇ ਗਾਹਕਾਂ ਲਈ ਖਾਸ ਖਬਰ, ਮਿਲ ਰਹੀ ਡਿਸਕਾਊਂਟ ਤੇ ਬੰਪਰ ਦੀ ਆਫਰ

ਬਿਜਨੈੱਸ ਡੈਸਕ 11 ਫਰਵਰੀ। ਜਿਵੇਂ-ਜਿਵੇਂ ਤਿਉਹਾਰਾਂ ਦਾ ਸੀਜਨ ਨੇੜੇ ਆ ਰਿਹਾ ਹੈ, ਉਵੇਂ-ਉਵੇਂ ਦੇਸ ਭਰ ਦੇ ਕਾਰ ਡੀਲਰਾਂ ਨੇ ਗਾਹਕਾਂ ਨੂੰ ਲੁਭਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਲਈ ਕਾਰ ਡੀਲਰਾਂ ਨੇ ਵੱਖ-ਵੱਖ ਕਾਰਾਂ ‘ਤੇ 25,000 ਰੁਪਏ ਤੋਂ ਲੈ ਕੇ 1 ਲੱਖ ਰੁਪਏ ਜਾਂ ਇਸ ਤੋਂ ਜ਼ਿਆਦਾ ਤੱਕ ਦਾ ਡਿਸਕਾਊਂਟ ਦੇਣਾ ਸ਼ੁਰੂ ਕਰ ਦਿੱਤਾ ਹੈ। ਡੀਲਰ ਸੂਤਰਾਂ ਦਾ ਕਹਿਣਾ ਹੈ ਕਿ ਇਸ ਵਾਰ ਪਿਛਲੇ ਸਾਲ ਦੇ ਤਿਉਹਾਰਾਂ ਦੇ ਮੁਕਾਬਲੇ ਕਾਰਾਂ ਦੀ ਖਰੀਦਦਾਰੀ ਕਰਨ ਵਿੱਚ ਜ਼ਿਆਦਾ ਛੋਟ ਦਿੱਤੀ ਜਾ ਰਹੀ ਹੈ। ਡੀਲਰ ਸੂਤਰਾਂ ਨੇ ਦੱਸਿਆ ਕਿ ਕਾਰ ਕੰਪਨੀਆਂ ਵੱਲੋਂ ਕੁਝ ਡਿਸਕਾਊਂਟ ਦਿੱਤੇ ਜਾ ਰਹੇ ਹਨ ਅਤੇ ਕੁਝ ਡਿਸਕਾਊਂਟ ਡੀਲਰ ਖੁਦ ਵੀ ਦੇ ਰਹੇ ਹਨ। ਕੁਝ ਕਾਰਾਂ ‘ਤੇ 75 ਫੀਸਦੀ ਤੋਂ ਜ਼ਿਆਦਾ ਦੀ ਛੋਟ ਮਿਲਦੀ ਹੈ। ਇਹ ਛੋਟ ਉਹਨਾਂ ਕਾਰਾਂ ‘ਤੇ ਜ਼ਿਆਦਾ ਮਿਲ



ਰਹੀ ਹੈ ਕਿ ਜੋ ਥੋੜ੍ਹੀਆਂ ਘੱਟ ਪ੍ਰਸਿੱਧ ਹਨ। ਪਿਛਲੇ ਸਾਲ ਇਲੈਕਟ੍ਰਾਨਿਕ ਪਾਰਟਸ ਅਤੇ ਖਾਸ ਕਰਕੇ ਚਿਪਸ ਦੀ ਕਮੀ ਕਾਰਨ ਕੰਪਨੀਆਂ ਘੱਟ ਵਾਹਨਾਂ ਦੀ ਸਪਲਾਈ ਕਰ ਸਕੀਆਂ ਸਨ। 2022 ਦੀ ਤੁਲਨਾ ‘ਚ 2023 ‘ਚ ਕਾਰਾਂ ‘ਤੇ ਔਸਤਨ 40 ਤੋਂ 50 ਫੀਸਦੀ ਜ਼ਿਆਦਾ ਡਿਸਕਾਊਂਟ ਦਿੱਤਾ ਜਾ ਰਿਹਾ ਹੈ ਪਰ ਛੋਟਾਂ ਸਹਿਰਾਂ ਅਤੇ ਮਾਡਲਾਂ ਦੇ ਅਨੁਸਾਰ ਵੱਖ-ਵੱਖ ਹੁੰਦੀਆਂ ਹਨ। ਸੂਤਰਾਂ ਨੇ ਦੱਸਿਆ ਕਿ ਮਾਰੂਤੀ ਸੁਜ਼ੂਕੀ ਦੀ ਸੇਲੇਰੀਓ, ਸਵਿਫਟ ਅਤੇ ਸਿਆਜ ‘ਤੇ 35,000 ਰੁਪਏ ਤੋਂ ਲੈ ਕੇ 50,000 ਰੁਪਏ ਤੱਕ ਦਾ ਡਿਸਕਾਊਂਟ ਦਿੱਤਾ ਜਾ ਰਿਹਾ ਹੈ। ਤਿਉਹਾਰਾਂ ਦੇ ਮੌਕੇ ਜੇਕਰ ਤੁਸੀਂ ਆਧਾਰਿਤ ਖਰੀਦਣਾ ਚਾਹੁੰਦੇ ਹੋ, ਤਾਂ ਤੁਹਾਨੂੰ ਇਸ ਮਹੀਨੇ 30,000 ਰੁਪਏ ਤੱਕ ਦਾ ਡਿਸਕਾਊਂਟ ਮਿਲੇਗਾ ਅਤੇ 20,000 ਰੁਪਏ ਦਾ ਕੂਪਨ ਵੀ ਦਿੱਤਾ ਜਾਵੇਗਾ। ਇਸ ਸਾਲ ਅਕਤੂਬਰ ‘ਚ ਮਾਰੂਤੀ ਕਾਰਾਂ ‘ਤੇ ਦਿੱਤਾ ਜਾ ਰਿਹਾ ਡਿਸਕਾਊਂਟ ਪਿਛਲੇ ਅਕਤੂਬਰ ਦੇ ਮੁਕਾਬਲੇ ਕਾਫੀ ਜ਼ਿਆਦਾ ਹੈ।

## ਵਿਆਹ ਸਮਾਗਮ ’ਚ ਹਿੱਸਾ ਲੈਣ ਜਾ ਰਹੇ ਪਰਿਵਾਰ ਨਾਲ ਵਾਪਰਿਆ ਹਾਦਸਾ, ਇਕ ਦੀ ਮੌਤ

ਬੁਢਲਾਡਾ 11 ਫਰਵਰੀ। ਵਿਆਹ ਸਮਾਗਮ ਵਿਚ ਪਰਿਵਾਰ ਸਮੇਤ ਹਿੱਸਾ ਲੈਣ ਆ ਰਹੇ ਮੋਟਰਸਾਈਕਲ ਸਵਾਰ ਦੀ ਕਾਰ ਨਾਲ ਟੱਕਰ ਹੋ ਗਈ। ਇਸ ਹਾਦਸੇ ’ਚ ਮੋਟਰਸਾਈਕਲ ਸਵਾਰ ਦੀ ਮੌਤ ਅਤੇ ਪਤਨੀ ਸਮੇਤ 2 ਬੱਚੇ ਜਖ਼ਮੀ ਹੋ ਗਏ। ਜਾਣਕਾਰੀ ਅਨੁਸਾਰ ਗਰੀਨਲੈਂਡ ਸਕੂਲ ਦੇ ਮਾਲੀ ਧਰਮਵੀਰ (30 ਸਾਲ) ਆਪਣੇ ਪਰਿਵਾਰ ਸਮੇਤ ਇਕ ਵਿਆਹ ਸਮਾਗਮ ’ਚ ਸ਼ਾਮਲ ਹੋਣ ਲਈ ਬਰੇਟਾ ਤੋਂ ਬੁਢਲਾਡਾ ਆ ਰਿਹਾ ਸੀ ਕਿ ਪਿੰਡ ਦਾਤੇਵਾਸ ਦੇ ਪੈਟਰੋਲ ਪੰਪ ਨੇੜੇ ਇਕ ਕਾਰ ਨਾਲ ਟੱਕਰ ਹੋ ਗਈ। ਇਸ ਹਾਦਸੇ ਵਿਚ ਮੋਟਰਸਾਈਕਲ ਸਵਾਰ ਧਰਮਵੀਰ, ਕਿਰਨਾ (28), ਅਰੁਣ (9), ਤਰੁਣ (7 ਸਾਲ) ਗੰਭੀਰ ਰੂਪ ਵਿਚ ਜਖਮੀ ਹੋ ਗਏ। ਜਿਨ੍ਹਾਂ ਨੂੰ ਰਾਹਗੀਰਾਂ ਨੇ ਸਰਕਾਰੀ ਹਸਪਤਾਲ ਬੁਢਲਾਡਾ ਵਿਖੇ ਦਾਖਲ ਕਰਵਾਇਆ ਗਿਆ। ਧਰਮਵੀਰ ਅਤੇ ਸਮੁੱਚੇ ਪਰਿਵਾਰ ਦੀ ਹਾਲਤ ਗੰਭੀਰ ਹੋਣ ਕਾਰਣ ਰੈਫਰ ਕਰ ਦਿੱਤਾ ਗਿਆ। ਜਿੱਥੇ ਰਸਤੇ ਵਿਚ ਧਰਮਵੀਰ ਦੀ ਮੌਤ ਹੋ ਗਈ। ਸਦਰ ਪੁਲਸ ਵੱਲੋਂ ਮ੍ਰਿਤਕ ਦੀ ਪਤਨੀ ਕਿਰਨਾ ਦੇ ਬਿਆਨ ’ਤੇ ਕਾਰ ਚਾਲਕ ਖ਼ਿਲਾਫ ਮਾਮਲਾ ਦਰਜ ਕਰਕੇ ਲਾਸ਼ ਪੋਸਟ ਮਾਰਟਮ ਉਪਰੰਤ ਮੁਰਦਾਘਰ ਵਿਚ ਭੇਜ ਦਿੱਤੀ ਗਈ ਹੈ। ਉਪਰੋਕਤ ਘਟਨਾ ਤੋਂ ਬਾਅਦ ਮੌਕੇ ’ਤੇ ਸਾਬਕਾ ਵਿਧਾਇਕ ਮੰਗਤ ਰਾਏ ਬਾਂਸਲ, ਬਲਾਕ ਕਾਂਗਰਸ ਦੇ ਪ੍ਰਧਾਨ ਤਰਜੀਤ ਚਹਿਲ, ਤੀਰਥ ਸਿੰਘ ਸਵੀਟੀ ਆਦਿ ਮੌਕੇ ’ਤੇ ਪਹੁੰਚੇ ਅਤੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

## ਪੰਜਾਬ ਨੂੰ ਇਸ ਨਾਲ ਵੀ ਖੇਤੀ ਵਿਭਿੰਨਤਾ ਦੀ ਨਹੀਂ ਆਸ, ਪਰਾਲੀ ਸਾੜਨ ਦਾ ਸਿਲਸਿਲਾ ਜਾਰੀ

ਚੰਡੀਗੜ੍ਹ 11 ਫਰਵਰੀ। ਪੰਜਾਬ ਲਗਾਤਾਰ 3 ਸਾਲਾਂ ਤੋਂ ਆਪਣੇ ਖੇਤੀ ਵਿਭਿੰਨਤਾ ਦੇ ਟੀਚੇ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਿਹਾ ਹੈ। ਹਾਲ ਦੇ ਸਾਲਾਂ ‘ਚ ਪਰਾਲੀ ਸਾੜਨਾ ਇਕ ਚਿੰਤਾ ਭਰਿਆ ਵਿਸ਼ਾ ਬਣ ਗਿਆ ਹੈ ਅਤੇ ਇਹ ਸਭ ਪੰਜਾਬ ‘ਚ ਅਜੇ ਵੀ ਜਾਰੀ ਹੈ। ਇਸ ਦੇ ਨਤੀਜੇ ਵਜੋਂ ਹਰ ਸਾਲ ਝੋਨੇ ਦੀ ਵਾਢੀ ਤੋਂ ਬਾਅਦ ਹਵਾ ਦੀ ਗੁਣਵੱਤਾ ‘ਚ ਗਿਰਾਵਟ ਆਉਂਦੀ ਹੈ। ਖੇਤੀ ਵਿਭਿੰਨਤਾ ਝੋਨੇ ਦੇ ਉਤਪਾਦਨ ਨੂੰ ਘੱਟ ਕਰਨ ‘ਚ ਮਦਦ ਕਰ ਸਕਦੀ ਹੈ। ਪਿਛਲੇ ਰਿਕਾਰਡ ਨੂੰ ਦੇਖਦੇ ਹੋਏ ਸੂਬਾ ਸਰਕਾਰ ਨੂੰ 2023-24 ‘ਚ ਵੀ ਖੇਤੀ ਵਿਭਿੰਨਤਾ ਦੀ ਕੋਈ ਉਮੀਦ ਦਿਖਾਈ ਨਹੀਂ ਦੇ ਰਹੀ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਪਰਾਲੀ ਸਾੜਨ ਦੀ ਰੋਕਥਾਮ ਅਤੇ ਕੰਟਰੋਲ ਲਈ ਚੁੱਕੇ ਗਏ ਕਦਮਾਂ ‘ਤੇ ਐੱਨ. ਜੀ. ਟੀ. ਨੂੰ ਇਕ ਰਿਪੋਰਟ ਸੌਂਪੀ ਹੈ। ਇਸ ਰਿਪੋਰਟ ‘ਚ ਵੱਖ-ਵੱਖ ਕਾਰਨਾਂ ਦਾ ਹਵਾਲਾ ਦਿੱਤਾ ਗਿਆ ਹੈ। ਇਨ੍ਹਾਂ ਬਾਰੇ ਦਾਅਵਾ ਕੀਤਾ ਗਿਆ ਹੈ ਕਿ ਇਹ ਸੂਬੇ ਦੇ ਕੰਟਰੋਲ ਤੋਂ ਪਰ੍ਹੇ ਹੈ। ਸੂਬੇ ‘ਚ ਝੋਨੇ ਖਰੀਦ ਦੀ ਸਹੂਲਤ ਕਿਸਾਨਾਂ ਨੂੰ ਖੇਤੀ ਵਿਭਿੰਨਤਾ ਅਪਨਾਉਣ ਲਈ ਰਾਜੀ ਕਰਨ ‘ਚ ਇਕ ਮਹੱਤਵਪੂਰਨ ਚੁਣੌਤੀ ਅਤੇ ਰੁਕਾਵਟ ਦੇ ਰੂਪ ‘ਚ



ਉੱਭਰੀ ਹੈ। ਮੂੰਗੀ, ਜਵਾਰ, ਬਾਜਰਾ ਆਦਿ ਫਸਲਾਂ ਝੋਨੇ ਦੀ ਥਾਂ ਲੈ ਸਕਦੀਆਂ ਹਨ। ਸਿਰਫ ਕਪਾਹ ਦੀ ਫਸਲ ਹੀ ਕਿਸਾਨਾਂ ਨੂੰ ਪ੍ਰਤੀਯੋਗੀ ਵਿੱਤੀ ਲਾਭ ਯਕੀਨੀ ਬਣਾਉਂਦੀ ਹੈ। ਉਂਝ, ਪਿਛਲੇ ਸਾਲ ਸੂਬੇ ਵਿੱਚ ਗੁਲਾਬੀ ਬੋਲ ਕੀੜੇ ਦੀ ਬਿਮਾਰੀ ਨਾਲ ਕਪਾਹ ਦੀ ਫਸਲ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਐੱਨ. ਜੀ. ਟੀ. ਨੂੰ ਸੌਂਪੀ ਗਈ ਪੰਜਾਬ ਪ੍ਰਦੂਸਣ ਕੰਟਰੋਲ ਬੋਰਡ ਦੀ ਰਿਪੋਰਟ ‘ਚ ਕਿਹਾ ਗਿਆ ਹੈ ਕਿ ਸੂਬਾ ਆਪਣੇ ਖੇਤੀ ਵਿਭਿੰਨਤਾ ਦੇ ਯਤਨਾਂ ‘ਚ ਅਕਸਰ ਡਿੱਗ ਰਿਹਾ ਹੈ, ਜੋ ਕਿ ਆਉਣ ਵਾਲੇ ਸਾਲ ਵਿੱਚ ਜਾਰੀ ਰਹਿਣ ਦੀ ਸੰਭਾਵਨਾ ਹੈ। ਇਸ ਵਿਚ ਅੱਗੇ ਕਿਹਾ ਗਿਆ ਹੈ ਕਿ ਚੁਣੌਤੀਪੂਰਨ ਹਾਲਾਤ ਦੇ ਬਾਵਜੂਦ ਸੂਬਾ ਸਰਕਾਰ ਝੋਨੇ ਦੀ ਕਾਸਤ ਹੇਠਲੇ ਖੇਤਰਾਂ ਨੂੰ ਘਟਾਉਣ ਅਤੇ ਛੋਟੇ ਅਤੇ ਸੀਮਾਂਤ ਕਿਸਾਨਾਂ ਦੀ ਸਮਾਜਿਕ-ਆਰਥਿਕ ਸਥਿਤੀ ਨੂੰ ਸੁਧਾਰਨ ਲਈ ਖੇਤੀ ਵਿਭਿੰਨਤਾ ਨੂੰ ਉਤਸਾਹਿਤ ਕਰ ਰਹੀ ਹੈ। ਬੋਰਡ ਨੇ ਮੰਨਿਆ ਕਿ ਖੇਤੀ ਵਿਭਿੰਨਤਾ ਯੋਜਨਾ ਝੋਨੇ ਦੀ ਪਰਾਲੀ ਦੀ ਪੈਦਾਵਾਰ ਵਿੱਚ ਕਮੀ ਲਿਆਉਣ ਦੀ ਅਗਵਾਈ ਕਰੇਗੀ, ਜਿਸ ਨਾਲ ਆਉਣ ਵਾਲੇ ਸਾਲਾਂ ਵਿੱਚ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਵਿੱਚ ਮਦਦ ਮਿਲੇਗੀ।

## ਬਿਜਲੀ ਦੇ ਕੱਟਾਂ ਤੋਂ ਪਰੇਸ਼ਾਨ ਹੋਏ ਕਿਸਾਨ, ਪ੍ਰਦਰਸ਼ਨ ਲਈ ਬਿਜਲੀ ਦਫਤਰ ਲੈ ਕੇ ਪੁੱਜੇ ਮਗਰਮੱਛ

ਕਰਨਾਟਕ 11 ਫਰਵਰੀ। ਬਹੁਤ ਘੱਟ ਪਿੰਡ ਅਜਿਹੇ ਹੁੰਦੇ ਹਨ, ਜਿੱਥੇ 24 ਘੰਟੇ ਬਿਜਲੀ ਦੀ ਸਹੂਲਤ ਦਿੱਤੀ ਜਾਵੇ। ਜ਼ਿਆਦਾਤਰ ਪਿੰਡਾਂ ‘ਚ 8 ਤੋਂ 9 ਘੰਟੇ ਹੀ ਬਿਜਲੀ ਰਹਿੰਦੀ ਹੈ। ਇਸ ਦੇ ਬਾਵਜੂਦ ਵੀ ਲੋਕ ਸ਼ਿਕਾਇਤ ਨਹੀਂ ਕਰਦੇ ਅਤੇ ਜਿਵੇਂ-ਤਿਵੇਂ ਆਪਣਾ ਗੁਜਾਰਾ ਕਰ ਲੈਂਦੇ ਹਨ ਪਰ ਕਰਨਾਟਕ ਦੇ ਇਕ ਪਿੰਡ ਵਿਚ ਕਿਸਾਨ ਇੰਨੇ ਪਰੇਸ਼ਾਨ ਹੋ ਗਏ ਕਿ ਉਨ੍ਹਾਂ ਨੂੰ ਪ੍ਰਦਰਸ਼ਨ ਕਰਨ ‘ਤੇ ਮਜਬੂਰ ਹੋਣਾ ਪਿਆ। ਇਸ ਲਈ ਉਨ੍ਹਾਂ ਨੇ ਅਨੋਖਾ ਤਰੀਕਾ ਅਪਣਾਇਆ, ਜਿਸ ਦਾ ਵੀਡੀਓ ਸੋਸ਼ਲ ਮੀਡੀਆ ‘ਤੇ ਵਾਇਰਲ ਹੋ ਰਿਹਾ ਹੈ। ਕਰਨਾਟਕ ਦੇ ਕੁਝ ਕਿਸਾਨ ਬਿਜਲੀ ਦੀ ਮੰਗ ਨੂੰ ਲੈ ਕੇ ਇਕ ਮਗਰਮੱਛ ਨਾਲ ਬਿਜਲੀ ਦਫਤਰ ਪਹੁੰਚ ਗਏ। ਦਰਅਸਲ ਬਿਜਲੀ ਕੱਟਾਂ ਕਾਰਨ ਕਿਸਾਨਾਂ ਨੂੰ ਖੇਤੀ ਕੰਮਾਂ ‘ਚ ਦਿੱਕਤ ਆ ਰਹੀ ਹੈ, ਜਿਸ ਦੇ ਵਿਰੋਧ ‘ਚ ਉਨ੍ਹਾਂ ਨੇ ਮਗਰਮੱਛ ਦਾ ਸਹਾਰਾ ਲਿਆ। ਦਿਨ ਵੇਲੇ ਬਿਜਲੀ ਸਪਲਾਈ ਨਾ ਹੋਣ ਕਾਰਨ ਕਿਸਾਨਾਂ ਨੂੰ ਰਾਤ ਨੂੰ ਖੇਤਾਂ ‘ਚ ਜਾਣਾ ਪੈਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਜੰਗਲੀ ਜਾਨਵਰਾਂ ਅਤੇ ਸੱਪਾਂ ਦਾ ਖਤਰਾ ਹੁੰਦਾ ਹੈ। ਪਿਛਲੇ ਹਫਤੇ ਇਕ ਕਿਸਾਨ ਨੇ ਆਪਣੇ ਖੇਤਾਂ ‘ਚ ਇਕ ਮਗਰਮੱਛ ਦੇਖਿਆ। ਦੇਰ ਰਾਤ ਬਿਜਲੀ ਆਉਣ ਤੋਂ ਬਾਅਦ ਕਿਸਾਨ ਆਪਣੀ ਫਸਲ ਨੂੰ ਪਾਣੀ ਲਾਉਣ ਗਿਆ ਸੀ। ਪਿੰਡ ਵਾਸੀਆਂ ਨੇ ਦੱਸਿਆ ਕਿ ਹੋ ਸਕਦਾ ਹੈ ਕਿ ਮਗਰਮੱਛ ਨੇੜਲੇ ਕ੍ਰਿਸਨਾ ਨਦੀ ਤੋਂ ਸ਼ਿਕਾਰ ਦੀ ਭਾਲ ਵਿਚ ਆਇਆ ਹੋਵੇ। ਇਸ ਤੋਂ ਬਾਅਦ ਕਿਸਾਨ ਨੇ ਤੁਰੰਤ ਸਾਥੀ ਪਿੰਡ ਵਾਸੀਆਂ ਨੂੰ ਮਦਦ ਲਈ ਬੁਲਾਇਆ, ਜਿਨ੍ਹਾਂ ਨੇ ਮਗਰਮੱਛ ਨੂੰ ਬੰਨ੍ਹ ਦਿੱਤਾ ਅਤੇ 19 ਅਕਤੂਬਰ ਨੂੰ ਖਤਰੇ ਤੋਂ ਜਾਣੂ ਕਰਵਾਉਣ ਲਈ ਬਿਜਲੀ ਦਫਤਰ ਲੈ ਗਏ। ਮਗਰਮੱਛ ਨੂੰ ਦੇਖ ਕੇ ਬਿਜਲੀ ਦਫਤਰ ਦੇ ਅਧਿਕਾਰੀ ਡਰ ਗਏ ਅਤੇ ਪੁਲਸ ਅਤੇ ਜੰਗਲਾਤ ਅਧਿਕਾਰੀਆਂ ਨੂੰ ਸੂਚਨਾ ਦਿੱਤੀ। ਅਧਿਕਾਰੀਆਂ ਨੇ ਪਿੰਡ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਉਹ ਇਹ ਯਕੀਨੀ ਬਣਾਉਣਗੇ ਕਿ ਦਿਨ ਵੇਲੇ ਬਿਜਲੀ ਦਾ ਕੋਈ ਕੱਟ ਨਾ ਲੱਗੇ। ਜੰਗਲਾਤ ਅਧਿਕਾਰੀਆਂ ਨੇ ਬਾਅਦ ਵਿਚ ਮਗਰਮੱਛ ਨੂੰ ਅਲਮਾਟੀ ਡੈਮ ਵਿਚ ਛੱਡ ਦਿੱਤਾ। ਮੰਨਿਆ ਜਾ ਰਿਹਾ ਹੈ ਕਿ ਮਗਰਮੱਛ ਡੈਮ ਤੋਂ ਹੀ ਭਟਕ ਕੇ ਖੇਤ ‘ਚ ਆ ਗਿਆ ਹੋਵੇਗਾ। ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਸਾਲ ਘੱਟ ਮੀਂਹ ਪੈਣ ਕਾਰਨ ਖੇਤੀ ਦੇ ਕੰਮ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਡੈਮਾਂ ਵਿਚ ਇੰਨਾ ਪਾਣੀ ਨਹੀਂ ਹੈ ਕਿ ਸਿੰਚਾਈ ਲਈ ਪਾਣੀ ਛੱਡਿਆ ਜਾ ਸਕੇ। ਕਿਸਾਨ ਆਪਣੇ ਖੇਤਾਂ ਦੀ ਸਿੰਚਾਈ ਲਈ ਬੋਰਵੈੱਲਾਂ ‘ਤੇ ਨਿਰਭਰ ਹਨ। ਖੇਤੀ ਲਈ ਬਿਜਲੀ ਦੀ ਜ਼ਿਆਦਾ ਵਰਤੋਂ ਕਾਰਨ ਬਿਜਲੀ ਦੀ ਕਿੱਲਤ ਹੋ ਜਾਂਦੀ ਹੈ।

## ਬੈਂਕ ਮੈਨੇਜਰ ਕੋਲੋਂ ਪਿਸਤੌਲ ਦੀ ਨੋਕ ‘ਤੇ ਕਾਰ ਤੇ ਮੋਬਾਇਲ ਖੋਹਣ ਵਾਲੇ 2 ਗ੍ਰਿਫਤਾਰ

ਗੁਰਦਾਸਪੁਰ 11 ਫਰਵਰੀ। ਅਕਤੂਬਰ ਦੀ ਦੇਰ ਸ਼ਾਮ ਪਠਾਨਕੋਟ-ਅੰਮ੍ਰਿਤਸਰ ਰਾਸ਼ਟਰੀ ਰਾਜਮਾਰਗ ’ਤੇ ਗੁਰਦਾਸਪੁਰ ਅਧੀਨ ਪੈਂਦੇ ਪਿੰਡ ਜਾਪੂਵਾਲ ਨੇੜੇ ਇਕ ਬੈਂਕ ਮੈਨੇਜਰ ਤੋਂ ਪਿਸਤੌਲ ਦੀ ਨੋਕ ’ਤੇ ਕਾਰ ਖੋਹਣ ਵਾਲੇ ਦੋ ਨੌਜਵਾਨਾਂ ਨੂੰ ਧਾਰੀਵਾਲ ਪੁਲਸ ਨੇ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਲੁੱਟੀ ਹੋਈ ਕਾਰ, ਉਸ ਦਾ ਮੋਬਾਇਲ ਫੋਨ, ਲੈਪਟਾਪ ਅਤੇ ਬੈਂਕ ਦੇ ਦਸਤਾਵੇਜ਼ ਬਰਾਮਦ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਸਰਬਜੀਤ ਸਿੰਘ ਨੇ ਦੱਸਿਆ ਕਿ 4 ਅਕਤੂਬਰ ਦੀ ਦੇਰ ਸ਼ਾਮ ਪੀੜਤ ਅਰੁਣ ਕੁਮਾਰ ਜੋ ਗੁਰਦਾਸਪੁਰ ਦੇ ਇਕ ਨਿੱਜੀ ਬੈਂਕ ਵਿਚ ਕੁਲੈਕਸ਼ਨ ਮੈਨੇਜਰ ਦੇ ਅਹੁਦੇ ’ਤੇ ਕੰਮ ਕਰਦਾ ਹੈ, ਬੈਂਕ ਤੋਂ ਛੁੱਟੀ ਹੋਣ ਦੇ ਬਾਅਦ ਉਹ ਆਪਣੀ ਹੁੰਡਈ ਐਕਸੇਂਟ ਕਾਰ ‘ਚ ਸਵਾਰ ਹੋ ਕੇ ਆਪਣੇ ਪਿੰਡ ਸੋਹਲ ਜਾ ਰਿਹਾ ਸੀ। ਰਾਤ ਕਰੀਬ 9 ਵਜੇ ਜਦ ਉਹ ਪਿੰਡ ਜਾਪੂਵਾਲ ਦੇ ਕੋਲ ਪਹੁੰਚਿਆ ਤਾਂ ਕਾਰ ਨੂੰ ਸੜਕ ਕਿਨਾਰੇ ਖੜ੍ਹੀ ਕਰਕੇ ਉਹ ਬਾਥਰੂਮ ਕਰਨ ਲੱਗ ਪਿਆ। ਜਦ ਉਹ ਦੁਬਾਰਾ ਕਾਰ ਵਿਚ ਬੈਠਿਆ ਅਤੇ ਕਾਰ ਸਟਾਰਟ ਕਰਨ ਲੱਗਾ ਤਾਂ ਪਿੱਛੋਂ ਮੋਟਰਸਾਈਕਲ ‘ਤੇ ਸਵਾਰ



ਤਿੰਨ ਨੌਜਵਾਨ ਆਏ, ਜਿਨ੍ਹਾਂ ‘ਚੋਂ ਇਕ ਨੇ ਕਾਰ ਦੇ ਸ਼ੀਸੇ ਤੇ ਬੇਸਬਾਲ ਮਾਰ ਕੇ ਸ਼ੀਸਾ ਤੋੜ ਦਿੱਤਾ, ਜਿਸ ਨਾਲ ਬੇਸਬਾਲ ਅਰੁਣ ਦੇ ਸਿਰ ਵਿਚ ਲੱਗਾ ਅਤੇ ਉਹ ਜਖ਼ਮੀ ਹੋ ਗਿਆ।ਇਸ ਦੌਰਾਨ ਦੂਜੇ ਵਿਅਕਤੀ ਨੇ ਪਿਸਤੌਲ ਕੱਢ ਕੇ ਉਸ ਦੇ ਸਿਰ ‘ਤੇ ਰੱਖ ਦਿੱਤਾ ਅਤੇ ਕਾਰ ਚੋਂ ਧੱਕਾ ਦੇ ਕੇ ਬਾਹਰ ਕੱਢ ਦਿੱਤਾ। ਦੋ ਵਿਅਕਤੀ ਕਾਰ ਲੈ ਕੇ ਅਤੇ ਤੀਜਾ ਮੋਟਰਸਾਈਕਲ ਲੈ ਕੇ ਭੱਜ ਗਿਆ। ਕਾਰ ਵਿਚ ਉਨ੍ਹਾਂ ਦੇ ਕੋਲ ਇਕ ਲੈਪਟਾਪ, ਇਕ ਮੋਬਾਇਲ ਫੋਨ ਅਤੇ ਜ਼ਰੂਰੀ ਦਸਤਾਵੇਜ ਸੀ। ਪੁਲਸ ਅਧਿਕਾਰੀ ਸਰਬਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਸ ਵਕਤ ਤਿੰਨ ਅਣਪਛਾਤੇ ਲੁਟੇਰਿਆਂ ਦੇ ਖਿਲਾਫ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਸੀ। ਜਾਂਚ ਦੌਰਾਨ 11 ਅਕਤੂਬਰ ਨੂੰ ਇਕ ਗੁਪਤ ਸੂਚਨਾ ਦੇ ਆਧਾਰ ‘ਤੇ ਲੁਟੇਰੇ ਸਗੁਨਪ੍ਰੀਤ ਸਿੰਘ ਪੁੱਤਰ ਸੁਨੀਲ ਭੱਟੀ ਵਾਸੀ ਪੇਦਾ ਕਲਾਂ ਥਾਣਾ ਚਮੇਲ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਅਦਾਲਤ ਵਿਚ ਪੇਸ਼ ਕਰਕੇ ਉਸ ਦਾ ਰਿਮਾਂਡ ਲਿਆ ਗਿਆ। ਬਾਅਦ ਵਿਚ ਪੁਲਸ ਨੇ ਉਸ ਦੀ ਨਿਸ਼ਾਨਦੇਹੀ ਤੇ ਪੇਦਾ ਕਲਾਂ ਵਾਸੀ ਕੇਵਲ ਮਸੀਹ ਦੇ ਲੜਕੇ ਰਾਹੁਲ ਨੂੰ 14 ਅਕਤੂਬਰ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਨੇ ਦੋਸ਼ੀ ਕੋਲੋਂ ਲੁੱਟੀ ਗਈ ਕਾਰ, ਉਸ ਦਾ ਮੋਬਾਇਲ ਫੋਨ, ਲੈਪਟਾਪ ਅਤੇ ਬੈਂਕ ਦੇ ਦਸਤਾਵੇਜ਼ ਬਰਾਮਦ ਕਰ ਲਏ ਹਨ।

## ਦੀਨਾਨਗਰ ‘ਚ ਚੋਰਾਂ ਨੇ ਵੱਡੀ ਵਾਰਦਾਤ, ਪਿਛਲੇ ਪੰਜ ਦਿਨਾਂ ਤੋਂ ਸਾਬਕਾ ਫੌਜੀ ਦੇ ਘਰੋਂ ਕਰੀਬ 5 ਲੱਖ ਦਾ ਸਾਮਾਨ ਚੋਰੀ

ਦੀਨਾਨਗਰ 11 ਫਰਵਰੀ। ਦੀਨਾਨਗਰ ਦੇ ਨੇੜਲੇ ਪਿੰਡ ਅਵਾਂਖਾ ਵਿਖੇ ਇਕ ਸਾਬਕਾ ਫੌਜੀ ਦੇ ਘਰ ਚੋਰਾਂ ਵੱਲੋਂ ਲਗਾਤਾਰ ਪਿਛਲੇ ਚਾਰ ਦਿਨਾਂ ਤੋਂ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਜਾ ਰਿਹਾ ਸੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਾਬਕਾ ਫੌਜੀ ਕਪੂਰ ਸਿੰਘ ਨੇ ਦੱਸਿਆ ਕਿ ਮੈਂ ਆਪਣੇ ਪਰਿਵਾਰ ਸਮੇਤ ਪਠਾਨਕੋਟ ਵਿਖੇ ਰਹਿ ਰਿਹਾ ਹਾਂ ਅਤੇ ਮੇਰਾ ਘਰ ਪਿੰਡ ਆਵਾਂਖਾ ਵਿਖੇ ਬਿਲਕੁਲ ਬੰਦ ਪਿਆ ਹੋਇਆ ਸੀ। ਇਸ ਦੌਰਾਨ ਚੋਰਾਂ ਨੇ ਪਿਛਲੇ ਚਾਰ ਦਿਨਾਂ ਤੋਂ ਘਰ ‘ਚ ਅੰਦਰ ਦਾਖਲ ਹੋ ਕੇ ਪਿਛਲੇ ਕਮਰੇ ਦਾ ਦਰਵਾਜਾ ਤੋੜ ਕੇ ਘਰ ਅੰਦਰ ਪਿਆ ਕਰੀਬ ਪੰਜ ਲੱਖ ਦਾ ਸਾਮਾਨ ਚੋਰੀ ਕਰ ਲਿਆ ਹੈ, ਜਿਸ ‘ਚ ਘਰ ਅੰਦਰ ਲੱਗੀਆਂ ਟੂਟੀਆਂ , ਪਿੱਤਲ ਦੇ ਬਰਤਨ ਅਤੇ ਹੋਰ ਜਰੂਰਤਮੰਦ ਸਾਮਾਨ ਆਦਿ ਚੋਰਾਂ ਵੱਲੋਂ ਪਿਛਲੇ ਚਾਰ ਦਿਨਾਂ ਤੋਂ ਲਗਾਤਾਰ ਚੋਰੀ ਕੀਤਾ ਗਿਆ ਹੈ।ਸਾਬਕਾ ਫੌਜੀ ਨੇ ਦੱਸਿਆ ਅੱਜ ਜਦ ਘਰ ਅੰਦਰੋਂ ਗੈਸ ਸਿਲੰਡਰ, ਗੈਸ ਚੁੱਲ੍ਹਾ ਤੇ ਹੋਰ



ਸਾਮਾਨ ਚੋਰੀ ਕਰ ਰਹੇ ਸਨ ਤਾਂ ਮੇਰੇ ਭਤੀਜੇ ਨੂੰ ਜਦੋਂ ਇਨ੍ਹਾਂ ਬਾਰੇ ਪਤਾ ਲੱਗਾ ਤਾਂ ਤਿੰਨ ਚੋਰ ਮੌਕੇ ‘ਤੇ ਫਰਾਰ ਹੋ ਗਏ ਅਤੇ ਇੱਕ ਨੂੰ ਕਾਬੂ ਕਰ ਲਿਆ ਗਿਆ। ਜਿਸ ਨੂੰ ਦੀਨਾਨਗਰ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ। ਇਲਾਕੇ ਵਾਸੀਆਂ ਨੇ ਦੱਸਿਆ ਕਿ ਇਲਾਕੇ ਅੰਦਰ ਲਗਾਤਾਰ ਚਿੱਟੇ ਦਾ ਨਸਾ ਵੱਧ ਰਿਹਾ ਹੈ, ਜਿਸ ਕਾਰਨ ਨਿੱਤ ਦਿਨ ਨਸੇੜੀਆਂ ਵੱਲੋਂ ਚੋਰੀਆਂ ਦੀਆਂ ਤੇ ਲੁੱਟ ਖੋਹ ਦੀਆਂ ਘਟਨਾਵਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਇਲਾਕਾ ਵਾਸੀਆਂ ਨੇ ਪੁਲਸ ਪ੍ਰਸਾਸਨ ਕੋਲੋਂ ਮੰਗ ਕੀਤੀ ਹੈ ਕਿ ਇਲਾਕੇ ਅੰਦਰ ਨਸੇ ਦੇ ਕਾਰੋਬਾਰ ਕਰਨ ਵਾਲਿਆਂ ਖ਼ਿਲਾਫ ਸ਼ਿਕੰਜਾ ਕੱਸਿਆ ਜਾਵੇ।

## ਵਿਜੀਲੈਂਸ ਵੱਲੋਂ ਰੇਲਵੇ ਇੰਜੀਨੀਅਰ 15,000 ਰੁਪਏ ਰਿਸਵਤ ਲੈਂਦਾ ਕਾਬੂ

ਚੰਡੀਗੜ੍ਹ 11 ਫਰਵਰੀ। ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ‘ਚ ਭ੍ਰਿਸਟਾਚਾਰ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ ਭਾਰਤੀ ਰੇਲਵੇ ਦੇ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਸੀਨੀਅਰ ਸੈਕਸਨ ਇੰਜੀਨੀਅਰ (ਵਰਕਸ) ਵਜੋਂ ਤਾਇਨਾਤ ਵਰੁਣ ਦੇਵ ਪ੍ਰਸਾਦ ਨੂੰ 15,000 ਰੁਪਏ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਹ ਪ੍ਰਗਟਾਵਾ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਰੇਲਵੇ ਅਧਿਕਾਰੀ ਨੂੰ ਮੈਸਰਜ ਸੋਖੀ ਕੰਟਰੈਕਟਰਜ ਐਂਡ ਇੰਜੀਨੀਅਰਜ ਪ੍ਰਤਾਪ ਐਵੀਨਿਊ ਅੰਮ੍ਰਿਤਸਰ ਦੇ ਮਾਲਕ ਨਿਰਮਲ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ’ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਸੰਪਰਕ ਕਰਕੇ ਦੱਸਿਆ ਕਿ ਉਸ ਦਾ ਬਟਾਲਾ-ਕਾਦੀਆਂ ਰੇਲਵੇ ਲਾਈਨ ‘ਤੇ ਸਿਵਲ ਵਰਕਸ ਨੂੰ ਪੂਰਾ ਕਰਨ ਲਈ ਭਾਰਤੀ ਰੇਲਵੇ ਨਾਲ ਟੈਂਡਰ ਹੈ। ਉਕਤ ਰੇਲਵੇ ਇੰਜੀਨੀਅਰ ਉਸ ਦੀ ਫਰਮ ਵੱਲੋਂ ਕੀਤੇ ਕੰਮਾਂ ਦੇ 4,60,000 ਰੁਪਏ ਦੇ ਬਿੱਲਾਂ ਨੂੰ ਕਲੀਅਰ ਕਰਨ ਬਦਲੇ 50,000 ਰੁਪਏ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਰੇਲਵੇ ਅਧਿਕਾਰੀ ਨੂੰ ਮੈਸਰਜ ਸੋਖੀ ਕੰਟਰੈਕਟਰਜ ਐਂਡ ਇੰਜੀਨੀਅਰਜ ਪ੍ਰਤਾਪ ਐਵੀਨਿਊ ਅੰਮ੍ਰਿਤਸਰ ਦੇ ਮਾਲਕ ਨਿਰਮਲ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ’ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰਿਸਵਤ ਦੀ ਮੰਗ ਕਰ ਰਿਹਾ ਸੀ ਪਰ ਸੌਦਾ 15,000 ‘ਚ ਹੋ ਗਿਆ ਹੈ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸਬੰਧੀ ਮੁੱਢਲੀ ਤਫਤੀਸ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ, ਜਿਸ ਦੇ ਨਤੀਜੇ ਵਜੋਂ ਉਪਰੋਕਤ ਰੇਲਵੇ ਸੈਕਸਨ ਇੰਜੀਨੀਅਰ ਨੂੰ 2 ਸਰਕਾਰੀ ਗਵਾਹਾਂ ਦੀ ਹਾਜਰੀ ਵਿੱਚ ਸ਼ਿਕਾਇਤਕਰਤਾ ਤੋਂ 15,000 ਰੁਪਏ ਦੀ ਰਿਸਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਇਸ ਸਬੰਧੀ ਉਕਤ ਰੇਲਵੇ ਅਧਿਕਾਰੀ ਦੇ ਖ਼ਿਲਾਫ ਥਾਣਾ ਵਿਜੀਲੈਂਸ ਬਿਊਰੋ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਫੜੇ ਗਏ ਦੋਸੀ ਨੂੰ ਸ਼ਨੀਵਾਰ ਅਦਾਲਤ ਵਿੱਚ ਪੇਸ ਕੀਤਾ ਜਾਵੇਗਾ।

## ਜਾਣੀਆ ਚਾਹਲ ’ਚ 30 ਸਾਲਾ ਤੋਂ ਬੰਨ੍ਹ ’ਤੇ ਬੈਠੇ ਪ੍ਰਵਾਸੀਆਂ ਦੀਆਂ ਝੌਂਪੜੀਆਂ ਨੂੰ ਲਾਈ ਅੱਗ

ਲੋਹੀਆਂ ਖਾਸ 11 ਫਰਵਰੀ। ਬਲਾਕ ਲੋਹੀਆਂ ਖਾਸ ਦੇ ਪਿੰਡ ਜਾਣੀਆਂ ਚਾਹਲ ਦੇ ਬੰਨ੍ਹ ’ਤੇ 30 ਸਾਲਾਂ ਤੋਂ ਬੈਠੇ ਪ੍ਰਵਾਸੀਆਂ ਦੀਆਂ ਝੌਂਪੜੀਆਂ ਨੂੰ ਅੱਗ ਲਗਾ ਦਿੱਤੀ ਗਈ। ਮਜਦੂਰ ਰਾਜ ਕੁਮਾਰ ਮਹਿਤੋ, ਸੁਨੀਲ ਚੌਹਾਨ, ਸੁਦਿਲਮ, ਜਿਤਣ ਮਹਿਤੋ, ਲਛਮਣ ਅਤੇ ਗਦਰ ਸਿੰਘ ਨੇ ਸਥਾਨਕ ਪੁਲਸ, ਐੱਸ. ਐੱਸ. ਪੀ. ਜਲੰਧਰ, ਡੀ. ਸੀ. ਜਲੰਧਰ, ਮਨੁੱਖੀ ਅਧਿਕਾਰ ਕਮਿਸਨ ਪੰਜਾਬ ਨੂੰ ਦਰਖਾਸਤਾਂ ਭੇਜ ਕੇ ਇਨਸਾਫ ਦੀ ਮੰਗ ਕਰਦਿਆਂ ਦੱਸਿਆ ਕਿ ਮੇਹਰ ਸਿੰਘ ਜਾਣੀਆ ਚਾਹਲ, ਸੱਤਾ ਪੁੱਤਰ ਤਾਰਾ ਵਾਸੀ ਜਾਣੀਆ ਚਾਹਲ ਹੋਰ 8-9 ਮੁੰਡਿਆਂ ਨੂੰ ਨਾਲ ਲੈ ਕੇ ਉਨ੍ਹਾਂ ਦੀਆਂ ਘਰਨੁਮਾ ਝੌਂਪੜੀਆਂ ਅਤੇ ਛੰਨਾਂ ਨੂੰ ਅੱਗ ਲਾ ਦਿੱਤੀ ਅਤੇ ਟਰੈਕਟਰਾਂ ਨਾਲ ਰੱਸਿਆਂ ਨਾਲ ਉਨ੍ਹਾਂ ਦੀਆਂ ਛੰਨਾ-ਝੌਂਪੜੀਆਂ ਖਿੱਚ ਕੇ ਖਿਲਾਰ ਦਿੱਤੀਆਂ। ਗੁੰਡਾਗਰਦੀ ਕਰਦਿਆਂ ਧੱਕੇਸਾਹੀ ਦੇ ਨਾਲ ਉਨ੍ਹਾਂ ਦਾ ਘਰ ਢਾਹ ਕੇ ਉੱਥੇ ਆਪਣਾ ਕਬਜਾ ਕਰ ਲਿਆ। ਪ੍ਰਵਾਸੀ ਮਜਦੂਰਾਂ ਦੇ ਪਰਿਵਾਰਾਂ ਦੇ ਛੋਟੇ-ਛੋਟੇ ਬੱਚੇ ਰੁਲਣ ’ਤੇ ਮਜਬੂਰ ਹੋ ਗਏ ਹਨ। ਪੇਂਡੂ ਮਜਦੂਰ ਯੂਨੀਅਨ ਪੰਜਾਬ, ਨੌਜਵਾਨ ਭਾਰਤ ਸਭਾ ਦੀ ਹਾਜਰੀ ’ਚ ਐੱਸ. ਐੱਚ. ਓ. ਨੂੰ ਲਿਖਤੀ ਦਰਖਾਸਤ ਦਿੱਤੀ ਗਈ। ਇਸ ਮੌਕੇ ਯੂਨੀਅਨ ਆਗੂ ਜੀ. ਐੱਸ. ਅਟਵਾਲ ਤੇ ਸੋਨੂੰ ਅਰੋੜਾ ਨੇ ਕਿਹਾ ਕਿ ਬੜੇ ਲੰਬੇ ਅਰਸੇ ਤੋਂ ਲੱਗਭਗ 30 ਸਾਲ ਤੋਂ ਜਿਨ੍ਹਾਂ ਦਾ ਜਨਮ ਵੀ ਇਥੇ ਹੀ ਹੋਇਆ ਅਤੇ ਬੱਚੇ ਵੀ ਇਥੇ ਹੀ ਸਰਕਾਰੀ ਸਕੂਲਾਂ ’ਚ ਪੜ੍ਹ ਰਹੇ ਹਨ ਅਤੇ ਉਨ੍ਹਾਂ ਆਪਣਾ ਉੱਥੇ ਹੀ ਪਾਲਣ ਪੋਸਣ ਕੀਤਾ ਹੈ, ਉਨ੍ਹਾਂ ਦਾ ਉਜਾੜਾ ਕਰਨਾ ਬਹੁਤ ਹੀ ਨਿੰਦਣਯੋਗ ਹੈ। 5 ਸਾਲ ਪਹਿਲਾਂ ਵੀ ਉਕਤ ਪ੍ਰਵਾਸੀ ਮਜਦੂਰਾਂ ਨੂੰ ਐੱਸ. ਡੀ. ਐੱਮ. ਤੇ ਡੀ. ਐੱਸ. ਪੀ. ਸ਼ਾਹਕੋਟ ਨੇ ਭਰੋਸਾ ਦੁਆਇਆ ਸੀ ਕਿ ਇੱਥੇ ਬੈਠੇ ਰਹਿਣ ਤੁਹਾਨੂੰ ਇੱਥੋਂ ਕੋਈ ਨਹੀਂ ਉਠਾ ਸਕਦਾ, ਜਦੋਂ ਤੱਕ ਸਰਕਾਰ ਦਾ ਕੋਈ ਕਾਨੂੰਨ ਨਹੀਂ ਬਣਦਾ।



ਇਨ੍ਹਾਂ ਤੋਂ ਇਲਾਵਾ ਬੰਨ੍ਹ ’ਤੇ ਹਜਾਰਾਂ ਦੇ ਹਿਸਾਬ ਨਾਲ ਲੋਕ ਬੈਠੇ ਨੇ, ਜਿਨ੍ਹਾਂ ਨੇ ਪੱਕੇ ਘਰ ਬਣਾ ਕੇ ਰਿਹਾਇਸ ਕੀਤੀ ਹੋਈ ਹੈ। ਫਿਰ ਵੀ ਜਾਣ-ਬੁੱਝ ਕੇ ਪਿੰਡ ਦੇ ਉਕਤ ਵਿਅਕਤੀਆਂ ਵੱਲੋਂ ਇਨ੍ਹਾਂ ਪ੍ਰਵਾਸੀ ਮਜਦੂਰਾਂ ਨਾਲ ਧੱਕੇਸਾਹੀ ਕੀਤੀ ਗਈ, ਜਿਨਾਂ ਨੂੰ ਖੁੱਲ੍ਹੇ ਆਸਮਾਨ ਹੇਠਾਂ ਬੈਠਣ ਲਈ ਮਜਬੂਰ ਕਰਦਿਆਂ ਉਨ੍ਹਾਂ ਦੇ ਸਿਰਾਂ ਤੋਂ ਕੱਚੀ ਛੱਤ ਵੀ ਖੋਹ ਲਈ ਗਈ ਹੈ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਆਗੂਆਂ ਕਿਹਾ ਕਿ 2 ਦਿਨ ਦੇ ਅੰਦਰ-ਅੰਦਰ ਉਕਤ ਸਰਾਰਤੀ ਵਿਅਕਤੀਆਂ ਖ਼ਿਲਾਫ ਕਾਰਵਾਈ ਕਰਦਿਆਂ ਪਰਚਾ ਦਰਜ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ’ਚ ਸਾਨੂੰ ਸੰਘਰਸ ਕਰਨ ’ਤੇ ਮਜਬੂਰ ਹੋਣਾ ਪਵੇਗਾ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰੀਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਕੋਰੋਨਾ ਦੇ ਨਵੇਂ ਵੇਰੀਐਂਟ ਨੂੰ ਸੰਭਾਲਣ ਲਈ ਸਿਵਲ ਹਸਪਤਾਲ ਕੋਲ ਸਟਾਫ ਦੀ ਭਾਰੀ ਘਾਟ

ਇਸਲਾਮਾਬਾਦ 11 ਫਰਵਰੀ। 1947 ਦੀ ਭਾਰਤ-ਪਾਕਿਸਤਾਨ ਵੰਡ ਨੇ ਕਈ ਪਰਿਵਾਰ ਅਤੇ ਦੋਸਤ ਵੱਖ ਕਰ ਦਿੱਤੇ। ਜਿਨ੍ਹਾਂ ਨੇ ਉਸ ਦੌਰ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ, ਉਨ੍ਹਾਂ ਦੇ ਮਨਾਂ ਵਿੱਚ ਅੱਜ ਵੀ ਕਈ ਭਿਆਨਕ ਯਾਦਾਂ ਹਨ। ਭਾਰਤ ਹੋਵੇ ਜਾਂ ਪਾਕਿਸਤਾਨ, ਸਰਹੱਦ ਪਾਰ ਕਰਨ ਵਾਲੇ ਲੋਕ ਅੱਜ ਵੀ ਆਪਣੀ ਜਨਮ ਭੂਮੀ ਦਾ ਸਤਿਕਾਰ ਕਰਦੇ ਹਨ। ਅਜਿਹੇ ਕਈ ਮਾਮਲੇ ਵੀ ਸਾਹਮਣੇ ਆਏ ਹਨ, ਜਿੱਥੇ ਲੋਕ ਲੰਬੇ ਸਮੇਂ ਬਾਅਦ ਆਪਣੇ ਪਰਿਵਾਰ ਜਾਂ ਦੋਸਤਾਂ ਨਾਲ ਮੁੜ ਮਿਲੇ ਜਾਂ ਆਪਣੇ ਜੱਦੀ ਘਰ ਨੂੰ ਦੇਖਣ ਲਈ ਕਿਸੇ ਹੋਰ ਦੇਸ ਗਏ। ਕਰਤਾਰਪੁਰ ਸਾਹਿਬ ਗੁਰਦੁਆਰਾ ਵਿਛੜਿਆਂ ਨੂੰ ਮਿਲਾਉਣ ਵਿੱਚ ਵੱਡੀ ਭੂਮਿਕਾ ਨਿਭਾ ਰਿਹਾ ਹੈ, ਜਿੱਥੇ ਹੁਣ ਤੱਕ ਭਾਰਤ ਅਤੇ ਪਾਕਿਸਤਾਨ ਦੇ ਕਈ ਪਰਿਵਾਰ ਮੁੜ ਇਕੱਠੇ ਹੋ ਚੁੱਕੇ ਹਨ। ਅਜਿਹਾ ਹੀ ਇੱਕ ਤਾਜਾ ਮਾਮਲਾ ਤਾਜ ਮੁਹੰਮਦ ਅਤੇ ਸਰਦਾਰ ਮਨੋਹਰ ਸਿੰਘ ਦੀ ਮੁਲਾਕਾਤ ਦਾ ਹੈ। ਗੁਰਦੁਆਰਾ ਪ੍ਰਬੰਧਕਾਂ ਨੇ ਇਹ ਕਹਾਣੀ ਸਾਂਝੀ ਕੀਤੀ ਹੈ। ਜੀਓ ਨਿਊਜ ਦੀ ਖਬਰ ਮੁਤਾਬਕ ਤਾਜ ਮੁਹੰਮਦ ਅਤੇ ਸਰਦਾਰ ਮਨੋਹਰ ਸਿੰਘ ਵੰਡ ਤੋਂ ਪਹਿਲਾਂ ਦੋਸਤ ਸਨ ਪਰ ਸਰਹੱਦਾਂ ਖਿੱਚਣ ਤੋਂ ਬਾਅਦ ਸਭ ਕੁਝ ਖਤਮ ਹੋ ਗਿਆ। ਪਰ ਕਈ ਸਾਲਾਂ ਬਾਅਦ ਜਦੋਂ ਸੋਸਲ ਮੀਡੀਆ ਆਇਆ ਤਾਂ ਪੁਰਾਣੇ ਦੋਸਤਾਂ ਨੂੰ ਮਿਲਣ ਦੀ ਆਸ ਬੱਝੀ। ਦੋਵੇਂ ਸੋਸਲ ਮੀਡੀਆ ਪਲੇਟਫਾਰਮ ‘ਤੇ ਜੁੜੇ ਅਤੇ ਕਈ ਸਾਲਾਂ ਬਾਅਦ ਇਹ ਦੋਸਤੀ ਫਿਰ ਤੋਂ ਜਾਗੀ ਅਤੇ ਦੋਵਾਂ ਨੇ ਮਿਲਣ ਦਾ ਫੈਸਲਾ ਕੀਤਾ। ਮੁਹੰਮਦ ਹੁਣ ਪਾਕਿਸਤਾਨ ਦੇ ਪੰਜਾਬ ਦੇ ਓਕਾਰਾ ਵਿੱਚ ਰਹਿੰਦਾ ਹੈ, ਪਰ ਅੱਜ ਵੀ ਉਸਨੂੰ ਆਪਣੀ ਜਨਮ ਭੂਮੀ ਜਲੰਧਰ ਦੀ ਮਿੱਟੀ ਯਾਦ ਆਉਂਦੀ ਹੈ।

ਜਦੋਂ ਦੋਵਾਂ ਦੋਸਤਾਂ ਨੇ ਕਰਤਾਰਪੁਰ ਸਾਹਿਬ ਗੁਰਦੁਆਰਾ ਸਾਹਿਬ ਵਿੱਚ ਮਿਲਣ ਦਾ ਫੈਸਲਾ ਕੀਤਾ ਤਾਂ ਮੁਹੰਮਦ ਨੇ ਆਪਣੇ ਦੋਸਤ ਨੂੰ ਪਿੰਡ ਤੋਂ ਮਿੱਟੀ ਲਿਆਉਣ ਲਈ ਕਿਹਾ। ਜਦੋਂ ਦੋਵੇਂ ਦੋਸਤ



ਮਿਲੇ ਤਾਂ ਸਿੰਘ ਉਨ੍ਹਾਂ ਲਈ ਤੋਹਫੇ ਵਜੋਂ ਮਿੱਟੀ ਲੈ ਆਇਆ। ਗੁਰਦੁਆਰਾ ਸਾਹਿਬ ਦੀ ਪ੍ਰੋਜੈਕਟ ਮੈਨੇਜਮੈਂਟ ਯੂਨਿਟ ਨੇ ਦੱਸਿਆ ਕਿ ਓਕਾਰਾ (ਪਾਕਿਸਤਾਨ) ਦੇ ਤਾਜ ਮੁਹੰਮਦ ਨੇ ਸਰਦਾਰ ਮਨੋਹਰ ਸਿੰਘ ਨਾਲ ਮੁਲਾਕਾਤ ਕੀਤੀ ਜੋ ਆਪਣੇ ਜੱਦੀ ਪਿੰਡ ਜਲੰਧਰ (ਭਾਰਤ) ਤੋਂ ਕਰਤਾਰਪੁਰ ਲਾਂਘੇ ਰਾਹੀਂ ਆਇਆ ਸੀ। ਅਧਿਕਾਰੀਆਂ ਮੁਤਾਬਕ ਮੁਹੰਮਦ ਅਤੇ ਸਿੰਘ ਇੱਕ ਦੂਜੇ ਨੂੰ ਮਿਲ ਕੇ ਬਹੁਤ ਖੁਸ ਹੋਏ। ਉਨ੍ਹਾਂ ਕਿਹਾ ਕਿ ਉਹ ਸਰਕਾਰ ਅਤੇ ਪੀਐਮਯੂ ਕਰਤਾਰਪੁਰ ਦੇ ਧੰਨਵਾਦੀ ਹਨ, ਜਿਨ੍ਹਾਂ ਦੀ ਬਦੌਲਤ ਉਹ 75 ਸਾਲਾਂ ਬਾਅਦ ਮਿਲ ਸਕੇ ਹਨ। ਜੀਓ ਨਿਊਜ ਨਾਲ ਗੱਲ ਕਰਦਿਆਂ ਮੁਹੰਮਦ ਨੇ ਕਿਹਾ ਕਿ “ਕਰਤਾਰਪੁਰ ਲਾਂਘੇ ਨੇ ਮੈਨੂੰ ਮੇਰੇ ਦੋਸਤ ਅਤੇ ਜਲੰਧਰ ਦੀ ਮਿੱਟੀ ਨਾਲ ਦੁਬਾਰਾ ਮਿਲਾ ਦਿੱਤਾ।“

ਇਸੇ ਤਰ੍ਹਾਂ ਇਸਲਾਮਾਬਾਦ ਤੋਂ ਆਪਣੇ ਪਰਿਵਾਰ ਸਮੇਤ ਪਹੁੰਚੇ ਯੂਸਫ ਮਸੀਹ ਨੇ ਦੱਸਿਆ ਕਿ ਕਰਤਾਰਪੁਰ ਲਾਂਘੇ ਦੀ ਬਦੌਲਤ ਉਹਨਾਂ ਦੀ ਭਾਰਤ ਵਿਚ ਰਹਿੰਦੀ ਆਪਣੀ ਸਕੀ ਭੂਆ ਦੇ ਪੁੱਤਰ ਮੋਹਨ ਮਸੀਹ ਅਤੇ ਅਗਾਂਹ ਉਹਨਾਂ ਦੇ ਪੁੱਤਰ ਪ੍ਰੇਮਜੀਤ ਪ੍ਰੇਮ ਨਾਲ ਮੁਲਾਕਾਤ ਸੰਭਵ ਹੋ ਸਕੀ। ਮੋਹਨ ਮਸੀਹ ਨੇ ਦੱਸਿਆ ਕਿ ਉਸ ਨੇ ਕਈ ਵਾਰ ਵੀਜਾ ਲਗਵਾ ਕੇ ਪਾਕਿਸਤਾਨ ਜਾਣ ਦੀ ਕੋਸ਼ਿਸ਼ ਕੀਤੀ ਪਰ ਅਜਿਹਾ ਸੰਭਵ ਨਾ ਹੋ ਸਕਿਆ।

# ਪੁਲਸ ਨੇ ਸਮੱਗਲਰਾਂ ਕੋਲੋਂ ਕਰੋੜਾਂ ਦੀ ਹੈਰੋਇਨ ਸਣੇ ਹੋਰ ਨਸ਼ੀਲੇ ਪਦਾਰਥਾਂ ਨੂੰ ਸੜ ਕੇ ਕੀਤਾ ਸੁਆਹ

ਅੰਮ੍ਰਿਤਸਰ 11 ਫਰਵਰੀ। ਅੰਮ੍ਰਿਤਸਰ ਕਮਿਸਨਰੇਟ ਪੁਲਸ ਨੇ ਨਸਾ ਮੁਕਤ ਮੁਹਿੰਮ ਤਹਿਤ ਪਿਛਲੇ ਦਿਨੀਂ ਇਕ ਵੱਡੀ ਕਾਰਵਾਈ ਕਰਦਿਆਂ ਵੱਡੀ ਮਾਤਰਾ ਵਿਚ ਨਸੀਲੇ ਪਦਾਰਥ ਬਰਾਮਦ ਕੀਤੇ ਹਨ, ਜਿਨ੍ਹਾਂ ਨੂੰ ਹੁਣ ਨਸਟ ਕਰ ਦਿੱਤਾ ਗਿਆ ਹੈ ਤਾਂ ਜੋ ਇਸਦੀ ਕਿਸੇ ਵੀ ਸੂਰਤ ਵਿਚ ਦੁਰਵਰਤੋਂ ਨਾ ਹੋ ਸਕੇ। ਇਸ ਦੇ ਨਾਲ ਹੀ ਇਹ ਉਨ੍ਹਾਂ ਲੋਕਾਂ ਲਈ ਵੀ ਚਿਤਾਵਨੀ ਹੈ, ਜਿਨ੍ਹਾਂ ਨੇ ਕਰੋੜਾਂ ਰੁਪਏ ਖਰਚ ਕੇ ਇਨ੍ਹਾਂ ਨੂੰ ਖਰੀਦਿਆ ਸੀ ਅਤੇ ਪੰਜਾਬ ਦੇ ਲੋਕਾਂ ਨੂੰ ਵੇਚਣਾ ਸੀ। ਪਿਛਲੇ 4 ਮਹੀਨਿਆਂ ਦੌਰਾਨ ਪੁਲਸ ਵੱਲੋਂ ਨਸਾ ਸਮੱਗਲਰਾਂ ਵਿਰੁੱਧ ਕੀਤੀ ਗਈ ਸਖਤ ਕਾਰਵਾਈ ਦੌਰਾਨ 22.2 ਹੈਰੋਇਨ ਬਰਾਮਦ ਕੀਤੀ ਗਈ ਹੈ, ਜਿਸਦੀ ਅੰਤਰ ਰਾਸ਼ਟਰੀ ਕੀਮਤ 111 ਕਰੋੜ ਰੁਪਏ ਬਣਦੀ ਹੈ। ਉਥੇ ਹੀ ਹੋਰ ਕਿਸਮ ਦੇ ਨਸੀਲੇ ਪਦਾਰਥਾ ਦੀ ਬਰਾਮਗੀ ’ਚ 14.1 ਕਿਲੋਗ੍ਰਾਮ ਹਸੀਸ, 6.5 ਕਿਲੋਗ੍ਰਾਮ ਸਮੈਕ, 75 ਹਜਾਰ ਪਾਬੰਦੀਸੁਦਾ ਅਤੇ ਨਸੀਲੇ ਕੈਪਸੂਲ, 1522 ਟੀਕੇ ਸ਼ਾਮਲ ਹਨ। ਡੀ. ਸੀ. ਪੀ . ਡਿਟੈਕਟਿਵ ਮੈਡਮ ਵਤਸਲਾ ਗੁਪਤਾ ਆਈ. ਪੀ. ਐੱਸ. ਦੇ ਨਿਰਦੇਸਾਂ ’ਤੇ ਕੀਤੀ ਗਈ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕਰਨ ਦੀ ਕਾਰਵਾਈ ਦੇ ਸੰਬੰਧ ’ਚ ਏ. ਡੀ. ਸੀ. ਪੀ. ਹਰਜੀਤ ਸਿੰਘ ਧਾਲੀਵਾਲ ਨੇ ਦੱਸਿਆ ਕਿ ਪਿਛਲੇ 126 ਦਿਨਾਂ ਦੀ ਕਾਰਵਾਈ ਦੌਰਾਨ ਵੱਖ-ਵੱਖ ਥਾਣਿਆਂ ’ਚੋਂ ਉਪਰੋਕਤ ਨਸੀਲੇ ਪਦਾਰਥ ਬਰਾਮਦ ਕੀਤੇ ਗਏ ਸਨ, ਜੋ ਕਿ ਮਾਲ ਖਾਨੇ ’ਚ ਜਮਾ ਕੀਤਾ ਹੋਇਆ ਸੀ। ਇਨ੍ਹਾਂ ਨਸੀਲੇ ਪਦਾਰਥਾਂ ਦੀ ਬਰਾਮਦਗੀ ਵਿੱਚ ਪੁਲਸ ਦੀ ਤਸਕਰਾਂ ਵਿਰੁੱਧ ਕੀਤੀ ਜਾ ਰਹੀ ਕਾਰਵਾਈ ਨੇ ਵੱਡੀ ਭੂਮਿਕਾ ਨਿਭਾਈ ਹੈ। ਉਪਰੋਕਤ ਬਰਾਮਦ ਕੀਤੇ ਨਸੀਲੇ ਪਦਾਰਥਾਂ ਨੂੰ ਮਿੱਲ ਦੇ ਬੁਆਇਲਰ ਵਿੱਚ ਸਾੜ ਕੇ ਨਸਟ ਕਰ ਦਿੱਤਾ ਗਿਆ ਹੈ। ਇਸ ਸਬੰਧੀ ਡੀ. ਸੀ. ਪੀ. ਡਿਟੈਕਟਿਵ ਵਤਸਲਾ ਗੁਪਤਾ ਆਈ. ਪੀ. ਐੱਸ. ਨੇ ਦੱਸਿਆ ਕਿ ਜਬਤ



ਕੀਤੇ ਗਏ ਸਾਮਾਨ ਨੂੰ ਸਾਰੇ ਨਿਯਮਾਂ ਅਨੁਸਾਰ ਪਾਰਦਰਸੀ ਢੰਗ ਇਨ੍ਹਾਂ ਨੂੰ ਖਰੀਦਿਆ ਸੀ ਅਤੇ ਪੰਜਾਬ ਦੇ ਲੋਕਾਂ ਨੂੰ ਵੇਚਣਾ ਸੀ। ਪਿਛਲੇ 4 ਮਹੀਨਿਆਂ ਦੌਰਾਨ ਪੁਲਸ ਵੱਲੋਂ ਨਸਾ ਸਮੱਗਲਰਾਂ ਵਿਰੁੱਧ ਕੀਤੀ ਗਈ ਸਖਤ ਕਾਰਵਾਈ ਦੌਰਾਨ 22.2 ਹੈਰੋਇਨ ਬਰਾਮਦ ਕੀਤੀ ਗਈ ਹੈ, ਜਿਸਦੀ ਅੰਤਰ ਰਾਸ਼ਟਰੀ ਕੀਮਤ 111 ਕਰੋੜ ਰੁਪਏ ਬਣਦੀ ਹੈ। ਉਥੇ ਹੀ ਹੋਰ ਕਿਸਮ ਦੇ ਨਸੀਲੇ ਪਦਾਰਥਾ ਦੀ ਬਰਾਮਗੀ ’ਚ 14.1 ਕਿਲੋਗ੍ਰਾਮ ਹਸੀਸ, 6.5 ਕਿਲੋਗ੍ਰਾਮ ਸਮੈਕ, 75 ਹਜਾਰ ਪਾਬੰਦੀਸੁਦਾ ਅਤੇ ਨਸੀਲੇ ਕੈਪਸੂਲ, 1522 ਨਾਲ ਨਸਟ ਕੀਤਾ ਗਿਆ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਨਸਾ ਸਮੱਗਲਰਾਂ ਜਾਂ ਨਸਾ ਫੈਲਾਉਣ ਵਾਲੇ ਸਮੱਗਲਰਾਂ ਨੂੰ ਠੱਲ ਪਾਉਣ ਲਈ ਪੁਲਸ ਦੀ ਮਦਦ ਕਰਨ। ਸੂਚਨਾ ਦੇਣ ਵਾਲਿਆਂ ਦੇ ਨਾਮ ਗੁਪਤ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਅਸਲ ਵਿਚ ਨਸੇ ਦਾ ਕਾਰੋਬਾਰ ਸਮਾਜ ਅਤੇ ਸਿਸਟਮ ਲਈ ਖਤਰਨਾਕ ਹੈ, ਸਾਨੂੰ ਇਸ ਨਾਲ ਮਿਲ ਕੇ ਲੜਨਾ ਪਵੇਗਾ। ਇਹ ਸਮੱਸਿਆ ਕਿਸੇ ਇੱਕ ਵਰਗ ਦੀ ਨਹੀਂ ਸਗੋਂ ਪੂਰੇ ਪੰਜਾਬ ਦੀ ਹੈ। ਡੀ.ਸੀ.ਪੀ. ਨੇ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਕਰੋੜਾਂ ਰੁਪਏ ਦਾ ਨਸਾ ਖਰੀਦ ਕੇ ਲੋਕਾਂ ਨੂੰ ਭੇਜਣਾ ਸੀ, ਉਨ੍ਹਾਂ ਦਾ ਸਾਮਾਨ ਵੀ ਨਸਟ ਵੀ ਹੋਇਆ ਅਤੇ ਜੇਲ੍ਹ ਵੀ ਹੋਈ ।

## 13 ਸਾਲ ਪਹਿਲਾ ਬੰਦ ਕੀਤੀ ਅਫੀਮ ਤਿਆਰ ਕਰਨ ਵਾਲੀ ਫੈਕਟਰੀ ਪਾਕਿ ਸਰਕਾਰ ਨੇ ਫਿਰ ਚਾਲੂ ਕਰਨ ਦਾ ਲਿਆ ਫੈਸਲਾ

ਗੁਰਦਾਸਪੁਰ/ਲਾਹੌਰ 11 ਫਰਵਰੀ। ਪਾਕਿਸਤਾਨ ’ਚ ਨਸ਼ਿਆਂ ਦਾ ਬਹੁਤ ਜ਼ਿਆਦਾ ਰੁਝਾਨ ਵੱਧ ਜਾਣ ਕਾਰਨ ਪਾਕਿਸਤਾਨ ਸਰਕਾਰ ਨੇ ਲਾਹੌਰ ਸਥਿਤ ਏਸ਼ੀਆਂ ਦੀ ਸਭ ਤੋਂ ਵੱਡੀ ਅਫੀਮ ਤਿਆਰ ਕਰਨ ਵਾਲੀ ਫੈਕਟਰੀ ਨੂੰ 13 ਸਾਲ ਪਹਿਲਾਂ ਬੰਦ ਕਰ ਦਿੱਤਾ ਸੀ। ਉਦੋਂ ਇਸ ਫੈਕਟਰੀ ਨੂੰ ਇਹ ਕਹਿ ਕੇ ਬੰਦ ਕੀਤਾ ਗਿਆ ਸੀ, ਕਿ ਪਾਕਿਸਤਾਨ ਦੇ ਲੋਕ ਅਫੀਮ ਦੇ ਆਦਿ ਹੋ ਰਹੇ ਹਨ। ਸੂਤਰਾਂ ਅਨੁਸਾਰ ਇਸ ਫੈਕਟਰੀ ਨੂੰ ਇਕ ਮਹੀਨੇ ਦੇ ਅੰਦਰ ਫਿਰ ਤੋਂ ਸ਼ੁਰੂ ਕਰਨ ਦੀ ਤਿਆਰੀ ਕਰ ਲਈ ਗਈ ਹੈ ਅਤੇ ਇਸ ਫੈਕਟਰੀ ਦਾ ਕੰਟਰੋਲ ਆਬਕਾਰੀ ਤੇ ਕਰ ਵਿਭਾਗ ਦੇ ਅਧਿਕਾਰੀ ਦੇ ਕੋਲ ਰਹੇਗਾ। ਜਾਣਕਾਰੀ ਦੇ ਅਨੁਸਾਰ ਫੈਕਟਰੀ ਦਾ ਪ੍ਰਸ਼ਾਸ਼ਨਿਕ ਕੰਮ ਵਿਭਾਗ ਦੇ ਕੋਲ



ਰਹੇਗਾ ਅਤੇ ਆਬਕਾਰੀ ਤੇ ਕਰ ਵਿਭਾਗ ਦਾ ਲਾਹੌਰ ਦਾ ਕਮਿਸ਼ਨਰ ਇਸ ਦਾ ਮੈਨੇਜਰ ਹੋਵੇਗਾ। ਪੂਰੇ ਪਾਕਿਸਤਾਨ ਸਮੇਤ ਅਫਗਾਨਿਸਤਾਨ ਤੋਂ ਅਫੀਮ ਦੀ ਪੈਦਾਵਾਰ ਨੂੰ ਇਸ ਫੈਕਟਰੀ ਵਿਚ ਲਿਆਂਦਾ ਜਾਵੇਗਾ ਅਤੇ ਇਸ ਫੈਕਟਰੀ ਦੀ ਪ੍ਰਤੀਦਿਨ ਸਮਤਾ 640 ਕਿੱਲੋਂ ਹੋਵੇਗੀ ।ਪਹਿਲੀ ਬੈਚ ਜੁਲਾਈ ਮਹੀਨੇ ’ਚ ਤਿਆਰ ਹੋਵੇਗਾ। ਜਾਣਕਾਰੀ ਦੇ ਅਨੁਸਾਰ ਕਹਿਣ ਨੂੰ ਤਾਂ ਇਸ ਫੈਕਟਰੀ ਤੋਂ ਤਿਆਰ ਹੋਣ ਵਾਲੀ ਅਫੀਮ ਨੂੰ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਨੂੰ ਵੇਚਿਆ ਜਾਵੇਗਾ, ਪਰ ਅਸਲ ਵਿਚ ਇਸ ਫੈਕਟਰੀ ਵਿਚ ਅਫੀਮ ਦੇ ਇਲਾਵਾ ਹੈਰੋਇਨ ਆਦਿ ਵੀ ਤਿਆਰ ਕੀਤੀ ਜਾਣੀ ਹੈ ਜੋ ਭਾਰਤ ਵਿਚ ਤਸ਼ੱਕਰੀ ਕਰਕੇ ਭੇਜੀ ਜਾਵੇਗੀ। ਇਹੀ ਕਾਰਨ ਹੈ ਕਿ ਇਸ ਫੈਕਟਰੀ ਦਾ ਕੰਟਰੋਲ ਸਰਕਾਰ ਨੇ ਆਪਣੇ ਕੋਲ ਰੱਖਿਆ ਹੈ ਅਤੇ ਇਸ ਫੈਕਟਰੀ ਦੀ ਸੁਰੱਖਿਆ ਦੇ ਲਈ ਆਈ.ਐੱਸ.ਆਈ ਏਜੰਸੀ ਦੇ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਸੂਤਰਾਂ ਅਨੁਸਾਰ ਇਸ ਫੈਕਟਰੀ ਦੇ ਲਈ ਅਫੀਮ ਦੀ ਕੱਚੀ ਫਸਲ ਅਫਗਾਨਿਸਤਾਨ ਦੀ ਸੀਮਾ ਤੋਂ ਲੈ ਕੇ ਆਉਣ ਦੀ ਜ਼?ਿਮੇਵਾਰੀ ਆਈ.ਐੱਸ.ਆਈ ਦੀ ਰਹੇਗੀ। ਉਹ ਟਰੱਕਾ ਤੋਂ ਅਫੀਮ ਦੀ ਖੇਤੀ ਲੈ ਕੇ ਲਾਹੌਰ ਆਏਗੀ। ਉਸ ਦੇ ਬਾਅਦ ਫੈਕਟਰੀ ਵਿਚ ਤਿਆਰ ਕੀਤੀ ਗਈ ਅਫੀਮ ਅਤੇ ਹੈਰੋਇਨ ਦਾ ਕੁਝ ਹਿੱਸਾ ਤਾਂ ਪਾਕਿਸਤਾਨ ਵਿਚ ਦਵਾਈ ਫੈਕਟਰੀਆਂ ਨੂੰ ਵੇਚਿਆ ਜਾਵੇਗਾ

# ਪੁਲਸ ਵੱਲੋਂ ਲੁੱਟਖੋਹ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼, 2 ਮੈਂਬਰ ਕੀਤੇ ਕਾਬੂ

ਮਲੋਟ 11 ਫਰਵਰੀ। ਹਲਕਾ ਲੰਬੀ ਦੀ ਪੁਲਸ ਨੇ ਲੁੱਟਖੋਹ ਕਰਨ ਵਾਲੇ ਅੰਤਰਰਾਜੀ ਗਿਰੋਹ ਦਾ ਪਰਦਾਫਾਸ਼ ਕਰਕੇ ਦੋ ਮੈਂਬਰਾਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਜ਼?ਿਲ੍ਹਾ ਪੁਲਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਰਾਜਪਾਲ ਸਿੰਘ ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਸ, ਸ੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਬਲਕਾਰ ਸਿੰਘ ਡੀ.ਐੱਸ.ਪੀ ਮਲੋਟ ਦੀ ਯੋਗ ਅਗਵਾਈ ਹੇਠ ਗੈਰ ਸਮਾਜੀ ਅਨਸਰਾਂ ਵਿਰੁੱਧ ਚਲਾਈ ਮੁਹਿੰਮ ਤਹਿਤ ਐੱਸ.ਆਈ ਮਨਿੰਦਰ ਸਿੰਘ ਅਤੇ ਏ.ਐੱਸ.ਆਈ.ਗੁਰਮੀਤ ਸਿੰਘ ਸਮੇਤ ਟੀਮ ਨੇ ਇਕ ਕਾਰਵਾਈ ਤਹਿਤ ਜਿਵਤੇਸ਼ ਉਰਫ ਵਿੱਕੀ ਪੁੱਤਰ ਬਾਬੂ ਲਾਲ ਵਾਸੀ ਗਲੀ ਨੰਬਰ 12,ਵਾਰਡ ਨੰ. 16, ਮਲੋਟ ਅਤੇ ਲਵਪ੍ਰੀਤ ਸਿੰਘ ਉਰਫ ਲੱਬਾ ਪੁੱਤਰ ਜਰਨੈਲ ਸਿੰਘ ਵਾਸੀ ਛਾਪਿਆਂਵਾਲੀ ਨੂੰ ਗ੍ਰਿਫਤਾਰ ਕੀਤਾ ਹੈ। ਇਹ ਮੁਲਜਮ ਪੰਜਾਬ ਹਰਿਆਣਾ ਸਮੇਤ ਹੋਰਾਂ ਸੂਬਿਆਂ ਅੰਦਰ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਸਨ, ਜਿਸ ਸਬੰਧੀ ਦੋਵਾਂ ਮੁਲਜਮਾਂ ਵਿਰੁੱਧ ਥਾਣਾ ਲੰਬੀ ਵਿਖੇ ਮੁਕੱਦਮਾ ਦਰਜ ਰਜਿਸਟਰ ਕੀਤਾ ਹੈ। ਕਾਬੂ ਕੀਤੇ ਦੋਸ਼ੀਆਂ ਵਲੋਂ ਪੁੱਛਗਿਛ ਦੌਰਾਨ ਪਤਾ ਲੱਗਾ ਹੈ ਕਿ ਜਿਵਤੇਸ਼ ਉਰਫ ਵਿੱਕੀ ਉਕਤ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਦਿੱਲੀ ਤੋਂ ਇਕ ਕਾਰ ਬੁੱਕ ਕਰਵਾਈ ਸੀ ਜਿਸ ਦੇ ਡਰਾਈਵਰ ਤੋਂ ਜਿਵਤੇਸ਼ ਉਰਫ ਵਿੱਕੀ ਉਕਤ ਅਤੇ ਉਸ ਦੇ ਸਾਥੀਆਂ ਨੇ ਸਿਰਸਾ ਵਿਖੇ ਕਾਰ ਡਰਾਈਵਰ ਦੇ ਫਾਇਰ ਮਾਰ ਕੇ ਕਾਰ ਖੋਹ ਕਰ ਲਈ ਸੀ, ਜਿਸ ਸਬੰਧੀ ਇਨ੍ਹਾਂ ਖਿਲਾਫ ਜ਼?ਿਲ੍ਹਾ ਸਿਰਸਾ ਹਰਿਆਣਾ ਵਿਖੇ ਵੀ ਖੋਹ ਦਾ ਮੁਕੱਦਮਾ ਦਰਜ ਹੋਇਆ ਹੈ। ਉਕਤ ਖੋਹ ਕੀਤੀ ਕਾਰ ਪੁਲਸ ਪਾਰਟੀ ਨੂੰ ਪਿੰਡ ਤਰਮਾਲਾ ਤੋਂ ਬਰਾਮਦ ਹੋ ਗਈ ਸੀ ਅਤੇ ਲੰਬੀ ਪੁਲਸ ਨੇ ਉਕਤ ਕਾਰ ਸਬੰਧਤ ਥਾਣੇ ਦੇ ਹਵਾਲੇ ਕਰ ਦਿੱਤੀ। ਉਸ ਤੋਂ ਬਾਅਦ ਇਨ੍ਹਾਂ ਨੇ 4 ਫਰਵਰੀ ਨੂੰ ਪਿੰਡ ਭਾਈ ਕਾ ਕੇਰਾ ਤੋਂ ਖੇਮਾ ਖੇੜਾ ਵਾਲੇ ਰਸਤੇ ਵਿਚ ਸ਼ਵਿੰਦਰ ਸਿੰਘ ਪੁੱਤਰ ਗੁਰਨਾਮ ਸਿੰਘ ਵਾਸੀ ਬਲੋਚ ਕੇਰਾ ਕੋਲੋਂ ਉਸਦਾ ਮੋਬਾਈਲ ਫੋਨ ਖੋਹਿਆ ਸੀ। ਪੁਲਸ ਵੱਲੋਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ ਮੋਬਾਈਲ ਫੋਨ ਅਤੇ ਵਾਰਦਾਤ ਵਿੱਚ



ਵਰਤਿਆ ਬਿਨਾਂ ਨੰਬਰੀ ਮੋਟਰਸਾਈਕਲ ਵੀ ਬਰਾਮਦ ਕੀਤਾ ਹੈ। ਪੁਲਸ ਵੱਲੋਂ ਕਾਬੂ ਦੋਸ਼ੀਆਂ ਕੋਲੋਂ ਗਿਰੋਹ ਦੇ ਹੋਰ ਸਾਥੀਆਂ ਬਾਰੇ ਪੁੱਛਗਿਛ ਕੀਤੀ ਜਾ ਰਹੀ।

## ਮੂੰਗੀ ਦੀ ਫਸਲ ਦਾ ਖਰੀਦ ਮੁੱਲ ਪੂਰਾ ਨਾ ਮਿਲਣ ਕਰਕੇ ਮਿੱਟੀ ਦੇ ਭਾਅ ਵੇਚਣ ਲਈ ਮਜਬੂਰ ਹੋਏ ਕਿਸਾਨ

ਚੰਡੀਗੜ੍ਹ 11 ਫਰਵਰੀ। ਪੰਜਾਬ ਵਿੱਚ ਬਹੁਤ ਸਾਰੇ ਕਿਸਾਨ ਮੂੰਗੀ ਦੀ ਫਸਲ ਦੀ ਕਾਸ਼ਤ ਕਰਦੇ ਹਨ। ਉਕਤ ਕਿਸਾਨਾਂ ਨੂੰ ਆਪਣੀ ਫਸਲ ਦਾ ਪੂਰਾ ਖਰੀਦ ਮੁੱਲ ਨਹੀਂ ਮਿਲ ਰਿਹਾ, ਜਿਸ ਕਾਰਨ ਉਹ



ਪਰੇਸ਼ਾਨ ਹੁੰਦੇ ਹਨ। ਫਸਲੀ ਵੰਨ-ਸੁਵੰਨਤਾ ਦੇ ਰਾਹ ਪੈਣ ਵਾਲੇ ਕਿਸਾਨ ਆਪਣੀ ਮੂੰਗੀ ਦੀ ਫਸਲ ਮਿੱਟੀ ਦੇ ਭਾਅ ਵੇਚਣ ਲਈ ਮਜਬੂਰ ਹੋ ਰਹੇ ਹਨ। ਭਾਵੇਂ ਪੰਜਾਬ ਸਰਕਾਰ ਫਸਲਾਂ ਦੀ ਵਿਭਿੰਨਤਾ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੀ ਆਪਣੀ ਯੋਜਨਾ ਦੇ ਹਿੱਸੇ ਵਜੋਂ ਮੂੰਗੀ ਦੀ ਕਾਸਤ ਨੂੰ ਉਤਸਾਹਿਤ ਕਰ ਰਹੀ ਹੈ, ਪਰ ਇਸ ਸਾਲ ਮੂੰਗੀ ਦੀ ਸਰਕਾਰੀ ਖਰੀਦ ਪਿਛਲੇ ਸਾਲ ਨਾਲੋਂ ਹੁਣ ਤੱਕ 77 ਫੀਸਦੀ ਘੱਟ ਹੈ। ਜਿਹੜੇ ਕਿਸਾਨਾਂ ਨੇ ਮੂੰਗੀ ਦੀ ਕਾਸ਼ਤ ਕੀਤੀ ਹੈ, ਉਨ੍ਹਾਂ ਨੂੰ ਆਪਣੀ ਫਸਲ ਦਾ ਘੱਟੋ-ਘੱਟ ਸਮਰਥਨ ਮੁੱਲ ਨਹੀਂ ਮਿਲ ਰਿਹਾ। ਮੂੰਗੀ ਦੀ ਫਸਲ ਦਾ ਸਰਕਾਰੀ ਭਾਅ 7755 ਰੁਪਏ ਪ੍ਰਤੀ ਕੁਇੰਟਲ ਹੈ ਤੇ ਪੰਜਾਬ ਵਿਚ ਮੂੰਗੀ 6100 ਰੁਪਏ ਪ੍ਰਤੀ ਕੁਇੰਟਲ ਤੱਕ ਵਿਕੀ ਹੈ। ਇਸ ਤਰ੍ਹਾਂ ਪੰਜਾਬ ਦੀ ਕਰੀਬ 83 ਫੀਸਦੀ ਮੂੰਗੀ ਦੀ ਫਸਲ ਸਰਕਾਰੀ ਭਾਅ ਤੋਂ ਹੇਠਾਂ ਵਿਕੀ ਹੈ। ਮੂੰਗੀ ਦੀ ਫਸਲ ਦੀ ਸਰਕਾਰ ਵਲੋਂ ਮਾਮੂਲੀ ਮਾਤਰਾ ਵਿੱਚ ਖਰੀਦ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਨੇ ਮੂੰਗੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਵਾਸਤੇ ਪਿਛਲੇ ਵਰ੍ਹੇ ਸਰਕਾਰੀ ਭਾਅ ਤੋਂ ਹੇਠਾਂ ਵਿਕਣ ਵਾਲੀ ਫਸਲ ’ਤੇ ਇੱਕ ਹਜ਼ਾਰ ਰੁਪਏ ਤੱਕ ਦੀ ਮਾਲੀ ਮਦਦ ਦੇਣ ਦਾ ਫੈਸਲਾ ਕੀਤਾ ਸੀ। ਪੰਜਾਬ ਵਿਚ ਹੁਣ ਤੱਕ 1.49 ਲੱਖ ਕੁਇੰਟਲ ਮੂੰਗੀ ਦੀ ਫਸਲ ਦੀ ਖਰੀਦ ਹੋਈ ਹੈ, ਜਿਸ ਵਿੱਚੋਂ ਸਰਕਾਰੀ ਖਰੀਦ ਸਿਰਫ ਡੇਢ ਫੀਸਦ (2280 ਕੁਇੰਟਲ) ਹੀ ਹੋਈ ਹੈ। ਇਸ ਮੌਕੇ ਜੇਕਰ ਜਗਰਾਉਂ ਮੰਡੀ ਦੀ ਗੱਲ ਕਰੀਏ ਤਾਂ ਉਥੇ ਹੁਣ ਤੱਕ 1.18 ਲੱਖ ਕੁਇੰਟਲ ਫਸਲ ਦੀ ਖਰੀਦ ਹੋਈ ਹੈ, ਜਿਸ ’ਚੋਂ ਸਿਰਫ 596 ਕੁਇੰਟਲ ਦੀ ਖਰੀਦ ਸਰਕਾਰ ਨੇ ਕੀਤੀ ਹੈ। ਮੰਡੀ ਵਿੱਚ ਰੋਜ਼ਾਨਾ 15 ਹਜ਼ਾਰ ਬੋਰੀ ਫਸਲ ਪਹੁੰਚ ਰਹੀ ਹੈ, ਜਿਸ ’ਚੋਂ ਸਰਕਾਰੀ ਖਰੀਦ ਸਿਰਫ 500 ਬੋਰੀਆਂ ਦੀ ਹੈ। ਪੰਜਾਬ ਸਰਕਾਰ ਨੇ ਇਸ ਵਾਰ ਕਪਾਹ ਪੱਟੀ ਦੇ ਚਾਰ ਜ਼?ਿਲ੍ਹਿਆਂ ਬਠਿੰਡਾ, ਮਾਨਸਾ, ਫਾਜ਼ਿਲਕਾ ਅਤੇ ਮੁਕਤਸਰ ਸਾਹਿਬ ਦੇ ਕਿਸਾਨਾਂ ਨੂੰ ਮੂੰਗੀ ਦੀ ਕਾਸ਼ਤ ਕਰਨ ਤੋਂ ਮਨਾ ਕੀਤਾ ਸੀ। ਇਸੇ ਤਰ੍ਹਾਂ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ, ਫਤਹਿਗੜ੍ਹ ਸਾਹਿਬ, ਜਲੰਧਰ ਤੇ ਗੁਰਦਾਸਪੁਰ ਵਿੱਚ ਹਾਲੇ ਤੱਕ ਮੂੰਗੀ ਦੀ ਖਰੀਦ ਦਾ ਖਾਤਾ ਨਹੀਂ ਖੁੱਲ੍ਹਿਆ। ਇਸ ਦੌਰਾਨ ਜ਼ਿਲ੍ਹਾ ਫਰੀਦਕੋਟ ਵਿਚ ਸਭ ਤੋਂ ਘੱਟ 150 ਕੁਇੰਟਲ ਮੂੰਗੀ ਦੀ ਫਸਲ ਆਈ ਹੈ।

## ਵਰਨਾ ਕਾਰ ’ਤੇ ਆਏ ਲੁਟੇਰਿਆਂ ਨੇ ਮੈਡੀਕਲ ਸਟੋਰ ਨੂੰ ਬਣਾਇਆ ਨਿਸ਼ਾਨਾ

ਗੁਰਦਾਸਪੁਰ 11 ਫਰਵਰੀ। ਗੁਰਦਾਸਪੁਰ ਅੰਦਰ ਆਸ ਪਾਸ ਇਲਾਕੇ ਅੰਦਰ ਲੁੱਟਾ-ਖੋਹਾਂ ਦੀਆਂ ਘਟਨਾਵਾਂ ਲਗਾਤਾਰ ਵੱਧਦੀਆਂ ਜਾ ਰਹੀਆਂ ਹਨ। ਤਾਜ਼ਾ ਵਾਰਦਾਤ ਗੁਰਦਾਸਪੁਰ ਕਲਾਨੌਰ ਰੋਡ ’ਤੇ ਸਥਿਤ ਅੱਡਾ ਨੜਾਂ ਵਾਲੀ ਦੇ ਇਕ ਦੁਕਾਨਦਾਰ ਨਾਲ ਵਾਪਰੀ ਹੈ ਜਿਥੇ ਵਰਨਾ ਕਾਰ ’ਤੇ ਆਏ ਚਾਰ ਲੁਟੇਰਿਆਂ ਨੇ ਹਥਿਆਰਾਂ ਦੀ ਨੋਕ ’ਤੇ ਨਕਦੀ ਅਤੇ ਮੋਬਾਇਲ ਫੋਨ ਖੋਹ ਲਿਆ ਤੇ ਫਰਾਰ ਹੋ ਗਏ। ਲੁੱਟ ਦੀ ਇਹ ਵਾਰਦਾਤ ਦੁਕਾਨ ਵਿਚ ਲੱਗੇ ਸੀਸੀਟੀਵੀ ਕੈਮਰੇ ਵਿਚ ਕੈਦ ਹੋਈ ਹੈ ਜਿਸ ਵਿਚ ਦੁਕਾਨਦਾਰ ਨਾਲ ਧੱਕਾ-ਮੁੱਕੀ ਅਤੇ ਹੱਥੋਪਾਈ ਕਰਦੇ ਲੁਟੇਰੇ ਸਾਫ ਨਜ਼ਰ ਆ ਰਹੇ ਹਨ। ਇਸ ਮਾਮਲੇ ਵਿਚ ਪੁਲਸ ਵੱਲੋਂ ਮਾਮਲਾ ਵੀ ਦਰਜ ਕੀਤਾ ਗਿਆ ਹੈ। ਇਸ ਤਹਿਤ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਗੁਰਦੀਪ ਸਿੰਘ ਗੋਗਾ ਪੁੱਤਰ ਪਲਵਿੰਦਰ ਸਿੰਘ ਵਾਸੀ ਮੋੜ ਨੜਾਂਵਾਲੀ ਨੇ ਦੱਸਿਆ ਹੈ ਕਿ ਉਹ ਅੱਡਾ ਨੜਾਂਵਾਲੀ ਵਿਖੇ ਗੋਗਾ ਹੈਲਥ ਕੇਅਰ ਸੈਂਟਰ ਦੇ ਨਾਮ ਮੈਡੀਕਲ ਸਟੋਰ ਦੀ ਦੁਕਾਨ ਕਰਦਾ ਹੈ ਅਤੇ ਬੀਤੀ ਰਾਤ ਉਹ ਦੁਕਾਨ ਬੰਦ ਕਰਨ ਤੋਂ ਪਹਿਲਾ ਆਪਣੀ ਸ਼ਰਧਾ ਅਨੁਸਾਰ ਬਾਬਾ ਜੀ ਦੀ ਫੋਟੋ ਅੱਗੇ ਅਰਦਾਸ ਕਰ ਰਿਹਾ ਸੀ ਕਿ ਇਕ ਚਿੱਟੇ ਰੰਗ ਦੀ ਵਰਨਾ ਕਾਰ ਗੁਰਦਾਸਪੁਰ ਸਾਇਡ ਤੋਂ ਆ ਕੇ ਦੁਕਾਨ ਦੇ ਸਾਹਮਣੇ ਰੁੱਕ ਗਈ। ਕਾਰ ਵਿਚੋਂ 4 ਵਿਅਕਤੀ ਉੱਤਰੇ ਜਿਨ੍ਹਾਂ ਨੇ ਆਪਣੇ ਚਿਹਰੇ ਕੱਪੜੇ ਨਾਲ ਢੱਕੇ ਹੋਏ ਸਨ। ਉਕਤ ਵਿਅਕਤੀ ਦੁਕਾਨ ਦੇ ਅੰਦਰ ਆਏ ਜਿਨ੍ਹਾਂ ਵਿਚੋਂ ਇਕ ਵਿਅਕਤੀ ਕੋਲ ਕ੍ਰਿਪਾਨ, ਇੱਕ ਕੋਲ ਦਾਤਰ ਅਤੇ ਇੱਕ ਕੋਲ ਪਿਸਤੌਲ ਸੀ

## ਪੰਜਾਬ ‘ਚ ਕਾਰਾਂ-ਗੱਡੀਆਂ ਚਲਾਉਣ ਵਾਲਿਆਂ ਲਈ ਵੱਡੀ ਖਬਰ, ਸਰਕਾਰ ਨੇ ਜਾਰੀ ਕੀਤੇ ਨਵੇਂ ਹੁਕਮ

ਲੁਧਿਆਣਾ 11 ਫਰਵਰੀ। ਪੰਜਾਬ ‘ਚ ਕਾਰਾਂ ਤੇ ਮੋਟਰ ਗੱਡੀਆਂ ਚਲਾਉਣ ਵਾਲੇ ਲੋਕ ਹੁਣ ਸਾਵਧਾਨ ਹੋ ਜਾਣ ਕਿਉਂਕਿ ਪੰਜਾਬ ਸਰਕਾਰ ਨੇ ਕਾਰ ਦੀ ਪਿਛਲੀ ਸੀਟ ‘ਤੇ ਬੈਠੇ ਲੋਕਾਂ ਲਈ ਵੀ ਸੀਟ ਬੈਲਟ ਦਾ ਇਸਤੇਮਾਲ ਕਰਨਾ ਜਰੂਰੀ ਕਰ ਦਿੱਤਾ ਹੈ। ਸੂਬਾ ਸਰਕਾਰ ਵਲੋਂ ਇਸ ਸਬੰਧੀ ਇਕ ਪੱਤਰ ਜਾਰੀ ਕੀਤਾ ਗਿਆ ਹੈ, ਜਿਸ ‘ਚ ਕਿਹਾ ਗਿਆ ਹੈ ਕਿ ਸਾਰੇ ਟ੍ਰੈਫਿਕ ਐਜੂਕੇਸ਼ਨ ਸੈੱਲ ਦੇ ਇੰਚਾਰਜਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਹ ਸਾਰੇ ਅਧਿਕਾਰੀਆਂ ਅਤੇ ਆਮ ਲੋਕਾਂ ਨੂੰ ਦੱਸਣ ਕਿ ਜਦੋਂ ਵੀ ਵਾਹਨ ਚਲਾਉਣ ਤਾਂ ਸੀਟ ਬੈਲਟ ਲਾ ਕੇ ਹੀ ਚਲਾਉਣ। ਜੇਕਰ ਕੋਈ ਗੰਨਮੈਨ ਡਰਾਈਵਰ ਦੇ ਸਾਈਡ ਵਾਲੀ ਸੀਟ ‘ਤੇ ਬੈਠਦਾ ਹੈ ਤਾਂ ਉਹ ਵੀ ਸੀਟ ਬੈਲਟ ਲਾ ਕੇ ਹੀ ਬੈਠੇਗਾ। ਇਸ ਸਬੰਧੀ ਏ. ਡੀ. ਜੀ. ਪੀ. ਟ੍ਰੈਫਿਕ ਵਲੋਂ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਸੂਬੇ ਦੇ ਸਾਰੇ ਪੁਲਸ ਕਮਿਸ਼ਨਰਾਂ ਅਤੇ ਐੱਸ. ਐੱਸ. ਪੀਜ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਸੜਕ ਸੁਰੱਖਿਆ ਮਹੀਨਾ 15 ਜਨਵਰੀ ਤੋਂ 14 ਫਰਵਰੀ ਤੱਕ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਲੋਕਾਂ ਨੂੰ ਸੀਟ ਬੈਲਟ ਦੇ ਇਸਤੇਮਾਲ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। 14 ਫਰਵਰੀ ਤੋਂ ਬਾਅਦ ਜੋ ਲੋਕ ਸੀਟ ਬੈਲਟ ਦਾ ਇਸਤੇਮਾਲ ਨਹੀਂ ਕਰਨਗੇ, ਉਨ੍ਹਾਂ ਦੇ ਖ਼?ਲਾਫ ਕਾਰਵਾਈ ਸ਼ੁਰੂ ਹੋਵੇਗੀ। ਇਸ ਦੇ ਨਾਲ ਹੀ ਸਰਕਾਰੀ ਅਧਿਕਾਰੀਆਂ ਅਤੇ ਮੁਲਾਜਮਾਂ ਨੂੰ ਵੀ ਡਰਾਈਵਿੰਗ ਦੌਰਾਨ ਸੀਟ ਬੈਲਟ ਪਹਿਨਣ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ।

### ਪੰਜਾਬ ਪੁਲਸ ਦੇ ਰਿਟਾਇਰਡ ਮੁਲਾਜਮ ਦੀ ਸੜਕ ਹਾਦਸੇ ‘ਚ ਮੌਤ

ਲੁਧਿਆਣਾ 11 ਫਰਵਰੀ। ਲੁਧਿਆਣਾ ‘ਚ ਵਾਪਰੇ ਦਰਦਨਾਕ ਹਾਦਸੇ ਦੌਰਾਨ ਪੰਜਾਬ ਪੁਲਸ ਦੇ ਸੇਵਾਮੁਕਤ ਮੁਲਾਜਮ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਰਿਟਾਇਰਡ ਮੁਲਾਜਮ ਸਾਈਕਲ ‘ਤੇ ਸਵਾਰ ਹੋ ਕੇ ਕਿਤੇ ਜਾ ਰਿਹਾ ਸੀ। ਉਸ ਨੂੰ ਨਗਰ ਨਿਗਮ ਦੇ ਟਿੱਪਰ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਟਿੱਪਰ ਚਾਲਕ ਟਿੱਪਰ ਛੱਡ ਕੇ ਮੌਕੇ ਤੋਂ ਫਰਾਰ ਹੋ ਗਿਆ।

ਫਿਲਹਾਲ ਮੌਕੇ ‘ਤੇ ਪੁੱਜੀ ਸਲੇਮ ਟਾਬਰੀ ਦੀ ਪੁਲਸ ਨੇ ਟਿੱਪਰ ਨੂੰ ਕਬਜੇ ‘ਚ ਲੈ ਕੇ ਲਾਸ਼ ਨੂੰ ਹਸਪਤਾਲ ਪਹੁੰਚਾ ਦਿੱਤਾ ਹੈ। ਪੁਲਸ ਵੱਲੋਂ ਮਾਮਲੇ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ।


**NAME CHANGE**
I Noushaba Abbas W/O Mr. Sahil Abbas R/O C-170 ,Khasra no . 2/2 Street no . 3 Sangam Vihar Wazirabad Delhi -110084 do hereby solemnly affirm that my Aadhar Card no is 634543141351. My prevoius name is KM. Noushaba .that now i changed my name KM. Noushaba to Noushaba Abbas . In future I shall be known by the name of Naushaba Abbas for all purposes .

**NAME CHANGE**
I, SAMINA MUMTAZ W/O RIAZ UR RAHMAAN residing at B-1, SECOND FLOOR, NIZAMUDDIN WEST, NEW DELHI -110013 have changed my name to SAMINA RIAZ for all future purpose.

**NAME CHANGE**
I Rajesh Kumar Tiwari S/o Baidnath Tiwari R/o House No-227,Ground Floor, Housing Board Sector-40,Have Changed My Name To Rajesh Tiwari For All Future Purpose.

**NAME CHANGE**
I, ROHIT KUMAR s/o Ravi vasdev R/O 928 SECTOR 17 faridabad Haryana have change name to ROHIT KUMAR VASDEV for all purposes

**NAME CHANGE**
I, MAMTA D/O GANGA RAM R/O-178, NEAR AMBEDKAR SADAN, SHAHBAD DAULATPUR VILLAGE, DELHI-110042, HAVE CHANGED MY NAME TO MAMTA JAISWAL FOR ALL FUTURE PURPOSES

**NAME CHANGE**
I, Mahinder s/o Bahrichi Prasad R/o C-25, Amar Colony, Qamruddin Nagar, Nangloi, Delhi-110041, have Changed my name to Mahender permanently

**NAME CHANGE**
I, DEVI LAL S/O CHIRANJI LAL JAIN R/O 588, GALI NO 38 ONKAR NAGAR, TRI NAGAR, DELHI have changed my name from DEVI LAL to DEVI RAM JAIN for all future purpose.

**NAME CHANGE**
I, Rafi Mohammed s/o Nazir Ahmad R/o H. No. 26, Gali No.4D, Aram Park, Shastri Nagar, Delhi-110031, have Changed my name to Mohd Rafi for all future purposes.

**NAME CHANGE**
I, Krishna Kumar s/o Shankar Singh r/o B4/69 SEC 15A FARIDABAD HARYANA HAVE ADD SURNAME TO KRISHNA KUMAR SINGH FOR ALL PURPOSES.

**NAME CHANGE**
I Rajbir Singh Dangi S/o Surajbhan Dangi R/o Flat No-372,Sant Sundar Das Apartment,Sector-12,Dwarka, Delhi-110075,Have Changed My Name To Rajbir Dangi For All Purpose.

**NAME CHANGE**
I Apoorva Dangi D/o Rajbir Dangi R/o Flat No-372,Sant Sundar Das Apartment,Sector-12,Dwarka,Delhi-110075,Have Changed My Name To Appoorva Dangi For All Purpose.

**NAME CHANGE**
I, Naseem Ahmed s/o Hafizuddin R/o D-605A, Old No. D-614, Gali No.1, Near Madarsa Wali Gali, Chauhan Banger, Delhi-110053, have Changed my name to Naseem for all future purposes.

**NAME CHANGE**
I, AMBIKA w/o ROHIT KUMAR VASDEV R/O 928 SECTOR 17 faridabad Haryana have change name to Ambika Vasdev for all purposes

**NAME CHANGE**
I, Vivek Chaurasiya s/o Manoj Kumar Chaurasiya R/o A-22, Govindpuri, Gwalior-474011, have Changed my name to Vivek Chaurasia permanently

**NAME CHANGE**
I KASHIF S/O ZAHID ALI R/O T-24 MAKHDUM SHAH WARD-8, MEHRAULI DELHI-110030 HAVE CHANGED MY NAME TO KASHIF ALI FOR ALL FUTURE PURPOSES

**PUBLIC NOTICE**
I, Army No. 14881774X Rank - SEP/MT Name - Sandip Kumar S/o Havildar Sharma Presently Residing at Unit 5017 ASC BN (MT), Kancharapara Military Station, P.S.- Jetia, Dist - North 24 Parganas, State - West Bengal & Permanently Medanapur urf Bilashpur, Tehsil - Rudrapur, Dist - Deoria, State - Uttar Pradesh, Pin - 274204 have changed my wife name from Snehalata Sharma to Snehlata Sharma for all future purposes. Vide Affidavit Dated 18th Nov. 2022 before S. P. Mishra, Notray Magistrate at Gorakhpur Court.

**PUBLIC NOTICE**
This is to the inform the public at large that my client Shri Pal son of Late Sri Sagwa Singh has entered into an Agreement to Sell for purchasing PROPERTY BEARING NO.D-68, ENTIRE GROUND FLOOR MEASURING 2400 SQ.FT. WITH CAR PARKING SPACE (7 X 10 ) IN THE DRIVEWAY, SITUATED AT EAST OF KAILASH, NEW DEHI-110048, along with ownership rights in the Land underneath admeasuring 500 sq. Yds, which is valid, binding and subsisting. If any one has any objection to the said sale and/or has any right, title and/or interest in the said property then he/she is required to give notice of the same to the undersigned within 7 days of the publication of the present notice. The public at large is hereby advised not to enter into any transaction whatsoever in respect of the aforesaid property in manner whatsoever."
**MEHTAB BIDHURI**
(ADVOCATE)
Ch. No.-710, Lawyer's Block,
Saket Court Complex
New Delhi 110017

**NAME CHANGE**
I, MD FAHAD S/O IKRAMUDDIN R/o B28 DDA FLATS MATA SUNDRI ROAD DARYA GANJ Central Delhi DELHI -110006, have changed my name to SHAH FAHAD IKRAM for all future purposes.

**PUBLIC NOTICE**
Information is given to general public at large that our clients Mr. Rahul Kumar and Mr. Deepak Bansal are the owner of Freehold Residential built on Plot no. 114-A, area 60 sq. yds, part of khasra no. 29/4, situated in village Kakrola, New Delhi. Vide Conveyance Deed (under PMUY) dated 13.10.2022 executed by DDA (PM-Unauthorized Colonies in Delhi Awas Adhikar Yojana Cell) as Doc. No. 11964, Book No. I, vol. no. 11733, pages 189-193, SR-IX, Delhi. Our client is declaring that that any other Person does not have any right over the said property, and Pvt. No. 009, on Second Floor, without roof rights, towards back side right hand side sold to be Mrs. Annu W/o Mr. Pankaj Kumar Which is to be financed by Ujjivan Small Finance Bank Ltd. Branch Gurgaon, Haryana. If any person(s) have any objection(s) or claim(s) with respect to the right, title or interest in the Said Property then contact us within 14 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)


## ਘਰ ’ਚੋਂ 10 ਤੋਲੇ ਸੋਨੇ ਦੇ ਗਹਿਣੇ ਤੇ ਨਕਦੀ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ

ਗੁਰਦਾਸਪੁਰ 11 ਫਰਵਰੀ। ਨੌਸ਼ਹਿਰਾ ਪਿੰਡ ‘ਚ ਕਿਸੇ ਦੇ ਘਰ ਸ੍ਰੀ ਅਖੰਡ ਪਾਠ ਦੇ ਭੋਗ ‘ਤੇ ਗਏ ਪਰਿਵਾਰ ਦੇ ਘਰੋਂ ਅਣਪਛਾਤਾ ਵਿਅਕਤੀ 10ਤੋਲੇ ਸੋਨੇ ਦੇ ਗਹਿਣੇ ਅਤੇ 40ਹਜਾਰ ਦੀ ਨਗਦੀ ਚੋਰੀ ਕਰਕੇ ਲੈ ਗਿਆ। ਜਿਸ ਸਬੰਧੀ ਪੁਰਾਣਾ ਸਾਲਾ ਪੁਲਸ ਨੇ ਅਣਪਛਾਤੇ ਵਿਅਕਤੀ ਦੇ ਖ਼?ਲਾਫ ਧਾਰਾ 454,380 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਲਵਿੰਦਰ ਕੌਰ ਪਤਨੀ ਮੰਗਤਾ ਸਿੰਘ ਵਾਸੀ ਨੌਸ਼ਹਿਰਾ ਨੇ ਪੁਲਸ ਨੂੰ ਦਿੱਤੀ ਸ਼?ਕਾਇਤ ਵਿਚ ਦੱਸਿਆ ਕਿ ਬੀਤੇ ਦਿਨ ਨੂੰ ਉਹ ਅਤੇ ਉਸ ਦਾ ਪਤੀ ਮੰਗਤਾ ਸਿੰਘ ਸਵੇਰੇ ਆਪਣੇ ਘਰ ਨੂੰ ਤਾਲੇ ਲਗਾ ਕੇ ਪਿੰਡ ‘ਚ ਕਿਸੇ ਦੇ ਘਰ ਸ੍ਰੀ ਅਖੰਡ ਪਾਠ ਦੇ ਭੋਗ ਤੇ ਗਏ ਸੀ, ਪਰ ਜਦ ਵਾਪਿਸ ਘਰ ਆ ਕੇ ਮੇਨ ਗੇਟ ਦਾ ਤਾਲਾ ਖੋਲ ਕੇ ਅੰਦਰ ਗਏ ਤਾਂ ਦੇਖਿਆ ਕਿ ਇਕ ਅਣਪਛਾਤਾ ਨੌਜਵਾਨ ਕੰਧ ਟੱਪ ਰਿਹਾ ਸੀ ,ਜਿਸ ਨੂੰ ਉਸ ਨੇ ਫੜਨ ਦੀ ਕੋਸ਼ਿਸ਼ ਕੀਤੀ ,ਪਰ ਉਹ ਭੱਜ ਗਿਆ। ਜਦ ਉਨ੍ਹਾਂ ਨੇ ਅੰਦਰ ਜਾ ਕੇ ਦੇਖਿਆ ਤਾਂ ਅਲਮਾਰੀ, ਪੇਟੀ, ਟਰੰਕ ਲੋਹਾ ਖੁੱਲੇ ਹੋਏ ਸਨ, ਜਿੰਨ੍ਹਾਂ ‘ਚੋਂ ਲਗਭਗ10 ਤੋਲੇ ਸੋਨੇ ਦੇ ਗਹਿਣੇ ਤੇ 40,000/-ਰੁਪਏ ਨਕਦੀ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ।

## ਵਿੱਕੀ ਮਿੱਡੂਖੇੜਾ ਕਤਲ ਮਾਮਲੇ ’ਚ ਵੱਡੀ ਅਪਡੇਟ, ਸ਼ਗਨਪ੍ਰੀਤ ਖਿਲਾਫ ਸਖਤ ਕਾਰਵਾਈ ਦੀ ਤਿਆਰੀ

ਚੰਡੀਗੜ੍ਹ 11 ਫਰਵਰੀ। ਪੰਜਾਬ ਪੁਲਸ ਵਲੋਂ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਥਿਤ ‘ਮੈਨੇਜਰ’ ਸ਼ਗਨਪ੍ਰੀਤ ’ਤੇ ਸ਼ਿਕੰਜਾ ਕੱਸਣ ਦੀ ਤਿਆਰੀ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਸ਼ਗਨਪ੍ਰੀਤ ਫਿਲਹਾਲ ਇਸ ਸਮੇਂ ਆਸਟ੍ਰੇਲੀਆ ਵਿਚ ਰਹਿ ਰਿਹਾ ਹੈ। ਜਿਸ ਖ਼?ਲਾਫ ਰੈੱਡ ਕਾਰਨਰ ਨੋਟਿਸ ਜਾਰੀ ਹੋ ਸਕਦਾ ਹੈ। ਯਾਦ ਰਹੇ ਕਿ 7 ਮਈ 2021 ਨੂੰ ਯੂਥ ਅਕਾਲੀ ਦਲ ਦੇ ਸਿਰਕੱਢ ਆਗੂ ਵਿੱਕੀ ਮਿੱਡੂਖੇੜਾ ਦਾ ਮੋਹਾਲੀ ਦੇ ਸੈਕਟਰ 70 ਵਿਚ ਕਤਲ ਹੋਇਆ ਸੀ ਜਿਸ ’ਚ ਸ਼ਗਨਪ੍ਰੀਤ ਦਾ ਨਾਂ ਸਾਹਮਣੇ ਆਇਆ ਸੀ। ਹੁਣ ਤੱਕ ਦੀ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਸ਼ਗਨਪ੍ਰੀਤ ਨੇ ਕਾਤਲਾਂ ਦੇ ਠਹਿਰਣ ਤੋਂ ਲੈ ਕੇ ਹੋਰ ਚੀਜਾਂ ਦਾ ਪ੍ਰਬੰਧ ਕੀਤਾ ਸੀ। ਤਫਤੀਸ਼ ’ਚ ਇਹ ਵੀ ਸਾਹਮਣੇ ਆਇਆ ਹੈ ਕਿ ਮੂਸੇਵਾਲਾ ਦਾ ਕਤਲ ਇਸ ਲਈ ਹੋਇਆ ਕਿ ਸ਼ਗਨਪ੍ਰੀਤ ਉਸ ਦਾ ਕਰੀਬੀ ਸੀ। ਉਸ ਵੇਲੇ ਤੋਂ ਇਹ ਨਾਮ ਚਰਚਾ ਵਿਚ ਹੈ। ਹੁਣ ਸ਼ਗਨਪ੍ਰੀਤ ’ਤੇ ਐਕਸ਼ਨ ਦੀ ਤਿਆਰੀ ਦੀਆਂ ਖਬਰਾਂ ਸਾਹਮਣੇ ਆ ਰਹੀਆਂ ਹਨ। ਫਿਲਹਾਲ ਇਥੇ ਇਹ ਵੀ ਦੇਖਣਾ ਹੋਵੇਗਾ ਕਿ ਪੁਲਸ ਦਾ ਅਗਲਾ ਕਦਮ ਕੀ ਹੁੰਦਾ ਹੈ ਅਤੇ ਸ਼ਗਨਪ੍ਰੀਤ ਖ਼?ਲਾਫ ਕੀ ਕਾਰਵਾਈ ਅਮਲ ਵਿਚ ਲਿਆਂਦੀ ਜਾਂਦੀ ਹੈ।



# ਮਾਂ-ਬੋਲੀ ਦਾ ਸਤਿਕਾਰ ਸਿਖਾਉਂਦਾ ਹੈ ਹਰ ਭਾਸ਼ਾ ਦਾ ਸਤਿਕਾਰ ਕਰਨਾ



ਮਾਂ ਬੋਲੀ ਦਿਵਸ ਉੱਤੇ ਵਿਸ਼ੇਸ਼



ਬਿੰਦਰ ਸਿੰਘ ਖੁੱਡੀ ਕਲਾਂ

ਮ. 98786-05965

ਮਾਂ-ਬੋਲੀ ਨਾਲ ਹਰ ਇਨਸਾਨ ਦਾ ਰਿਸ਼ਤਾ ਵਿਸ਼ੇਸ਼ ਅਤੇ ਵਿਲੱਖਣ ਹੁੰਦਾ ਹੈ। ਵਿਸ਼ਵ ਦੇ ਹਰ ਸਮਾਜ ਦੇ ਨਾਗਰਿਕਾਂ ਨੂੰ ਆਪਣੀ ਮਾਂ-ਬੋਲੀ ਸਭ ਤੋਂ ਪਿਆਰੀ ਤੇ ਮਿੱਠੀ ਜਾਪਦੀ ਹੈ। ਸ਼ਾਇਦ ਇਸੇ ਸੋਚ ਵਿੱਚੋਂ ਹੀ ਭਾਸ਼ਾਈ ਸੰਕੀਰਨਤਾ ਦਾ ਜਨਮ ਹੁੰਦਾ ਹੈ। ਹਰ ਇਨਸਾਨ ਨੂੰ ਆਪਣੀ ਮਾਂ-ਬੋਲੀ ਨਾਲ ਸਨੇਹ ਕਰਨਾ ਚਾਹੀਦਾ ਹੈ ਪਰ ਹੋਰਨਾਂ ਭਾਸ਼ਾਵਾਂ ਪ੍ਰਤੀ ਤੰਗਦਿਲੀ ਰੱਖਣਾ ਕਿਵੇਂ ਵੀ ਜਾਇਜ਼ ਨਹੀਂ। ਹੋਰਨਾਂ ਭਾਸ਼ਾਵਾਂ ਪ੍ਰਤੀ ਤੰਗਦਿਲੀ ਵਾਲੀ ਸੋਚ ਹੀ ਸਮਾਜ 'ਚ ਬਹੁਤ ਸਾਰੀਆਂ ਬੁਰਾਈਆਂ ਦੀ ਜਨਮਦਾਤੀ ਹੈ। ਜੇਕਰ ਮਾਂ-ਬੋਲੀ ਨੂੰ ਹੋਰਨਾਂ ਭਾਸ਼ਾਵਾਂ ਤੋਂ ਉੱਚਾ ਰੁਤਬਾ ਦੇਣਾ ਵਿਦਵਤਾ ਦੀ ਨਿਸ਼ਾਨੀ ਹੈ ਤਾਂ ਹੋਰਨਾਂ ਭਾਸ਼ਾਵਾਂ ਪ੍ਰਤੀ ਈਰਖਾ ਪਾਲਣਾ ਮੂਰਖਤਾ ਤੋਂ ਵੱਧ ਕੁੱਝ ਵੀ ਨਹੀਂ। ਵਿਸ਼ਵ ਸ਼ਾਂਤੀ ਅਤੇ ਇਨਸਾਨੀਅਤ ਦੇ ਪਸਾਰੇ ਲਈ ਬਹੁ-ਭਾਸ਼ਾਈ ਸਨੇਹ ਅਤੇ ਸਦਭਾਵਨਾ ਸਮੇਂ ਦੀ ਮੁੱਖ ਜਰੂਰਤ ਹੈ।

ਹੋਰਨਾਂ ਭਾਸ਼ਾਵਾਂ ਪ੍ਰਤੀ ਸਤਿਕਾਰ ਦੀ ਭਾਵਨਾ ਕਾਇਮ ਕਰਨ ਅਤੇ ਬਹੁ-ਭਾਸ਼ਾਈ ਸੱਭਿਆਚਾਰ ਦੇ ਪਸਾਰੇ ਲਈ ਸਮੁੱਚੇ ਵਿਸ਼ਵ 'ਚ 21 ਫਰਵਰੀ ਦਾ ਦਿਨ ਕੌਮਾਂਤਰੀ ਮਾਤ-ਭਾਸ਼ਾ ਦਿਵਸ ਵਜੋਂ ਮਨਾਇਆ ਜਾਂਦਾ ਹੈ। ਪਹਿਲੀ ਵਾਰ ਯੂਨੈਸਕੋ ਵੱਲੋਂ 17 ਨਵੰਬਰ 1999 ਨੂੰ ਕੌਮਾਂਤਰੀ ਮਾਂ-ਬੋਲੀ ਦਿਵਸ ਮਨਾਉਣ ਦੀ ਘੋਸ਼ਣਾ ਕੀਤੀ ਗਈ। ਬਾਅਦ ਵਿੱਚ ਯੂਨਾਈਟਿਡ ਨੇਸ਼ਨਜ਼ ਵੱਲੋਂ ਕੌਮਾਂਤਰੀ ਮਾਂ-ਬੋਲੀ ਦਿਵਸ ਮਨਾਉਣ ਸਬੰਧੀ ਮਤੇ ਨੂੰ ਪ੍ਰਵਾਨਗੀ ਦਿੱਤੀ ਗਈ। ਸਮੁੱਚੇ ਵਿਸ਼ਵ 'ਚ 21 ਫਰਵਰੀ 2000 ਤੋਂ ਕੌਮਾਂਤਰੀ ਮਾਂ-ਬੋਲੀ ਦਿਵਸ ਮਨਾਇਆ ਜਾ ਰਿਹਾ ਹੈ। ਮਾਂ-ਬੋਲੀ ਲਈ ਸ਼ਹੀਦ ਹੋਣ ਵਾਲੇ ਬੰਗਲਾਦੇਸ਼ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਨਾਲ ਸ਼ੁਰੂ ਹੋਏ ਇਸ ਦਿਵਸ ਨੂੰ ਹੁਣ ਸਮੁੱਚੇ ਵਿਸ਼ਵ 'ਚ ਮਾਨਤਾ ਹੈ ਅਤੇ ਵਿਸ਼ਵ ਦੇ ਹਰ ਸਮਾਜ ਵੱਲੋਂ ਇਸ ਦਿਨ ਆਪੋ-ਆਪਣੀ ਮਾਂ-ਬੋਲੀ ਦੇ ਪਿਛੋਕੜ ਬਾਰੇ ਸੈਮੀਨਾਰ, ਗੋਸ਼ਟੀਆਂ ਅਤੇ ਕਾਵਿ ਸੰਮੇਲਨ ਕਰਵਾਉਣ ਤੋਂ ਇਲਾਵਾ ਇਸ ਦੇ ਪਸਾਰੇ ਲਈ ਅਹਿਦ ਲਏ ਜਾਂਦੇ ਹਨ। ਵਿਦਵਾਨਾਂ ਵੱਲੋਂ ਆਮ ਲੋਕਾਂ ਨੂੰ ਮਾਂ-ਬੋਲੀ ਦੀ ਮਹੱਤਤਾ ਤੋਂ ਜਾਣੂ ਕਰਵਾਉਂਦਿਆਂ ਮਾਂ-ਬੋਲੀ ਨਾਲ ਪਿਆਰ ਤੇ ਹੋਰਨਾਂ ਸਮਾਜਾਂ ਦੀਆਂ ਭਾਸ਼ਾਵਾਂ ਦੇ ਸਤਿਕਾਰ ਬਾਰੇ ਵੀ ਪ੍ਰੇਰਿਤ ਕੀਤਾ ਜਾਂਦਾ ਹੈ।

ਕੌਮਾਂਤਰੀ ਮਾਂ-ਬੋਲੀ ਦਿਵਸ ਦੀ ਸ਼ੁਰੂਆਤ ਦਾ ਸਿਹਰਾ ਬੰਗਲਾਦੇਸ਼ ਦੇ ਮਾਂ-ਬੋਲੀ ਪ੍ਰੇਮੀਆਂ ਦੇ ਸਿਰ ਬੱਝਦਾ ਹੈ। ਪਾਕਿਸਤਾਨ ਸਰਕਾਰ ਵੱਲੋਂ 1948 'ਚ ਕੇਵਲ ਤੇ ਕੇਵਲ ਉਰਦੂ ਨੂੰ ਰਾਸ਼ਟਰੀ ਭਾਸ਼ਾ ਦਾ ਦਰਜਾ ਦੇਣ ਦਾ ਬੰਗਲਾਦੇਸ਼ ਵਾਸੀਆਂ ਵੱਲੋਂ ਸ਼ੁਰੂ ਹੋਇਆ ਵਿਰੋਧ ਜਨ-ਅੰਦੋਲਨ ਦਾ ਰੂਪ ਧਾਰਨ ਕਰ ਗਿਆ। ਸੱਭਿਆਚਾਰ, ਖੇਤਰ ਤੇ ਭਾਸ਼ਾ ਪੱਖੋਂ ਪਾਕਿਸਤਾਨ ਤੋਂ ਪੂਰੀ ਤਰ੍ਹਾਂ ਭਿੰਨ ਬੰਗਲਾਦੇਸ਼ ਦੇ ਨਾਗਰਿਕਾਂ ਵੱਲੋਂ ਉਰਦੂ ਦੇ ਨਾਲ-ਨਾਲ ਉਨ੍ਹਾਂ ਦੀ ਮਾਂ-ਬੋਲੀ ਨੂੰ ਵੀ ਰਾਸ਼ਟਰੀ ਭਾਸ਼ਾ ਦਾ ਦਰਜਾ ਦੇਣ ਦੀ ਕੀਤੀ ਜਾ ਰਹੀ ਮੰਗ ਦੇ ਸੰਘਰਸ਼ ਨੂੰ ਦਬਾਉਣ ਲਈ ਪਾਕਿਸਤਾਨ ਸਰਕਾਰ ਨੇ ਇਸ ਸਬੰਧੀ ਕੀਤੇ ਜਾ ਰਹੇ ਪ੍ਰਦਰਸ਼ਨਾਂ ਨੂੰ ਗੈਰ-ਕਾਨੂੰਨੀ ਐਲਾਨ ਦਿੱਤਾ। ਸਰਕਾਰ ਦੇ ਇਸ ਐਲਾਨਨਾਮੇ ਖਿਲਾਫ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਜਨਤਕ ਸਹਿਯੋਗ ਨਾਲ ਭਾਰੀ ਰੈਲੀਆਂ ਤੇ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ।

ਪਾਕਿਸਤਾਨ ਸਰਕਾਰ ਦੇ ਹੁਕਮਾਂ 'ਤੇ ਢਾਕਾ ਵਿਖੇ ਪੁਲਿਸ ਵੱਲੋਂ 21 ਫਰਵਰੀ 1952 ਨੂੰ ਇਨ੍ਹਾਂ ਇਕੱਤਰਤਾਵਾਂ 'ਤੇ ਗੋਲੀਆਂ ਵਰ੍ਹਾਈਆਂ ਗਈਆਂ। ਬਹੁਤ ਸਾਰੇ ਬੰਗਲਾ ਨਾਗਰਿਕ ਅਤੇ ਵਿਦਿਆਰਥੀ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ। ਮਾਂ-ਬੋਲੀ ਦੇ ਬਚਾਅ ਲਈ ਸ਼ਹੀਦੀਆਂ ਦੇਣ ਦਾ ਇਹ ਸ਼ਾਇਦ ਪਹਿਲਾ ਸਾਕਾ ਸੀ ਅਤੇ ਅੱਜ ਤੱਕ ਵੀ ਵਿਸ਼ਵ ਦਾ ਹੋਰ ਕੋਈ ਸਮਾਜ ਮਾਂ-ਬੋਲੀ ਪ੍ਰਤੀ ਇਸ ਹੱਦ ਤੱਕ ਦਾ ਸਨੇਹ ਨਹੀਂ ਵਿਖਾ ਸਕਿਆ। ਉਸ ਦਿਨ ਤੋਂ ਬੰਗਲਾਦੇਸ਼ ਵਾਸੀ ਮਾਂ-ਬੋਲੀ ਦੇ ਸ਼ਹੀਦਾਂ ਨੂੰ ਸ਼ਰਧਾਜਲੀਆਂ ਅਰਪਿਤ ਕਰਦੇ ਆ ਰਹੇ ਹਨ। ਬੰਗਲਾ ਦੇਸ਼ 'ਚ ਇਸ ਦਿਨ ਰਾਸ਼ਟਰੀ ਛੁੱਟੀ ਵੀ ਰਹਿੰਦੀ ਹੈ।

ਬੰਗਲਾਦੇਸ਼ ਸਰਕਾਰ ਵੱਲੋਂ ਵਿਸ਼ਵ ਦੀਆਂ ਬੋਲੀਆਂ ਦੇ ਬਚਾਅ ਤੇ ਉਨ੍ਹਾਂ ਨੂੰ ਵਿਕਸਿਤ ਹੋਣ ਦੇ ਅਵਸਰ ਉਪਲੱਬਧ ਕਰਵਾਉਣ ਦੇ ਮਨੋਰਥ ਨਾਲ 21 ਫਰਵਰੀ ਦਾ ਦਿਨ ਕੌਮਾਂਤਰੀ ਮਾਂ-ਬੋਲੀ ਦਿਵਸ ਵਜੋਂ ਮਨਾਉਣ ਲਈ ਯੂਨੈਸਕੋ ਕੋਲ ਪਹੁੰਚ ਕੀਤੀ ਗਈ। ਅਖੀਰ 17 ਨਵੰਬਰ 1999 ਨੂੰ ਯੂਨੈਸਕੋ ਵੱਲੋਂ ਮਾਂ-ਬੋਲੀ ਦੇ ਸ਼ਹੀਦਾਂ ਨੂੰ ਯਾਦ ਕਰਨ ਅਤੇ ਮਾਂ-ਬੋਲੀ ਪ੍ਰਤੀ ਸਨੇਹ ਪੈਦਾ ਕਰਨ ਲਈ 21 ਫਰਵਰੀ ਦਾ ਦਿਨ ਹਰ ਵਰ੍ਹੇ ਕੌਮਾਂਤਰੀ ਮਾਂ-ਬੋਲੀ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ। ਉਸ ਦਿਨ ਤੋਂ ਲੈ ਕੇ ਭਾਰਤ ਸਮੇਤ ਵਿਸ਼ਵ ਦੇ ਤਮਾਮ ਮੁਲਕਾਂ ਵੱਲੋਂ ਇਹ ਦਿਵਸ ਮਨਾਇਆ ਜਾਂਦਾ ਹੈ। ਮੌਜੂਦਾ ਦੌਰ ਦੌਰਾਨ ਕੋਰੋਨਾ ਮਹਾਂਮਾਰੀ ਬਦੌਲਤ ਮੇਲਜੋਲ ਤੋਂ ਵਾਂਝੀ ਹੋ ਰਹੀ ਮਨੁੱਖਤਾ ਦੇ ਮੱਦੇਨਜ਼ਰ ਨਵੀਆਂ ਤਕਨੀਕਾਂ ਜਰੀਏ ਸਿੱਖਣ ਪ੍ਰਕਿਰਿਆ-ਚੁਣੌਤੀਆਂ ਅਤੇ ਅਵਸਰ ਦੇ ਥੀਮ ਨਾਲ ਇਸ ਵਰ੍ਹੇ ਦਾ ਕੌਮਾਂਤਰੀ ਮਾਂ-ਬੋਲੀ ਦਿਵਸ ਮਨਾਇਆ ਜਾ ਰਿਹਾ ਹੈ। ਸਿੱਖਣ ਸਿਖਾਉਣ ਦੀਆਂ ਆਧੁਨਿਕ ਤਕਨੀਕਾਂ ਦਾ ਵਿਸ਼ਵ ਦੀਆਂ ਸਮੂਹ ਭਾਸ਼ਾਵਾਂ ਦੇ ਵਿਸਥਾਰ ਲਈ ਇਸਤੇਮਾਲ ਸਮੇਂ ਦੀ ਮੁੱਖ ਜਰੂਰਤ ਹੈ।

ਬੰਗਲਾਦੇਸ਼ ਸਰਕਾਰ ਵੱਲੋਂ ਵਿਸ਼ਵ ਦੀਆਂ ਬੋਲੀਆਂ ਦੇ ਬਚਾਅ ਤੇ ਉਨ੍ਹਾਂ ਨੂੰ ਵਿਕਸਿਤ ਹੋਣ ਦੇ ਅਵਸਰ ਉਪਲੱਬਧ ਕਰਵਾਉਣ ਦੇ ਮਨੋਰਥ ਨਾਲ 21 ਫਰਵਰੀ ਦਾ ਦਿਨ ਕੌਮਾਂਤਰੀ ਮਾਂ-ਬੋਲੀ ਦਿਵਸ ਵਜੋਂ ਮਨਾਉਣ ਲਈ ਯੂਨੈਸਕੋ ਕੋਲ ਪਹੁੰਚ ਕੀਤੀ ਗਈ। ਅਖੀਰ 17 ਨਵੰਬਰ 1999 ਨੂੰ ਯੂਨੈਸਕੋ ਵੱਲੋਂ ਮਾਂ-ਬੋਲੀ ਦੇ ਸ਼ਹੀਦਾਂ ਨੂੰ ਯਾਦ ਕਰਨ ਅਤੇ ਮਾਂ-ਬੋਲੀ ਪ੍ਰਤੀ ਸਨੇਹ ਪੈਦਾ ਕਰਨ ਲਈ 21 ਫਰਵਰੀ ਦਾ ਦਿਨ ਹਰ ਵਰ੍ਹੇ ਕੌਮਾਂਤਰੀ ਮਾਂ-ਬੋਲੀ ਦਿਵਸ ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ।

ਮਾਂ-ਬੋਲੀ ਪ੍ਰਤੀ ਲਾਪਰਵਾਹੀ ਦਾ ਆਲਮ ਵੀ ਕੌਮਾਂ ਤੋਂ ਉਨ੍ਹਾਂ ਦੀ ਮਾਤ-ਭਾਸ਼ਾ ਖੋਹ ਲੈਂਦਾ ਹੈ। ਹੋਰਨਾਂ ਭਾਸ਼ਾਵਾਂ ਦੇ ਸ਼ਬਦਾਂ ਨੂੰ ਆਪਣੇ ਵਿੱਚ ਸਮਾ ਲੈਣਾ ਬੇਸ਼ੱਕ ਕਿਸੇ ਭਾਸ਼ਾ ਦੀ ਅਮੀਰੀ ਮੰਨੀ ਜਾਂਦੀ ਹੈ ਪਰ ਇਸ ਤਰ੍ਹਾਂ ਦੀ ਬਹੁਤੀ ਅਮੀਰੀ ਵਿਸ਼ਵ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਨੂੰ ਮਹਿੰਗੀ ਵੀ ਪੈ ਚੁੱਕੀ ਹੈ। ਸਾਡੀ ਮਾਂ-ਬੋਲੀ ਪੰਜਾਬੀ 'ਚ ਹੋਰਨਾਂ ਭਾਸ਼ਾਵਾਂ ਖਾਸ ਕਰਕੇ ਅੰਗਰੇਜੀ ਸ਼ਬਦਾਂ ਦਾ ਹੋ ਰਿਹਾ ਪ੍ਰਚਲਨ ਪੰਜਾਬੀ ਭਾਸ਼ਾ ਦੀ ਹੋਂਦ ਨੂੰ ਲਗਾਤਾਰ ਖੋਰਾ ਲਾ ਰਿਹਾ ਹੈ। ਪੰਜਾਬੀਆਂ ਦੇ ਅੰਗਰੇਜੀ ਬੋਲਦੇ ਮੁਲਕਾਂ 'ਚ ਹੋ ਰਹੇ ਪ੍ਰਵਾਸ ਨੇ ਇਸ ਤਰ੍ਹਾਂ ਦੇ ਪ੍ਰਚਲਨ 'ਚ ਕਈ ਗੁਣਾ ਜ਼ਿਆਦਾ ਇਜ਼ਾਫਾ ਕੀਤਾ ਹੈ ਜਦੋਂਕਿ ਅੰਗਰੇਜੀ ਭਾਸ਼ਾ ਨੂੰ ਦਫਤਰੀ ਭਾਸ਼ਾ ਦਾ ਸਾਧਨ ਬਣਾਉਣ ਵਾਲੇ ਉਹ ਵਿਕਸਿਤ ਮੁਲਕ ਆਪਣੀ ਮਾਤ-ਭਾਸ਼ਾ ਦੇ ਨਾ ਕੇਵਲ ਬਚਾਅ ਲਈ ਸਗੋਂ ਵਿਕਾਸ ਲਈ ਪੂਰੀ ਤਰ੍ਹਾਂ ਸੁਚੇਤ ਹਨ। ਪੰਜਾਬੀ ਮਾਂ-ਬੋਲੀ ਨੂੰ ਲੱਗ ਰਹੇ ਖੋਰੇ ਬਾਰੇ ਆਪਣੀ ਜਿੰਮੇਵਾਰੀ ਵਿਖਾਉਂਦਿਆਂ ਸਰਕਾਰਾਂ ਵੱਲੋਂ ਸਮੇਂ-ਸਮੇਂ 'ਤੇ ਬਹੁਤ ਸਾਰੇ ਕਾਇਦੇ ਕਾਨੂੰਨ ਅਮਲ ਵਿੱਚ ਲਿਆਂਦੇ ਗਏ ਹਨ। ਪੰਜਾਬੀ ਭਾਸ਼ਾ ਨੂੰ ਸੂਬੇ ਦੇ ਦਫਤਰਾਂ ਦੀ ਪਟਰਾਣੀ ਬਣਾਇਆ ਗਿਆ ਹੈ। ਦਫਤਰਾਂ ਦਾ ਸਾਰਾ ਕੰਮਕਾਜ ਪੰਜਾਬੀ ਭਾਸ਼ਾ 'ਚ ਕਰਨ ਦੇ ਆਦੇਸ਼ਾਂ ਸਮੇਤ ਦਿਸ਼ਾ ਸੂਚਕ ਬੋਰਡਾਂ 'ਤੇ ਵੀ ਪੰਜਾਬੀ ਭਾਸ਼ਾ ਦਾ ਇਸਤੇਮਾਲ ਸਭ ਤੋਂ ਉੱਪਰ ਕਰਨ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਇਨ੍ਹਾਂ ਆਦੇਸ਼ਾਂ 'ਤੇ ਅਮਲ ਕਰਨਾ ਹਰ ਸਰਕਾਰੀ ਅਧਿਕਾਰੀ ਅਤੇ ਕਰਮਚਾਰੀ ਦਾ ਫਰਜ਼ ਹੈ।

ਸਰਕਾਰੀ ਯਤਨਾਂ ਦੇ ਨਾਲ-ਨਾਲ ਸਾਨੂੰ ਨਿੱਜੀ ਜ਼ਿੰਦਗੀ ਅਤੇ ਪਰਿਵਾਰਾਂ ਵਿੱਚ ਵੀ ਮਾਤ-ਭਾਸ਼ਾ ਪ੍ਰਤੀ ਸਨੇਹ ਪੈਦਾ ਕਰਨਾ ਪਵੇਗਾ। ਬੱਚਿਆਂ ਨੂੰ ਅੰਗਰੇਜੀ ਜਾਂ ਕਿਸੇ ਹੋਰ ਭਾਸ਼ਾਈ ਮਾਧਿਅਮ 'ਚ ਸਿੱਖਿਆ ਦਿਵਾਉਣਾ ਸਮੇਂ ਦੀ ਮੁੱਖ ਜਰੂਰਤ ਨੂੰ ਸਮਝਦਿਆਂ ਮਾਂ-ਬੋਲੀ ਪੰਜਾਬੀ ਪ੍ਰਤੀ ਆਪਣੇ ਫਰਜਾਂ ਨੂੰ ਵੀ ਚੇਤੇ ਰੱਖਣਾ ਹੋਵੇਗਾ। ਬੱਚਿਆਂ ਨੂੰ ਹੋਰ ਭਾਸ਼ਾਵਾਂ ਦਾ ਗਿਆਨ ਹਾਸਲ ਕਰਨ ਤੋਂ ਰੋਕਣ ਦੀ ਬਜਾਏ ਉਨ੍ਹਾਂ ਨੂੰ ਹੋਰਨਾਂ ਭਾਸ਼ਾਵਾਂ ਜਰੀਏ ਮਾਤ-ਭਾਸ਼ਾ ਪੰਜਾਬੀ ਦੇ ਵਿਕਾਸ ਲਈ ਤਿਆਰ ਕਰਨਾ ਹੋਵੇਗਾ। ਸਾਡੀਆਂ ਆਉਣ ਵਾਲੀਆਂ ਪਨੀਰੀਆਂ ਅਜਿਹੀਆਂ ਹੋਣ ਕਿ ਹੋਰਨਾਂ ਵਿਸ਼ਵ ਦੇ ਵੱਧ ਤੋਂ ਵੱਧ ਸਮਾਜਾਂ ਦੀਆਂ ਭਾਸ਼ਾਵਾਂ ਸਿੱਖ ਕੇ ਉਨ੍ਹਾਂ ਨੂੰ ਉਨ੍ਹਾਂ ਦੀ ਭਾਸ਼ਾ ਨਾਲ ਪੰਜਾਬੀ ਭਾਸ਼ਾ ਦੀ ਅਮੀਰੀ ਬਾਰੇ ਦੱਸ ਸਕਣ। ਪੰਜਾਬੀ ਮਾਂ-ਬੋਲੀ ਸਾਡੀ ਰੂਹ ਦੀ ਬੋਲੀ ਬਣਨੀ ਚਾਹੀਦੀ ਹੈ ਜਦ ਇਹ ਸਾਡੀ ਰੂਹ ਦੀ ਬੋਲੀ ਬਣ ਗਈ ਤਾਂ ਇਸ ਦੇ ਪ੍ਰਚਲਨ ਲਈ ਬਣਾਏ ਨਿਯਮ ਲਾਗੂ ਕਰਵਾਉਣ ਲਈ ਸਖਤੀ ਤਾਂ ਕੀ ਸ਼ਾਇਦ ਨਿਯਮਾਂ ਦੀ ਹੀ ਜਰੂਰਤ ਨਹੀਂ ਰਹੇਗੀ। ਹੋਰਨਾਂ ਭਾਸ਼ਾਵਾਂ ਤੋਂ ਹੋਣ ਵਾਲੇ ਅਣਕਿਆਸੇ ਅਤੇ ਅਣਦਿਖਦੇ ਹਮਲਿਆਂ ਤੋਂ ਮਾਤ-ਭਾਸ਼ਾ ਨੂੰ ਬਚਾਉਣ ਲਈ ਸਰਕਾਰੀ ਅਤੇ ਗੈਰ-ਸਰਕਾਰੀ ਦੋਵੇਂ ਤਰ੍ਹਾਂ ਦੇ ਯਤਨਾਂ ਦੀ ਜਰੂਰਤ ਸਮੇਂ ਦੀ ਮੁੱਖ ਮੰਗ ਹੈ।

ਕੌਮਾਂਤਰੀ ਮਾਂ-ਬੋਲੀ ਦਿਵਸ ਮਨਾਉਣ ਦੇ ਮਨੋਰਥ ਨੂੰ ਸਮਝਣਾ ਵੀ ਅਜੋਕੇ ਸਮੇਂ ਦੀ ਮੁੱਖ ਜਰੂਰਤ ਹੈ। ਮਾਂ-ਬੋਲੀ ਦਿਵਸ ਮਨਾਉਣ ਦਾ ਮੰਤਵ ਆਪੋ-ਆਪਣੀਆਂ ਮਾਂ-ਬੋਲੀਆਂ ਦੇ ਪਸਾਰੇ ਨਾਲ ਵਿਸ਼ਵ 'ਤੇ ਬਹੁ-ਭਾਸ਼ਾਈ ਸੱਭਿਆਚਾਰ ਪੈਦਾ ਕਰਨਾ ਅਤੇ ਭਾਸ਼ਾਈ ਤਾਲਮੇਲ ਜਰੀਏ ਵਿਸ਼ਵ ਵਿਕਾਸ ਵੱਲ ਵਧਣਾ ਹੈ। ਇਸ ਦਿਨ 'ਤੇ ਇਹ ਸਮਝਣ ਦੀ ਵੀ ਜਰੂਰਤ ਹੈ ਕਿ ਆਪਣੀ ਮਾਂ-ਬੋਲੀ ਦੇ ਪਸਾਰੇ ਲਈ ਦੂਜਿਆਂ ਭਾਸ਼ਾਵਾਂ ਨੂੰ ਸਤਿਕਾਰ ਦੇਣਾ ਵੀ ਬਹੁਤ ਜਰੂਰੀ ਹੈ। ਕਿਉਂਕਿ ਇੱਕ ਮਾਂ ਦੇ ਸਤਿਕਾਰ ਤੇ ਗੌਰਵ ਵਿੱਚ ਉਸ ਸਮੇਂ ਹੋਰ ਵੀ ਇਜ਼ਾਫਾ ਹੋ ਜਾਂਦਾ ਹੈ ਜਦੋਂ ਉਸ ਦੇ ਜਾਏ ਹੋਰਨਾਂ ਮਾਵਾਂ ਦਾ ਵੀ ਝੁਕ ਕੇ ਸਤਿਕਾਰ ਕਰਦੇ ਹਨ। ਪੰਜਾਬੀ ਭਾਸ਼ਾ ਪ੍ਰਤੀ ਸੀਨੇ 'ਚ ਪਿਆਰ ਪਾਲਦਿਆਂ ਹੋਰਨਾਂ ਭਾਸ਼ਾਵਾਂ ਨੂੰ ਦੇਣ ਵਾਲਾ ਸਤਿਕਾਰ ਸਾਡੀ ਮਾਂ-ਬੋਲੀ ਪੰਜਾਬੀ ਦੇ ਨਾਲ-ਨਾਲ ਸਾਡੇ ਨਿੱਜੀ ਸਤਿਕਾਰ ਦਾ ਵੀ ਸਬੱਬ ਬਣੇਗਾ। ਵਿਸ਼ਵ 'ਚ ਬਹੁ-ਭਾਸ਼ਾਈ ਸੱਭਿਆਚਾਰ ਦਾ ਮਾਹੌਲ ਪੈਦਾ ਕਰਦਿਆਂ ਹਰ ਭਾਸ਼ਾ ਨੂੰ ਵਿਕਸਿਤ ਹੋਣ ਦੇ ਅਵਸਰ ਦੇਣਾ ਹੀ ਇਸ ਦਿਵਸ ਦਾ ਮੁੱਖ ਮਨੋਰਥ ਹੈ। ਅੱਜ ਦੇ ਦਿਨ ਮਾਂ-ਬੋਲੀ ਪੰਜਾਬੀ ਪ੍ਰਤੀ ਮਾਣਮੱਤੇ ਅਹਿਸਾਸ ਦੇ ਨਾਲ ਇਸ ਦੇ ਵਿਕਾਸ ਲਈ ਅਹਿਦ ਕਰਨਾ ਹਰ ਪੰਜਾਬੀ ਦਾ ਨੈਤਿਕ ਫਰਜ਼ ਹੈ।



## ਕੀ ਤੁਹਾਡਾ ਰਿਸ਼ਤਾ ਤਾਂ ਨਹੀਂ ਵਿਗੜ ਰਿਹੈ

ਪਿਛਲੇ ਸਾਲ ਦੇ ਅੰਤ ਵਿੱਚ ਦਿੱਲੀ ਵਿੱਚ ਸ਼ਰਧਾ ਕਤਲ ਕੇਸ ਦੀ ਖ਼ਬਰ ਨੇ ਸਾਰਿਆਂ ਨੂੰ ਹਲੂਣ ਦਿੱਤਾ ਸੀ। ਹੁਣ ਇੱਕ ਵਾਰ ਫਿਰ ਦਿੱਲੀ ਵਿੱਚ ਸ਼ਰਧਾ ਕਤਲ ਕਾਂਡ ਵਰਗਾ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ। ਤਾਜ਼ਾ ਮਾਮਲੇ 'ਚ ਸਾਹਿਲ ਨਾਂ ਦੇ ਲੜਕੇ ਨੇ ਆਪਣੀ ਪ੍ਰੇਮਿਕਾ ਨਿੱਕੀ ਯਾਦਵ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ ਅਤੇ ਫਿਰ ਉਸ ਦੀ ਲਾਸ਼ ਨੂੰ ਫਰਿੱਜ 'ਚ ਛੁਪਾ ਦਿੱਤਾ। ਕਤਲ ਤੋਂ ਅਗਲੇ ਦਿਨ ਸਾਹਿਲ ਨੇ ਬਹਾਦਰਗੜ੍ਹ ਦੇ ਇੱਕ ਪਿੰਡ ਦੀ ਹੀ ਲੜਕੀ ਨਾਲ ਵਿਆਹ ਵੀ ਕਰ ਲਿਆ।

ਇਸ ਮਾਮਲੇ ਤੋਂ ਇਹ ਵੀ ਸਾਫ ਹੈ ਕਿ ਸ਼ਰਧਾ ਅਤੇ ਆਫਤਾਬ ਦੀ ਤਰ੍ਹਾਂ ਸਾਹਿਲ ਅਤੇ ਨਿੱਕੀ ਦੇ ਰਿਸ਼ਤੇ 'ਚ ਵੀ ਸਭ ਠੀਕ ਨਹੀਂ ਸੀ। ਅਜਿਹੇ ਮਾਮਲਿਆਂ ਦੇ ਲਗਾਤਾਰ ਸਾਹਮਣੇ ਆਉਣ ਤੋਂ ਬਾਅਦ ਹਰ ਕਿਸੇ ਦੇ ਮਨ 'ਚ ਪਿਆਰ ਅਤੇ ਰਿਸ਼ਤੇ ਨੂੰ ਲੈ ਕੇ ਕਈ ਤਰ੍ਹਾਂ ਦੇ ਸਵਾਲ ਉੱਠਦੇ ਹਨ। ਖਾਸ ਕਰਕੇ ਲੋਕ ਹੁਣ ਜ਼ਹਿਰੀਲੇ ਰਿਸ਼ਤਿਆਂ ਨੂੰ ਲੈ ਕੇ ਬਹੁਤ ਸੁਚੇਤ ਹੋ ਗਏ ਹਨ। ਜੇਕਰ ਤੁਸੀਂ ਵੀ ਅਜਿਹੇ ਰਿਸ਼ਤੇ 'ਚ ਫਸੇ ਹੋਏ ਹੋ ਅਤੇ ਇਸ ਤੋਂ ਬਾਹਰ ਨਿਕਲਣਾ ਚਾਹੁੰਦੇ ਹੋ ਤਾਂ ਇਹ ਟਿਪਸ ਤੁਹਾਡੇ ਲਈ ਬਹੁਤ ਫਾਇਦੇਮੰਦ ਹੋ ਸਕਦੇ ਹਨ।

ਜੇ ਤੁਸੀਂ ਕਿਸੇ ਜ਼ਹਿਰੀਲੇ ਰਿਸ਼ਤੇ ਵਿੱਚ ਹੋ ਅਤੇ ਇਸ ਤੋਂ ਬਾਹਰ ਨਿਕਲਣਾ ਚਾਹੁੰਦੇ ਹੋ, ਤਾਂ ਪਹਿਲਾਂ ਇਸਨੂੰ ਪਛਾਣਨਾ ਬਹੁਤ ਜ਼ਰੂਰੀ ਹੈ। ਜੇਕਰ ਤੁਸੀਂ ਆਪਣੇ ਰਿਸ਼ਤੇ 'ਚ ਕੁਝ ਅਜਿਹੀਆਂ ਚੀਜ਼ਾਂ ਦੇਖਦੇ ਹੋ, ਜਿਨ੍ਹਾਂ 'ਤੇ ਤੁਸੀਂ ਪਹਿਲਾਂ ਕਦੇ ਧਿਆਨ ਨਹੀਂ ਦਿੱਤਾ, ਤਾਂ ਉਸ ਨੂੰ ਪਛਾਣਨਾ ਅਤੇ ਇਸ ਤੋਂ ਬਾਹਰ ਨਿਕਲਣਾ ਬਹੁਤ ਜ਼ਰੂਰੀ ਹੈ। ਇਸ ਤੋਂ ਪਹਿਲਾਂ ਕਿ ਚੀਜ਼ਾਂ ਅਤੇ ਸਮਾਂ ਹੱਥੋਂ ਨਿਕਲ ਜਾਵੇ। ਜੇਕਰ ਤੁਹਾਨੂੰ ਵੀ ਆਪਣੇ ਰਿਸ਼ਤੇ 'ਚ ਕੁਝ ਅਜਿਹੇ ਲੱਛਣ ਨਜ਼ਰ ਆ ਰਹੇ ਹਨ ਤਾਂ ਇਸ ਤੋਂ ਜਲਦੀ ਨਿਕਲਣ ਦੀ ਕੋਸ਼ਿਸ਼ ਕਰੋ-

ਜੇ ਤੁਹਾਡਾ ਸਾਥੀ ਤੁਹਾਡੇ ਤੋਂ ਬਾਅਦ ਆਪਣਾ ਪੈਸਾ ਖਰਚ ਕਰਨ ਤੋਂ ਝਿਜਕਦਾ ਹੈ, ਤਾਂ ਇਹ ਇੱਕ ਜ਼ਹਿਰੀਲੇ ਰਿਸ਼ਤੇ ਦਾ ਸੰਕੇਤ ਹੋ ਸਕਦਾ ਹੈ।

ਜੇ ਤੁਸੀਂ ਕਿਸੇ ਜ਼ਹਿਰੀਲੇ ਰਿਸ਼ਤੇ ਵਿੱਚ ਹੋ, ਤਾਂ ਤੁਹਾਡਾ ਸਾਥੀ ਤੁਹਾਡਾ ਸਮਰਥਨ ਨਹੀਂ ਕਰੇਗਾ। ਇਸ ਦੇ ਨਾਲ ਹੀ ਉਹ ਹਰ ਗੱਲ 'ਤੇ ਲੜਨ ਦੇ ਬਹਾਨੇ ਲੱਭਦਾ ਰਹੇਗਾ।

ਜਦੋਂ ਤੁਹਾਡਾ ਪਾਰਟਨਰ ਤੁਹਾਨੂੰ ਘੱਟ ਸਮਝਣਾ ਸ਼ੁਰੂ ਕਰ ਦਿੰਦਾ ਹੈ ਅਤੇ ਲਗਾਤਾਰ ਤੁਹਾਡੇ 'ਤੇ ਨਜ਼ਰ ਰੱਖਦਾ ਹੈ, ਤਾਂ ਸਮਝੋ ਕਿ ਤੁਹਾਡਾ ਰਿਸ਼ਤਾ ਹੁਣ ਟਾਕਸਿਕ ਹੋ ਗਿਆ ਹੈ।

ਕਿਸੇ ਵੀ ਰਿਸ਼ਤੇ ਵਿੱਚ ਇੱਜ਼ਤ ਸਭ ਤੋਂ ਜ਼ਰੂਰੀ ਸਮਝੀ ਜਾਂਦੀ ਹੈ। ਜੇ ਤੁਸੀਂ ਇੱਕ ਜ਼ਹਿਰੀਲੇ ਰਿਸ਼ਤੇ ਵਿੱਚ ਹੋ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਇੱਕ ਦੂਜੇ ਦਾ ਆਦਰ ਕਰਨਾ ਜ਼ਰੂਰੀ ਨਾ ਲੱਗੇ।

### ਟਾਕਸਿਕ ਰਿਸ਼ਤੇ ਤੋਂ ਕਿਵੇਂ ਨਿਕਲੀਏ ਬਾਹਰ

ਜੇਕਰ ਤੁਹਾਡਾ ਰਿਸ਼ਤਾ ਜ਼ਹਿਰੀਲਾ ਹੋ ਗਿਆ ਹੈ, ਤਾਂ ਇਸ ਵਿੱਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰੋ ਅਤੇ ਕਿਸੇ ਵੀ ਬਹਾਨੇ, ਪਿਆਰ ਜਾਂ ਹਉਮੈ ਨੂੰ ਤੁਹਾਨੂੰ ਇਸ ਵਿੱਚੋਂ ਬਾਹਰ ਆਉਣ ਤੋਂ ਰੋਕ ਨਾ ਦਿਓ।

ਆਪਣੇ ਆਪ ਨੂੰ ਪਿਆਰ ਕਰਨਾ ਸਿੱਖੋ ਅਤੇ ਕਿਸੇ ਵੀ ਸਥਿਤੀ ਵਿੱਚ ਆਪਣੇ ਸਵੈ-ਮਾਣ ਨਾਲ ਸਮਝੌਤਾ ਨਾ ਕਰੋ। ਕਿਸੇ ਨੂੰ ਵੀ ਤੁਹਾਡੇ ਨਾਲ ਉਸ ਤਰ੍ਹਾਂ ਦਾ ਵਿਵਹਾਰ ਕਰਨ ਦਾ ਅਧਿਕਾਰ ਨਾ ਦਿਓ ਜਿਵੇਂ ਉਹ ਚਾਹੁੰਦੇ ਹਨ।

ਰਿਸ਼ਤਾ ਟੁੱਟਣ, ਬਦਨਾਮੀ ਜਾਂ ਕਿਸੇ ਹੋਰ ਵੱਲੋਂ ਅਪਣਾਏ ਨਾ ਜਾਣ ਦੇ ਡਰ ਨੂੰ ਆਪਣੇ ਮਨ ਵਿੱਚੋਂ ਕੱਢ ਦਿਓ। ਇੱਕ ਜ਼ਹਿਰੀਲੇ ਰਿਸ਼ਤੇ ਤੋਂ ਬਾਹਰ ਨਿਕਲਣ ਲਈ, ਕਲਪਨਾ ਕਰੋ ਕਿ ਇੱਕ ਵਾਰ ਜਦੋਂ ਤੁਸੀਂ ਇਸ ਤੋਂ ਬਾਹਰ ਹੋ ਜਾਂਦੇ ਹੋ ਤਾਂ ਜ਼ਿੰਦਗੀ ਹੋਰ ਸੁੰਦਰ ਹੋ ਜਾਵੇਗੀ.



## ਅਸੀਂ ਬਜ਼ੁਰਗ ਅਖਵਾਉਣ ਤੋਂ ਕਿਉਂ ਡਰਦੇ ਹਾਂ



ਅਮਨਦੀਪ ਸਿੰਘ ਟੱਲੇਵਾਲੀਆ (ਡਾ.)



ਮਨੁੱਖੀ ਮਨ ਦੀ ਇਹ ਫਿਤਰਤ ਹੈ ਕਿ ਇਹ ਹਰ ਵੇਲੇ ਜਵਾਨ ਹੋਇਆ ਹੀ ਨਜ਼ਰ ਆਉਣਾ ਲੋਚਦਾ ਹੈ ਬੇਸ਼ੱਕ ਕੋਈ ਬੁੱਢਾ ਚਿੱਟੀ ਦਾੜ੍ਹੀ ਵਾਲਾ ਕਿਉਂ ਨਾ ਹੋਵੇ ਜੇਕਰ ਉਸ ਨੂੰ ਕੋਈ ਬਾਬਾ ਆਖ ਦੇਵੇ ਤਾਂ ਇਉਂ ਲੱਗਦਾ ਹੈ ਜਿਵੇਂ ਕੋਈ ਇੱਟ ਮਾਰ ਦਿੱਤੀ ਹੋਵੇ। ਜਿਵੇਂ ਇੱਕ ਵਾਰੀ ਇੱਕ ਆਦਮੀ ਨੇ ਇੱਕ ਤੁਰੇ ਜਾਂਦੇ ਬੁੱਢੇ ਬਾਬੇ ਵਿੱਚ ਸਾਇਕਲ ਮਾਰਿਆ ਤਾਂ ਮਾਰਨ ਵਾਲੇ ਨੇ ਪੁਛਿਆ, "ਬਾਬਾ ਤੇਰੇ ਸੱਟ ਤਾਂ ਨਹੀਂ ਵੱਜੀ" ਤਾਂ ਬੁੱਢਾ ਕਹਿੰਦਾ ਪਹਿਲਾਂ ਤਾਂ ਨਹੀਂ ਸੀ ਵੱਜੀ ਪਰ ਜਦ ਤੂੰ ਬਾਬਾ ਕਹਿਤਾ, ਹੁਣ ਤਾਂ ਇਉਂ ਲੱਗਦਾ ਜਿਵੇਂ ਲੱਤ ਟੁੱਟ ਗਈ ਹੋਵੇ। ਇਸੇ ਤਰਾਂ ਜਦ ਕਿਸੇ ਕੁੜੀ ਨੂੰ ਕੋਈ ਅੰਟੀ ਜਾਂ ਕਿਸੇ ਮੁੰਡੇ ਨੂੰ ਅੰਕਲ ਕਹਿ ਦੇਵੇ ਤਾਂ ਅਜੀਬ ਮਹਿਸੂਸ ਹੁੰਦਾ ਹੈ। ਇਹੀ ਕਾਰਨ ਹੈ ਕਿ ਨਿੱਤ ਦਿਨ ਬਾਜ਼ਾਰ ਵਿੱਚ ਨਵੀਆਂ ਤੋਂ ਨਵੀਆਂ ਵਾਲ ਕਾਲੇ ਕਰਨ ਵਾਲੀਆਂ ਡਾਈਆਂ ਦੀ ਚਰਚਾ ਹੁੰਦੀ ਰਹਿੰਦੀ ਹੈ। ਹਰ ਕੋਈ ਇੱਕ-ਦੂਜੇ ਤੋਂ ਪੁੱਛਦਾ ਹੈ ਕਿ ਤੂੰ ਕਿਹੜੀ ਡਾਈ ਲਾਉਣੈਂ, ਫਲਾਨੀ ਡਾਈ ਤਾਂ ਰੈਕਸ਼ਨ ਕਰ ਦਿੰਦੀ ਆ, ਕਿਸੇ ਵਧੀਆ ਕੰਪਨੀ ਦੀ ਡਾਈ ਦੱਸ ਭਾਵੇਂ ਮਹਿੰਗੀ ਹੋਵੇ ਆਦਿ। ਪਰ ਅਸੀਂ ਇਹ ਕਿਉਂ ਨਹੀਂ ਸਮਝਦੇ ਕਿ ਜਿਹੜੀ ਵਾਲ ਕਾਲੇ ਕਰਨ ਵਾਲੀ ਕੋਈ ਵੀ ਮਹਿੰਦੀ ਜਾਂ ਡਾਈ ਹੋਵੇਗੀ ਉਸ ਵਿੱਚ ਕੈਮੀਕਲ ਤਾਂ ਹੋਵੇਗਾ ਹੀ, ਬੇਸ਼ੱਕ ਉਸਦਾ ਰੈਕਸ਼ਨ ਘੱਟ ਹੋਵੇ ਜਾਂ ਵੱਧ, ਉਹ ਆਪਣਾ 'ਰੰਗ' ਤਾਂ ਜਰੂਰ ਦਿਖਾਏਗੀ। ਬਿਊਟੀ ਪਾਰਲਰਾਂ ਵਿੱਚ ਔਰਤਾਂ ਦੀ ਲੰਮੀ ਲਾਈਨ ਜਾਂ ਜਿੰਮ ਵਿੱਚ ਲੱਗੀ ਔਰਤਾਂ-ਮਰਦਾਂ ਦੀ ਲੰਮੀ ਲਾਈਨ ਇਸੇ ਗੱਲ ਦਾ ਪ੍ਰਤੀਕ ਹੈ ਕਿ ਅਸੀਂ 'ਬੁੱਢੇ' ਅਖਵਾਉਣ ਤੋਂ ਚਲਦੇ ਹਾਂ।

ਜੇਕਰ ਕੋਈ ਬੱਚਾ ਕਿਸੇ ਤੁਰੇ ਜਾਂਦੇ ਨੂੰ ਤਾਇਆ ਜਾਂ ਬਾਬਾ ਕਹਿ ਦੇਵੇ ਤਾਂ ਉਹਦੇ ਪਿਸੂ ਪੈ ਜਾਂਦੇ ਹਨ। ਕਈ ਤਾਂ ਮੋੜ ਕੇ ਜਵਾਬ ਵੀ ਦੇਣਗੇ ਕਿ ਮੈਂ ਤੇਰਾ ਚਾਚਾ ਲੱਗਦੈਂ ਚਾਚਾ। ਭਾਵ ਕਿ ਬਾਬਾ ਜਾਂ ਤਾਇਆ ਕਹਾਉਂਦੇ ਨੂੰ ਸ਼ਰਮ ਆਉਂਦੀ ਹੈ। ਇਸੇ ਕਰਕੇ ਲੋਕੀਂ ਉਮਰ ਲੁਕਾਉਣ ਲੱਗਦੇ ਹਨ ਕਿ ਕਿਸੇ ਨੂੰ ਪਤਾ ਨਾ ਲੱਗ ਜਾਵੇ ਕਿ ਇਹਦੀ ਦਾਹੜੀ ਚਿੱਟੀ ਹੋ ਗਈ ਹੈ। ਇਸ ਕਰਕੇ ਦਾੜ੍ਹੀ ਨੂੰ ਰੰਗਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਵੈਸੇ ਵੀ ਅੱਜਕੱਲ੍ਹ ਤਾਂ ਛੋਟੀ ਉਮਰ ਵਿੱਚ ਦਾੜ੍ਹੀ ਅਤੇ ਸਿਰ ਦੇ ਵਾਲ ਚਿੱਟੇ ਹੋ ਜਾਂਦੇ ਹਨ। ਬੇਸ਼ੱਕ ਕੁਝ ਵੀ ਹੋਵੇ ਬੰਦੇ ਦਾ ਚਿਹਰਾ ਹੀ ਦੱਸ ਦਿੰਦਾ ਹੈ, ਭਾਵੇਂ ਦਾੜ੍ਹੀ ਕਾਲੀ ਕਰ ਲਓ, ਭਾਵੇਂ ਸਿਰ ਦੇ ਵਾਲ ਕਾਲੇ ਕਰ ਲਓ, ਭਰਵੱਟੇ ਕਟਾ ਲਵੋ ਜਾਂ ਦਾੜ੍ਹੀ ਛੋਟੀ ਕਰ ਲਵੋ ਪਰ ਤੁਹਾਡੇ ਚਿਹਰੇ ਤੋਂ ਤੁਹਾਡੀ ਉਮਰ ਦਾ ਤਕਾਜ਼ਾ ਹੋ ਜਾਵੇਗਾ। ਸਿਰਫ ਵਾਲ ਕਾਲੇ ਕਰਨ ਨਾਲ ਹੀ ਜਵਾਨ ਨਹੀਂ ਬਣਿਆ ਜਾਂਦਾ। ਇਸ ਤਰ੍ਹਾਂ ਤਾਂ ਛੋਟੇ-ਛੋਟੇ ਬੱਚਿਆਂ ਦੇ ਵਾਲ ਚਿੱਟੇ ਹੋਏ ਪਏ ਹਨ, ਕੀ ਅਸੀਂ ਉਹਨਾਂ ਨੂੰ ਵੀ ਬਾਬਾ ਕਹਿ ਦੇਵਾਂਗੇ। ਭਾਵੇਂ ਪਤਾ ਤਾਂ ਸਾਰਿਆਂ ਨੂੰ ਹੀ ਹੁੰਦਾ ਹੈ ਕਿ ਫਲਾਣਾ ਆਪਣੇ ਵਾਲ ਰੰਗਦਾ ਜਾਂ ਕਲਫ ਲਾਉਂਦਾ ਹੈ, ਪਰ ਸੱਚ ਜਾਣਿਓ ਚਿੱਟੀ ਦੁੱਧ ਵਰਗੀ ਦਾੜ੍ਹੀ ਵੀ ਬੜੀ ਫੱਬਦੀ ਆ।

ਕਈ ਲੋਕਾਂ ਦਾ ਕਹਿਣਾ ਹੈ ਕਿ 'ਦਿਲ ਹੋਣਾ ਚਾਹੀਦੈ ਜਵਾਨ ਉਮਰਾਂ 'ਚ ਕੀ ਰੱਖਿਆ।' ਉਮਰਾਂ ਵਿਚ ਹੀ ਸਭ ਕੁਝ ਰੱਖਿਆ ਹੈ, ਉਮਰ ਦੇ ਹਿਸਾਬ ਨਾਲ ਹੀ ਬੰਦੇ ਨੂੰ ਅਕਲ ਆਉਂਦੀ ਹੈ। ਉਮਰ ਦੇ ਹਿਸਾਬ ਨਾਲ ਸਰੀਰ ਦੀਆਂ ਹਰਕਤਾਂ ਵਧਦੀਆਂ-ਘਟਦੀਆਂ ਹਨ। ਬਹੁਤ ਸਾਰੀਆਂ ਅਜਿਹੀਆਂ ਬੀਮਾਰੀਆਂ ਹਨ ਜਿੰਨ੍ਹਾਂ ਨੂੰ ਡਾਕਟਰ ਸਿਰਫ ਉਮਰ ਦੇ ਰੋਗ ਨਾਲ ਪੁਕਾਰਦੇ ਹਨ ਅਤੇ ਉਸ ਹਿਸਾਬ ਨਾਲ ਹੀ ਉਹਦਾ ਇਲਾਜ ਕਰਦੇ ਹਨ। ਕਹਿਣ ਨੂੰ ਤਾਂ ਭਾਵੇਂ ਕੁਝ ਕਹੀਏ ਪਰ ਉਮਰ ਮੁਤਾਬਕ ਸਿਆਣੇ, ਸਮਝਦਾਰ, ਉਚੀ ਸੋਚ ਦੇ ਮਾਲਕ ਬਣਨਾ ਚਾਹੀਦਾ ਹੈ।

ਮੇਰੇ ਇੱਕ ਵਾਰ ਦੀ ਗੱਲ ਚੇਤੇ ਆ ਗਈ ਕਿ ਮੈਂ ਇੱਕ ਵਾਰ ਇੱਕ ਮਰੀਜ਼ ਦਾ ਹਸਪਤਾਲ ਵਿੱਚ ਪਤਾ ਲੈਣ ਗਿਆ। ਜਦੋਂ ਸਾਰਾ ਹਾਲ ਚਾਲ ਪੁੱਛਿਆ ਤਾਂ ਉਹਨੇ ਇੱਕ ਗੱਲ ਦੱਸੀ, ਯਾਰ ਸਰੀਰ ਤਾਂ ਠੀਕ ਹੈ ਪਰ ਹਸਪਤਾਲ ਵਿੱਚ ਆ ਕੇ ਇੱਕ ਗੁੱਝਾ ਭੇਦ ਖੁੱਲ ਗਿਆ। ਮੈਂ ਪੁੱਛਿਆ ਕਿਹੜਾ? ਉਹ ਕਹਿੰਦਾ ਮੈਂ ਆਪਣੀ ਭਾਬੀ (ਮਿੱਤਰ ਦੇ ਘਰਵਾਲੀ) ਤੋਂ ਇੱਕ ਭੇਦ ਛੁਪਾਕੇ ਰੱਖਿਆ ਸੀ ਕਿ ਮੈਂ ਤਾਂ ਤੇਰਾ ਦਿਓਰ ਹਾਂ। ਪਰ ਜਦੋਂ ਉਹ ਮੇਰਾ ਪਤਾ ਲੈਣ ਆਈ ਤਾਂ ਉਹਨੇ ਮੇਰੀ ਫਾਇਲ ਦੇਖ ਲਈ, ਉਸ ਉਪਰ ਮੇਰੀ ਉਮਰ ਲਿਖੀ ਸੀ 38 ਸਾਲ, ਭਾਬੀ ਨੂੰ ਮੈਂ ਕਿਹਾ ਸੀ ਕਿ ਮੈਂ ਤੈਥੋਂ ਚਾਰ ਸਾਲ ਛੋਟਾਂ, ਪਰ ਫਾਇਲ ਤੇ ਦੇਖਕੇ ਭਾਬੀ ਨੂੰ ਪਤਾ ਲੱਗਾ ਕਿ ਇਹ ਤਾਂ ਮੇਰਾ ਜੇਠ ਲੱਗਦਾ। ਮੈਂ ਤਾਂ ਬੜੀ ਕੋਸ਼ਿਸ਼ ਕੀਤੀ ਸੀ। ਉਮਰ ਲੁਕਾਉਣ ਦੀ, ਭੇਦ ਖੁੱਲ ਗਿਆ। ਡਾਕਟਰਾਂ ਕੋਲ ਤਾਂ ਉਮਰ ਸਹੀ ਦੱਸਣੀ ਪੈਂਦੀ ਆ। ਉਸ ਹਿਸਾਬ ਨਾਲ ਹੀ ਦਵਾਈ ਦੀ ਤਾਕਤ ਦਿੰਦੇ ਆ, ਬਿਮਾਰ ਹੋਣ ਦਾ ਐਡਾ ਦੁੱਖ ਨਹੀਂ ਹੋਇਆ, ਜਿੰਨਾਂ 'ਜੇਠ' ਬਣਨ ਦਾ। ਇਸੇ ਤਰ੍ਹਾਂ ਦੀ ਮਿਲਦੀ ਜੁਲਦੀ ਇੱਕ ਗੱਲ ਹੋਰ ਚੇਤੇ ਆ ਗਈ। ਇੱਕ ਕਵੀ ਦਰਬਾਰ ਵਿੱਚ ਇੱਕ ਬਜ਼ੁਰਗ ਲੇਖਕ ਆਏ ਹੋਏ ਸਨ। ਮੈਂ ਪ੍ਰਬੰਧਕਾਂ ਵਿੱਚ ਸ਼ਾਮਲ ਸੀ। ਕਵੀ ਦਰਬਾਰ ਸ਼ੁਰੂ ਹੋਣ ਤੋਂ ਪਹਿਲਾਂ ਚਾਹ-ਪਾਣੀ ਪਿਆਉਣ ਦੀ ਡਿਊਟੀ ਮੇਰੀ ਲੱਗੀ ਹੋਈ ਸੀ। ਮੈਂ ਉਹਨਾਂ ਕੋਲ ਜਾ ਕੇ ਕਿਹਾ ਬਜ਼ੁਰਗੋ ਚਾਹ ਪੀ ਲਓ। ਬੱਸ ਐਨਾ ਕਹਿਣ ਦੀ ਦੇਰੀ ਸੀ ਉਹ ਮੇਰੇ ਪਿੱਛੇ ਪੈ ਗਏ। ਮੈਂ ਸੋਚਿਆ ਅਜਿਹੀ ਤਾਂ ਕੋਈ ਗੱਲ ਨਹੀਂ ਆਖੀ, ਇਹਨਾਂ ਨੂੰ ਕੀ ਹੋ ਗਿਆ। ਇਸੇ ਤਰਾਂ ਸਟੇਜ ਸਕੱਤਰ ਨੇ ਦੋ-ਚਾਰ ਕਵੀਆਂ ਤੋਂ ਬਾਅਦ ਉਸ ਬਜ਼ੁਰਗ ਲੇਖਕ ਦਾ ਨਾਂਅ ਬੋਲ ਦਿੱਤਾ, ਉਹਨੇ ਵੀ ਮੇਰੇ ਵਾਂਗ ਸਤਿਕਾਰ ਨਾਲ 'ਬਜ਼ੁਰਗ ਸ਼ਬਦ' ਬੋਲ ਦਿੱਤਾ, ਹੁਣ ਤੁਹਾਡੇ ਸਾਹਮਣੇ ਪੰਜਾਬੀ ਦੇ ਮਹਾਨ ਗਜ਼ਲਗੋ ਬਜ਼ੁਰਗ ਫਲਾਣਾ ਜੀ ਨੂੰ ਪੇਸ਼ ਕਰ ਰਿਹਾ ਹਾਂ। ਜਨਾਬ ਨੇ ਸਟੇਜ 'ਤੇ ਪੰਦਰਾਂ ਮਿੰਟ ਸਿਰਫ਼ ਇਸੇ ਗੱਲ ਨੂੰ ਲਾਏ ਕਿ ਸ਼ਾਇਰ ਕਰਦੇ ਬਜ਼ੁਰਗ ਨਹੀਂ ਹੁੰਦਾ। ਉਸ ਮਹਿਫਲ ਵਿਚ ਹੋਰ ਵੀ ਬਜ਼ੁਰਗ ਕਵੀ, ਲੇਖਕ ਬੈਠੇ ਸਨ। ਫਿਰ ਸਟੇਜ ਸਕੱਤਰ ਨੇ ਸੋਚ ਸਮਝ ਕੇ ਹਰੇਕ ਬਜ਼ੁਰਗ ਕਵੀ, ਲੇਖਕ ਨੂੰ ਬਿਨਾਂ ਬਜ਼ੁਰਗ ਸ਼ਬਦ ਆਖੇ ਸਟੇਜ 'ਤੇ ਬੁਲਾਇਆ। ਕਹਿਣ ਤੋਂ ਭਾਵ ਕਿ 'ਬਜ਼ੁਰਗ' ਸ਼ਬਦ ਸਤਿਕਾਰ ਦਾ ਪ੍ਰਤੀਕ ਹੈ। ਕੀ ਕਰੀਏ ਕੋਈ ਅਖਵਾ ਕੇ ਖੁਸ਼ ਨਹੀਂ, ਭਾਵੇਂ ਕਿਸੇ ਬੁੜੇ ਦੀਆਂ ਲੱਤਾਂ ਕਬਰਾਂ 'ਚ ਹੋਣ, ਪਰ ਫਿਰ ਵੀ ਜੇ ਉਹਨੂੰ ਕੋਈ ਬਜ਼ੁਰਗ ਆਖ ਦੇਵੇ ਤਾਂ ਜਾਨ ਨਿਕਲ ਜਾਂਦੀ ਆ।

ਕਈ ਲੋਕਾਂ ਦਾ ਕਹਿਣਾ ਹੈ ਕਿ 'ਦਿਲ ਹੋਣਾ ਚਾਹੀਦੈ ਜਵਾਨ ਉਮਰਾਂ 'ਚ ਕੀ ਰੱਖਿਆ।' ਉਮਰਾਂ ਵਿਚ ਹੀ ਸਭ ਕੁਝ ਰੱਖਿਆ ਹੈ, ਉਮਰ ਦੇ ਹਿਸਾਬ ਨਾਲ ਹੀ ਬੰਦੇ ਨੂੰ ਅਕਲ ਆਉਂਦੀ ਹੈ। ਉਮਰ ਦੇ ਹਿਸਾਬ ਨਾਲ ਸਰੀਰ ਦੀਆਂ ਹਰਕਤਾਂ ਵਧਦੀਆਂ-ਘਟਦੀਆਂ ਹਨ। ਬਹੁਤ ਸਾਰੀਆਂ ਅਜਿਹੀਆਂ ਬੀਮਾਰੀਆਂ ਹਨ ਜਿੰਨ੍ਹਾਂ ਨੂੰ ਡਾਕਟਰ ਸਿਰਫ ਉਮਰ ਦੇ ਰੋਗ ਨਾਲ ਪੁਕਾਰਦੇ ਹਨ ਅਤੇ ਉਸ ਹਿਸਾਬ ਨਾਲ ਹੀ ਉਹਦਾ ਇਲਾਜ ਕਰਦੇ ਹਨ। ਕਹਿਣ ਨੂੰ ਤਾਂ ਭਾਵੇਂ ਕੁਝ ਕਹੀਏ ਪਰ ਉਮਰ ਮੁਤਾਬਕ ਸਿਆਣੇ, ਸਮਝਦਾਰ, ਉਚੀ ਸੋਚ ਦੇ ਮਾਲਕ ਬਣਨਾ ਚਾਹੀਦਾ ਹੈ। ਜੀਵਨ ਦੇ ਤਿੰਨ ਰੰਗ ਬਚਪਨ, ਜਵਾਨੀ ਅਤੇ ਬੁਢਾਪਾ ਤਿੰਨਾਂ ਨੂੰ ਵਧੀਆ ਢੰਗ ਨਾਲ ਹੰਢਾਉਣਾ ਚਾਹੀਦਾ ਹੈ। ਬਚਪਨ ਬੇਸੂਝ ਅਤੇ ਜਵਾਨੀ ਅਣਜਾਣ ਹੁੰਦੀ ਹੈ। ਇੱਕ ਬੁਢਾਪਾ ਹੀ ਹੈ ਜੋ ਤਲਖ ਤਜ਼ਰਬਿਆਂ ਤੋਂ ਜਾਣੂ ਹੁੰਦਾ ਹੈ। ਉਸ ਬੁਢਾਪੇ ਤੋਂ ਹੀ ਅਸੀਂ ਘਬਰਾਉਣ ਲੱਗ ਜਾਂਦੇ ਹਾਂ। ਸਰੀਰ ਨੂੰ ਠੀਕ ਰੱਖੋ, ਹੱਥ ਵਿੱਚ ਖੂੰਡੀ ਫੜਨ ਤੋਂ ਬਚੋ, ਆਪਣੇ ਸਰੀਰ ਦੀ ਆਪ ਸੇਵਾ ਸੰਭਾਲ ਕਰੋ। ਅੰਗ-ਪੈਰ ਚਲਦੇ ਰਹਿਣ ਪਰ ਚਿੱਟੇ ਵਾਲਾ ਤੋਂ ਨਾ ਘਬਰਾਓ ਸਗੋਂ ਬਜ਼ੁਰਗ ਅਖਵਾਉਣ ਵਿਚ ਮਾਣ ਮਹਿਸੂਸ ਕਰੋ।

## ਸੰਪਾਦਕੀ

### ਭਾਰਤੀ ਵਿਦਿਆਰਥੀ ਤੇ ਅਮਰੀਕਾ

ਅਮਰੀਕਾ ਦਾ ਸੁਨਹਿਰੀ ਸੁਫ਼ਨਾ ਬਹੁਤ ਸਾਰੇ ਭਾਰਤੀ ਵਿਦਿਆਰਥੀਆਂ ਲਈ ਲਗਾਤਾਰ ਡਰਾਉਣਾ ਬਣ ਰਿਹਾ ਹੈ। ਸ਼ਿਕਾਗੋ ਵਿਚ ਸੱਯਦ ਮਜ਼ਾਹਿਰ ਅਲੀ ਉਤੇ ਉਸ ਦੇ ਘਰ ਦੇ ਬਿਲਕੁਲ ਨੇੜੇ ਅਣਪਛਾਤੇ ਹਮਲਾਵਰਾਂ ਨੇ ਹਮਲਾ ਕਰ ਕੇ ਉਸ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ ਜਿਹੜੇ ਕਾਫ਼ੀ ਦੇਰ ਤੋਂ ਉਸ ਦਾ ਪਿੱਛਾ ਕਰ ਰਹੇ ਸਨ। ਅਲੀ ਅਜੇ ਛੇ ਮਹੀਨੇ ਪਹਿਲਾਂ ਹੀ ਹੈਦਰਾਬਾਦ ਤੋਂ ਅਮਰੀਕਾ ਗਿਆ ਸੀ ਜੋ ਇਸ ਹਮਲੇ ਕਾਰਨ ਬੁਰੀ ਤਰ੍ਹਾਂ ਦਹਿਸ਼ਤਜ਼ਦਾ ਹੈ। ਇਸ ਘਟਨਾ ਤੋਂ ਮਹਿਜ਼ ਤਿੰਨ ਕੁ ਹਫ਼ਤੇ ਪਹਿਲਾਂ ਜੌਰਜੀਆ ਸੂਬੇ ਦੇ ਲਿਥੋਨੀਆ ਵਿਚ ਬੇਘਰੇ ਨਸ਼ਈ ਨੇ ਵਿਵੇਕ ਸੈਣੀ ਨਾਮੀ ਨੌਜਵਾਨ ਨੂੰ ਹਥੌੜੇ ਮਾਰ ਮਾਰ ਕੇ ਹਲਾਕ ਕਰ ਦਿੱਤਾ ਸੀ। ਵਿਵੇਕ ਨੇ ਹਾਲ ਹੀ ਵਿਚ ਐੱਮਬੀਏ ਦੀ ਪੜ੍ਹਾਈ ਪੂਰੀ ਕੀਤੀ ਸੀ। ਇਸੇ ਹਫ਼ਤੇ ਇੰਡਿਆਨਾ ਦੀ ਪਰਡਿਊ ਯੂਨੀਵਰਸਿਟੀ ਦਾ ਵਿਦਿਆਰਥੀ ਸਮੀਰ ਕਾਮਤ ਵੀ ਸ਼ੱਕੀ ਹਾਲਤ ਵਿਚ ਮ੍ਰਿਤਕ ਪਾਇਆ ਗਿਆ। ਅਧਿਕਾਰੀਆਂ ਦਾ ਦਾਅਵਾ ਹੈ ਕਿ ਉਸ ਦੀ ਮੌਤ ਖ਼ੁਦ ਮਾਰੀ ਗਈ ਗੋਲੀ ਕਾਰਨ ਹੋਈ ਹੈ। ਪਰਡਿਊ ਯੂਨੀਵਰਸਿਟੀ ਦੇ ਹੀ ਇਕ ਹੋਰ ਵਿਦਿਆਰਥੀ ਨੀਲ ਅਚਾਰਿਆ ਦੇ ਵੀ ਕਈ ਦਿਨਾਂ ਤੱਕ ਲਾਪਤਾ ਰਹਿਣ ਤੋਂ ਬਾਅਦ ਮ੍ਰਿਤਕ ਹੋਣ ਦੀ ਪੁਸ਼ਟੀ ਕਰ ਦਿੱਤੀ ਗਈ। ਇਸੇ ਤਰ੍ਹਾਂ ਇਲੀਨੋਇ ਅਰਬਾਨਾ-ਸ਼ੈਂਪੇਨ ਯੂਨੀਵਰਸਿਟੀ ਵਿਚ ਪੜ੍ਹਨ ਵਾਲਾ 18 ਸਾਲਾ ਵਿਦਿਆਰਥੀ ਅਕੁਲ ਧਵਨ ਵੀ ਬੀਤੇ ਮਹੀਨੇ ਮ੍ਰਿਤਕ ਪਾਇਆ ਗਿਆ ਸੀ।

ਲਗਾਤਾਰ ਵਾਪਰ ਰਹੀਆਂ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੇ ਅਮਰੀਕਾ ਵਿਚ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਸਲਾਮਤੀ ਬਾਰੇ ਗੰਭੀਰ ਤੌਖ਼ਲੇ ਪੈਦਾ ਕਰ ਦਿੱਤੇ ਹਨ। ਮਾਪੇ ਲੱਖਾਂ ਰੁਪਏ ਖ਼ਰਚ ਕੇ ਬਹੁਤ ਸਾਰੀਆਂ ਆਸਾਂ ਅਤੇ ਉਮੀਦਾਂ ਨਾਲ ਆਪਣੇ ਬੱਚਿਆਂ ਨੂੰ ਵਿਦੇਸ਼ ਪੜ੍ਹਨ ਲਈ ਭੇਜਦੇ ਹਨ। ਇਨ੍ਹਾਂ ਨੌਜਵਾਨਾਂ ਨੂੰ ਨਸਲਪ੍ਰਸਤਾਂ, ਅਪਰਾਧੀਆਂ ਅਤੇ ਨਸ਼ੇੜੀਆਂ ਤੇ ਨਸ਼ੇ ਦੇ ਤਸਕਰਾਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਜਿਹੀਆਂ ਰਿਪੋਰਟਾਂ ਵੀ ਹਨ ਕਿ ਰੁਜ਼ਗਾਰ ਦੇ ਮੌਕਿਆਂ ਦੀ ਕਮੀ ਕਾਰਨ ਪੈਦਾ ਹੋਣ ਵਾਲਾ ਤਣਾਅ ਵੀ ਉਨ੍ਹਾਂ ਨੂੰ ਹਾਸ਼ੀਏ ਉਤੇ ਧੱਕ ਰਿਹਾ ਹੈ ਜਿਸ ਕਾਰਨ ਉਹ ਜਾਂ ਤਾਂ ਨਸ਼ਿਆਂ ਦੇ ਸ਼ਿਕਾਰ ਹੋ ਰਹੇ ਹਨ ਜਾਂ ਆਪਣੀ ਜ਼ਿੰਦਗੀ ਖ਼ਤਮ ਕਰ ਲੈਣ ਵਰਗੇ ਸਿਰੇ ਦੇ ਕਦਮ ਚੁੱਕ ਰਹੇ ਹਨ।

ਇਹ ਚਿੰਤਾਜਨਕ ਹਾਲਾਤ ਇਸ ਗੱਲ ਦੀ ਮੰਗ ਕਰਦੇ ਹਨ ਕਿ ਅਮਰੀਕਾ ਵਿਚਲੇ ਭਾਰਤੀ ਭਾਈਚਾਰੇ ਅਤੇ ਸਫ਼ਾਰਤੀ ਅਮਲੇ ਵੱਲੋਂ ਅਜਿਹੇ ਵਿਦਿਆਰਥੀਆਂ ਵੱਲ ਮਦਦ ਦਾ ਹੱਥ ਵਧਾਇਆ ਜਾਵੇ ਤਾਂ ਕਿ ਉਹ ਇਸ ਤਰ੍ਹਾਂ ਦੀਆਂ ਅਣਗਿਣਤ ਸਮੱਸਿਆਵਾਂ ਦਾ ਟਾਕਰਾ ਕਰ ਸਕਣ। ਉਨ੍ਹਾਂ ਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਉਤੇ ਵੀ ਅਜਿਹੇ ਮਾਮਲਿਆਂ ਦੀ ਤਫ਼ਤੀਸ਼ ਸਮਾਂ-ਬੱਧ ਢੰਗ ਨਾਲ ਮੁਕੰਮਲ ਕਰਨ ਲਈ ਦਬਾਅ ਪਾਉਣਾ ਚਾਹੀਦਾ ਹੈ। ਦੋਸ਼ੀਆਂ ਖ਼ਿਲਾਫ਼ ਮਿਸਾਲੀ ਕਾਰਵਾਈ ਹੀ ਅਜਿਹੇ ਜੁਰਮਾਂ ਨੂੰ ਹਰਗਿਜ਼ ਬਰਦਾਸ਼ਤ ਨਾ ਕੀਤੇ ਜਾਣ ਦਾ ਸਖ਼ਤ ਸੁਨੇਹਾ ਦੇ ਸਕਦੀ ਹੈ, ਫਿਰ ਦੋਸ਼ੀ ਭਾਵੇਂ ਵਰਦੀਧਾਰੀ ਮੁਲਾਜ਼ਮ ਹੀ ਕਿਉਂ ਨਾ ਹੋਣ। ਬੀਤੇ ਸਾਲ ਦੀ ਸਿਆਟਲ ਦੀ ਉਸ ਘਟਨਾ ਜਦੋਂ ਇਕ ਪੁਲੀਸ ਅਫਸਰ ਨੇ ਯੂਨੀਵਰਸਿਟੀ ਵਿਦਿਆਰਥਣ ਜਾਹਨਵੀ ਕੰਡਲਾ ਦੀ ਮੌਤ ਉਤੇ ਅਸੰਵੇਦਨਸ਼ੀਲ ਟਿੱਪਣੀਆਂ ਕੀਤੀਆਂ ਸਨ, ਤੋਂ ਕੁਝ ਲੋਕਾਂ ਦੀ ਡੂੰਘੀ ਅਣਮਨੁੱਖੀ ਮਾਨਸਿਕਤਾ ਜੱਗ-ਜ਼ਾਹਿਰ ਹੋ ਜਾਂਦੀ ਹੈ। ਇਸੇ ਤਰ੍ਹਾਂ ਅਮਰੀਕੀ ਮੀਡੀਆ ਨੂੰ ਵੀ ਭਾਰਤੀ ਵਿਦਿਆਰਥੀਆਂ ਦੀ ਇਸ ਤਰਸਯੋਗ ਹਾਲਤ ਵੱਲ ਫ਼ੌਰੀ ਧਿਆਨ ਦੇਣਾ ਚਾਹੀਦਾ ਹੈ ਜਿਹੜਾ ਭਾਰਤ ਵਿਚ ਵਿਦੇਸ਼ੀਆਂ ਉਤੇ ਹੋਏ ਕਿਸੇ ਵੀ ਹਮਲੇ ਨੂੰ ਉਭਾਰਨ ਲਈ ਹਮੇਸ਼ਾ ਪੱਬਾਂ ਭਾਰ ਰਹਿੰਦਾ ਹੈ।

### ਸੈਲਾਨੀਆਂ ਦੀ ਸੁਰੱਖਿਆ

ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜਿ ?ਲੇ ਦੇ ਬੀੜ ਬਿਲਿੰਗ ਇਲਾਕੇ ਵਿਚ ਦਿਲਕੰਬਾਊ ਘਟਨਾ ਵਾਪਰੀ ਹੈ। ਬਰਫ਼ਬਾਰੀ ਦਾ ਲੁਤਫ਼ ਲੈਣ ਲਈ ਦੋ ਨੌਜਵਾਨ ਸੈਲਾਨੀ ਉਸ ਇਲਾਕੇ ਵਿਚ ਪੁੱਜੇ ਸਨ ਪਰ ਸਮੁੰਦਰੀ ਸਤਹਿ ਤੋਂ 9 ਹਜ਼ਾਰ ਫੁੱਟ ਦੀ ਉਚਾਈ ’ਤੇ ਸਥਿਤ ਇਸ ਇਲਾਕੇ ਵਿਚ ਉਹ ਕਿਸੇ ਹਾਦਸੇ ਕਾਰਨ ਹੱਡ ਚੀਰਵੀਂ ਠੰਢ ਦੇ ਮੌਸਮ ਵਿਚ ਫਸ ਗਏ ਅਤੇ ਉੱਥੇ ਹੀ ਦੋਵਾਂ ਦੀ ਮੌਤ ਹੋ ਗਈ। ਮ੍ਰਿਤਕਾਂ ’ਚੋਂ ਇਕ ਪਠਾਨਕੋਟ ਦਾ ਵਸਨੀਕ ਸੀ ਅਤੇ ਦੂਜੀ ਲੜਕੀ ਪੁਣੇ ਦੀ ਰਹਿਣ ਵਾਲੀ ਸੀ। ਜੰਗਲੀ ਜਾਨਵਰਾਂ ਨੇ ਹਮਲਾ ਕਰ ਕੇ ਉਨ੍ਹਾਂ ਦੀਆਂ ਲਾਸ਼ਾਂ ਵੀ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਹਾਲਾਂਕਿ ਮ੍ਰਿਤਕਾਂ ਦੇ ਪਾਲਤੂ ਕੁੱਤੇ ਨੇ ਪੂਰੇ ਦੋ ਦਿਨ ਆਦਮਖੋਰ ਜਾਨਵਰਾਂ ਨੂੰ ਨੇੜੇ ਆਉਣ ਤੋਂ ਰੋਕੀ ਰੱਖਿਆ ਅਤੇ ਆਪਣੇ ਮਾਲਕ ਦੀ ਰਾਖੀ ਲਈ ਉਨ੍ਹਾਂ ਆਪਣੀ ਪੂਰੀ ਵਾਹ ਲਾ ਦਿੱਤੀ। ਉਸ ਕੁੱਤੇ ਦੀਆਂ ਆਵਾਜ਼ਾਂ ਸੁਣ ਕੇ ਹੀ ਪੁਲੀਸ ਕਰਮੀ ਉਸ ਜਗ੍ਹਾ ਪਹੁੰਚੇ। ਪਤਾ ਲੱਗਿਆ ਹੈ ਕਿ ਉਹ ਉਸ ਇਲਾਕੇ ਵਿਚ ਬਰਫ਼ ਦੀ ਕਿਸੇ ਢਲਾਣ ਤੋਂ ਡਿੱਗ ਕੇ ਕਿਸੇ ਗਹਿਰੀ ਖੱਡ ਵਿਚ ਫਸ ਗਏ ਸਨ ਅਤੇ ਠੰਢ ਕਾਰਨ ਉਨ੍ਹਾਂ ਦੀ ਮੌਤ ਹੋ ਗਈ। ਜਿਸ ਤਰ੍ਹਾਂ ਦੀ ਇਹ ਅਫ਼ਸੋਸਨਾਕ ਘਟਨਾ ਵਾਪਰੀ ਹੈ, ਉਸ ਤੋਂ ਇਸ ਪਹਾੜੀ ਰਾਜ ਵਿਚ ਸੈਲਾਨੀਆਂ ਦੀ ਹਿਫ਼ਾਜ਼ਤ ਨਾਲ ਜੁੜੀਆਂ ਨੀਤੀਆਂ ਦਾ ਮੁਤਾਲਿਆ ਕਰਨ ਦੀ ਲੋੜ ਹੈ। ਪਹਾੜੀ ਖੇਤਰਾਂ ਵਿਚ ਰਿੱਛਾਂ ਅਤੇ ਬਾਘਾਂ ਦੇ ਹਮਲਿਆਂ ਬਾਰੇ ਅਕਸਰ ਸੁਣਨ ਨੂੰ ਮਿਲਦਾ ਹੈ।

ਛੁੱਟੀਆਂ ਮਨਾਉਣ ਗਏ ਲੋਕਾਂ ਨੂੰ ਸਾਵਧਾਨੀ ਵਰਤਣ ਦੀ ਸਲਾਹ ਵੀ ਦਿੱਤੀ ਜਾਂਦੀ ਹੈ ਕਿ ਉਹ ਦੂਰ ਦਰਾਜ਼ ਅਤੇ ਸੁੰਨੇ ਖੇਤਰਾਂ ਵਿਚ ਇਕੱਲੇ ਘੁੰਮਣ ਨਾ ਜਾਣ ਪਰ ਅਧਿਕਾਰੀਆਂ ਨੂੰ ਸੈਲਾਨੀਆਂ ਦੀ ਸੁਰੱਖਿਆ ਲਈ ਮੁਸਤੈਦੀ ਵਧਾਉਣੀ ਚਾਹੀਦੀ ਹੈ ਅਤੇ ਇਸ ਦੇ ਨਾਲ ਹੀ ਜਗ੍ਹਾ ਜਗ੍ਹਾ ਚਿਤਾਵਨੀ ਬੋਰਡ ਲਾਉਣੇ ਚਾਹੀਦੇ ਹਨ ਜਿਨ੍ਹਾਂ ’ਤੇ ਸੈਲਾਨੀਆਂ ਨੂੰ ਚੌਕਸ ਰਹਿਣ ਬਾਰੇ ਲਿਖਿਆ ਜਾਣਾ ਚਾਹੀਦਾ ਹੈ। ਸੈਰ-ਸਪਾਟਾ ਸਨਅਤ ਨੂੰ ਇਹ ਪੂਰੀ ਤਰ੍ਹਾਂ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹੋਟਲਾਂ ਵਾਲਿਆਂ ਵਲੋਂ ਪੈਰਾ-ਗਲਾਈਡਿੰਗ, ਆਈਸ ਸਕੇਟਿੰਗ ਅਤੇ ਜਲ ਖੇਡਾਂ ਜਿਹੀਆਂ ਸਾਹਸਿਕ ਸਰਗਰਮੀਆਂ ਮੁਤੱਲਕ ਸੁਰੱਖਿਆ ਦੇ ਸਾਰੇ ਪੁਖ਼ਤਾ ਪ੍ਰਬੰਧ ਕੀਤੇ ਜਾਣ। ਖ਼ਾਸਕਰ ਬਰਫ਼ਬਾਰੀ ਦੇ ਸੀਜ਼ਨ ਵਿਚ ਜਦੋਂ ਸੈਲਾਨੀਆਂ ਦੀ ਚੋਖੀ ਆਮਦ ਹੁੰਦੀ ਹੈ, ਅਜਿਹੇ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਢਿਲਮੱਠ ਖ਼ਤਰਨਾਕ ਸਿੱਧ ਹੋ ਸਕਦੀ ਹੈ ਕਿਉਂਕਿ ਬਰਫ਼ ਦੀ ਚਿੱਟੀ ਚਾਦਰ ਵਿਛਣ ਕਰ ਕੇ ਹਾਦਸਿਆਂ ਦਾ ਖ਼ਤਰਾ ਵਧ ਜਾਂਦਾ ਹੈ ਜਿਵੇਂ ਉਪਰੋਕਤ ਘਟਨਾ ਵਿਚ ਹੋਇਆ ਜਾਪਦਾ ਹੈ।

ਹਿਮਾਚਲ ਪ੍ਰਦੇਸ਼ ਦੇ ਅਰਥਚਾਰੇ ਵਿਚ ਸੈਰ-ਸਪਾਟੇ ਤੋਂ ਹੋਣ ਵਾਲੀ ਕਮਾਈ ਦਾ ਅੰਦਾਜ਼ਨ 10 ਫ਼ੀਸਦ ਯੋਗਦਾਨ ਹੁੰਦਾ ਹੈ। ਸੂਬਾ ਸਰਕਾਰ ਨੇ ਸੈਰ-ਸਪਾਟੇ ਨੂੰ ਵਿਕਸਤ ਕਰਨ ਲਈ ਏਸ਼ਿਆਈ ਵਿਕਾਸ ਬੈਂਕ (ਏਡੀਬੀ) ਤੋਂ ਮਿਲੀ ਇਮਦਾਦ ਨਾਲ 2500 ਕਰੋੜ ਰੁਪਏ ਖਰਚ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਰਕਮ ਦਾ ਇਕ ਹਿੱਸਾ ਸੈਲਾਨੀਆਂ ਦੀ ਸੁਰੱਖਿਆ ਦੇ ਬਿਹਤਰ ਪ੍ਰਬੰਧ ਕਰਨ ’ਤੇ ਲਾਉਣਾ ਚਾਹੀਦਾ ਹੈ।

# ਕੇਂਦਰ ਸਰਕਾਰ ਦੇ 10 ਸਾਲ ਅਤੇ ਅਰਥਚਾਰਾ

**ਡਾ. ਕੇਸਰ ਸਿੰਘ ਭੰਗੂ**




ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਨੇ ਦਸ ਸਾਲ ਪੂਰੇ ਕਰ ਲਏ ਹਨ; ਸਰਕਾਰ ਨੇ ਆਪਣਾ ਆਖਿ ?ਰੀ ਅੰਤਰਿਮ ਬਜਟ ਪੇਸ਼ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਦਾ ਦਾਅਵਾ ਹੈ ਕਿ ਚੋਣਾਂ ਤੋਂ ਬਾਅਦ ਉਹ ਪੂਰਾ ਬਜਟ ਪੇਸ਼ ਕਰਨਗੇ; ਮਤਲਬ, ਉਨ੍ਹਾਂ ਨੂੰ ਯਕੀਨ ਹੈ ਕਿ ਲੋਕ ਸਭਾ ਚੋਣਾਂ ਤੋਂ ਬਾਅਦ ਉਹੀ ਪ੍ਰਧਾਨ ਮੰਤਰੀ ਬਣਨਗੇ। ਅੰਤਰਿਮ ਬਜਟ ਵਿੱਚ ਖਜ਼ਾਨਾ ਮੰਤਰੀ ਨੇ ਆਪਣੀ 10 ਸਾਲ ਦੀ ਕਾਰਗੁਜ਼ਾਰੀ ਦਾ ਮੁਕਾਬਲਾ ਆਪਣੇ ਤੋਂ ਪਹਿਲਾਂ ਦੇ ਸਾਲਾਂ ਦੀ ਆਰਥਿਕ ਕਾਰਗੁਜ਼ਾਰੀ ਨਾਲ ਕੀਤਾ ਅਤੇ ਵੱਡੇ ਵੱਡੇ ਦਾਅਵੇ ਕੀਤੇ ਹਨ। ਇਸ ਲਈ ਹੁਣ ਸਮਾਂ ਹੈ ਕਿ ਸਰਕਾਰ ਦੇ ਦੋ ਕਾਰਜਕਾਲਾਂ ’ਤੇ ਨਿਗ੍ਹਾ ਮਾਰੀ ਜਾਵੇ। ਇਸ ਸਰਕਾਰ ਦੇ ਦੋ ਤਿੰਨ ਸਾਲਾਂ ਬਾਅਦ ਹੀ ਅਰਥਚਾਰਾ ਲਗਾਤਾਰ ਗਿਰਾਵਟ ਵੱਲ ਜਾਂਦਾ ਦਿਸਣ ਲੱਗ ਪਿਆ ਸੀ। ਤਕਰੀਬਨ ਸਾਰੇ ਹੀ ਅਹਿਮ ਆਰਥਿਕ ਸੂਚਕ ਜਿਵੇਂ ਵਿਕਾਸ ਦਰ ਤੇ ਪ੍ਰਤੀ ਵਿਅਕਤੀ ਆਮਦਨ ਦਰ, ਬੇਰੁਜ਼ਗਾਰੀ ਤੇ ਮਹਿੰਗਾਈ ਦਰ, ਗ਼ਰੀਬੀ ਆਦਿ ਨੀਵੇਂ ਪੱਧਰ ’ਤੇ ਆ ਗਏ ਹਨ। ਇਸ ਵਿਚ ਕਿਸੇ ਬਾਹਰੀ ਤੇ ਕੌਮਾਂਤਰੀ ਨੀਤੀਆਂ ਅਤੇ ਕਾਰਕਾਂ ਦਾ ਰੋਲ ਨਹੀਂ ਹੈ। ਗਹੁ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਇਨ੍ਹਾਂ ਹਾਲਾਤ ਲਈ ਸਰਕਾਰ ਦੀਆਂ ਨੀਤੀਆਂ ਹੀ ਜਿ ?ਮੇਵਾਰ ਹਨ। ਸਰਕਾਰ ਨੇ ਭਾਵੇਂ ਦਸ ਸਾਲਾਂ ਵਿਚ ਆਰਥਿਕ ਨੀਤੀਆਂ ਵਿੱਚ ਬਹੁਤ ਤਬਦੀਲੀ ਕੀਤੀ ਹੈ, ਜਿਵੇਂ ਯੋਜਨਾ ਕਮਿਸ਼ਨ ਤੋੜ ਕੇ ਨੀਤੀ ਆਯੋਗ ਬਣਾਉਣਾ, ਸਰਕਾਰੀ ਅਦਾਰਿਆਂ ਦਾ ਧੂੰਆਂ-ਧਾਰ ਨਿੱਜੀਕਰਨ, ਮੁਦਰਾ ਨੀਤੀ, ਰਾਜਕੋਸ਼ੀ ਨੀਤੀ, 2016 ਵਿੱਚ ਨੋਟਬੰਦੀ, 2017 ਵਿਚ ਜੀਐੱਸਟੀ ਅਤੇ ਹੋਰ ਬਹੁਤ ਸਾਰੀਆਂ ਆਰਥਿਕ ਤੇ ਸਮਾਜਿਕ ਕਲਿਆਣ ਯੋਜਨਾਵਾਂ ਸ਼ੁਰੂ ਕੀਤੀਆਂ।

ਮੌਜੂਦਾ ਸਰਕਾਰ ਨੇ ਪਿਛਲੀ ਸਰਕਾਰ ਤੋਂ ਵਿਰਸੇ ਵਿੱਚ ਵਿੱਤੀ ਸਾਲ 2014-15 ਦੌਰਾਨ ਚੰਗੀ ਆਰਥਿਕ ਹਾਲਤ ਵਿੱਚ ਅਰਥਚਾਰਾ ਸੰਭਾਲਿਆ ਸੀ। ਉਸ ਵਿੱਤੀ ਸਾਲ ਦੌਰਾਨ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ 7.4 ਪ੍ਰਤੀਸ਼ਤ ਅਤੇ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧੇ ਦੀ ਦਰ 6.2 ਪ੍ਰਤੀਸ਼ਤ ਸੀ। ਸਰਕਾਰ ਦੇ ਕੰਮਕਾਜ ਸੰਭਾਲਣ ਦੇ ਤਿੰਨ ਮਹੀਨਿਆਂ ਬਾਅਦ, ਭਾਵ, ਅਗਸਤ 2014 ਵਿੱਚ ਦੁਨੀਆ ਭਰ ਵਿੱਚ ਕੱਚੇ ਤੇਲ ਅਤੇ ਹੋਰ ਪੈਟਰੋਲੀਅਮ ਪਦਾਰਥਾਂ ਵਿੱਚ ਭਾਰੀ ਗਿਰਾਵਟ ਆਈ ਜਿਸ ਨੇ ਪਹਿਲਾਂ ਤੋਂ ਹੀ ਚੰਗੀ ਆਰਥਿਕ ਤਰੱਕੀ ਕਰ ਰਹੀ ਭਾਰਤੀ ਅਰਥਚਾਰੇ ਨੂੰ ਹੋਰ ਮਜ਼ਬੂਤ ਕੀਤਾ; ਨਤੀਜੇ ਵਜੋਂ 2016-17 ਵਿੱਚ ਕੁੱਲ ਘਰੇਲੂ ਉਤਪਾਦ ਦੀ ਵਿਕਾਸ ਦਰ ਵਿੱਚ 8.3 ਪ੍ਰਤੀਸ਼ਤ ਅਤੇ ਪ੍ਰਤੀ ਵਿਅਕਤੀ ਆਮਦਨ ਦਰ ਵਿੱਚ 6.9 ਪ੍ਰਤੀਸ਼ਤ ਦਾ ਵਾਧਾ ਦਰਜ ਹੋਇਆ। ਅਗਲੇ ਸਾਲਾਂ ਦੌਰਾਨ ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਅਤੇ ਪ੍ਰਤੀ ਵਿਅਕਤੀ ਆਮਦਨ ਦੇ ਵਾਧੇ ਦੀ ਦਰ ਘਟ ਗਈ।

ਇਹ ਵੀ ਸੱਚ ਹੈ ਕਿ ਦੇਸ਼ ਦੀ ਪ੍ਰਤੀ ਵਿਅਕਤੀ ਆਮਦਨ 2014-15 ਤੋਂ ਹੁਣ ਤੱਕ ਦੁੱਗਣੀ ਹੋ ਗਈ ਹੈ। ਪ੍ਰਚਲਤ ਕੀਮਤਾਂ ’ਤੇ 2014-15 ਵਿੱਚ ਪ੍ਰਤੀ ਵਿਅਕਤੀ ਆਮਦਨ 86,647 ਰੁਪਏ ਸੀ ਜਿਹੜੀ ਹੁਣ 98 ਪ੍ਰਤੀਸ਼ਤ ਤੋਂ ਵੱਧ ਵਾਧੇ ਨਾਲ 1,72,000 ਰੁਪਏ ਹੈ। ਇਥੇ ਸਪੱਸ਼ਟ ਕਰਨਾ ਬਣਦਾ ਹੈ ਕਿ ਜਦੋਂ ਕੁੱਲ ਘਰੇਲੂ ਪੈਦਾਵਾਰ ਅਤੇ ਪ੍ਰਤੀ ਵਿਅਕਤੀ ਆਮਦਨ ਦਾ ਮੁਕਾਬਲਤਨ ਅਧਿਐਨ ਪ੍ਰਚਲਤ ਕੀਮਤਾਂ ਅਨੁਸਾਰ ਕੀਤਾ ਜਾਂਦਾ ਹੈ ਤਾਂ ਸਹੀ ਤਸਵੀਰ ਪੇਸ਼ ਨਹੀਂ ਹੁੰਦੀ; ਇਸ ਵਿੱਚ ਮਹਿੰਗਾਈ ਵੀ ਸ਼ਾਮਲ ਹੁੰਦੀ ਹੈ। ਅਸਲ ਹਾਲਤ ਉਦੋਂ ਹੀ ਸਾਹਮਣੇ ਆਉਂਦੀ ਹੈ ਜਦੋਂ ਇਨ੍ਹਾਂ ਦਾ ਮੁਕਾਬਲਤਨ ਅਧਿਐਨ ਸਥਿਰ ਕੀਮਤਾਂ ’ਤੇ ਕੀਤਾ ਜਾਵੇ। ਅਸਲ ਵਿੱਚ 2011-12 ਦੀਆਂ ਸਥਿਰ ਕੀਮਤਾਂ ਦੇ ਹਿਸਾਬ ਨਾਲ ਇਹ ਵਾਧਾ 98 ਪ੍ਰਤੀਸ਼ਤ ਤੋਂ ਵੱਧ ਨਾ ਹੋ ਕੇ ਕੇਵਲ 35 ਪ੍ਰਤੀਸ਼ਤ ਦੇ ਨੇੜੇ ਸੀ; 2014-15 ਵਿੱਚ ਸਥਿਰ ਕੀਮਤਾਂ ਅਨੁਸਾਰ ਪ੍ਰਤੀ ਵਿਅਕਤੀ ਆਮਦਨ 72805 ਰੁਪਏ ਤੋਂ ਵਧ ਕੇ 2022-23 ਵਿੱਚ 98,118 ਰੁਪਏ ਹੋ ਗਈ ਪਰ ਜੇ ਇਸ ਤੋਂ ਪਹਿਲਾਂ ਦੇ 10 ਸਾਲਾਂ ਵਿੱਚ ਪ੍ਰਤੀ ਵਿਅਕਤੀ ਆਮਦਨ ਦੇ ਵਾਧੇ ਨੂੰ ਦੇਖਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧੇ ਦੇ ਮਾਮਲੇ ਵਿੱਚ ਸਰਕਾਰ ਦੀ ਕਾਰਗੁਜ਼ਾਰੀ ਅੱਛੀ ਨਹੀਂ ਰਹੀ। ਮਨਮੋਹਨ ਸਿੰਘ ਸਰਕਾਰ ਸਮੇਂ 10 ਸਾਲਾਂ ਵਿੱਚ ਇਹ ਵਾਧਾ ਪ੍ਰਚਲਤ ਕੀਮਤਾਂ ’ਤੇ 157 ਪ੍ਰਤੀਸ਼ਤ ਸੀ; ਭਾਵ, 2006-07 ਵਿੱਚ ਪ੍ਰਤੀ ਵਿਅਕਤੀ ਆਮਦਨ 33,717 ਰੁਪਏ ਤੋਂ ਵਧ ਕੇ 2014-15 ਵਿੱਚ 86,647 ਰੁਪਏ ਹੋ ਗਈ ਸੀ। ਇਸੇ ਸਮੇਂ ਦੌਰਾਨ ਸਥਿਰ ਕੀਮਤਾਂ ’ਤੇ ਪ੍ਰਤੀ ਵਿਅਕਤੀ ਆਮਦਨ 51431 ਰੁਪਏ ਤੋਂ ਵਧ ਕੇ 72805 ਰੁਪਏ ਹੋ ਗਈ; ਭਾਵ, ਵਾਧਾ 42 ਪ੍ਰਤੀਸ਼ਤ ਦੇ ਨੇੜੇ ਸੀ।

ਕੇਂਦਰ ਸਰਕਾਰ ਨੇ ਨਵੰਬਰ 2016 ਵਿਚ ਨੋਟਬੰਦੀ ਲਾਗੂ ਕੀਤੀ। ਇਹ ਬੇਲੋੜਾ ਫੈਸਲਾ ਸੀ। ਇਸ ਨਾਲ ਆਮ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ; ਬਹੁਤ ਸਾਰੇ ਲੋਕਾਂ ਦੀ ਆਮਦਨ ਅਤੇ ਰੁਜ਼ਗਾਰ ਨੂੰ ਢਾਹ ਲੱਗੀ; ਖ਼ਾਸਕਰ ਛੋਟੇ ਤੇ ਦਰਮਿਆਨੇ ਉਦਯੋਗਾਂ ਅਤੇ ਗੈਰ-ਸੰਗਠਤ ਖੇਤਰ ਦੇ ਕਰਮੀਆਂ ਤੇ ਮਾਲਕਾਂ ਦਾ ਕਚੂੰਮਰ ਨਿੱਕਲ ਗਿਆ। ਉਂਝ ਵੀ, ਇਸ ਫੈਸਲੇ ਨਾਲ ਸਰਕਾਰ ਦੇ ਐਲਾਨੇ ਇਕ ਵੀ ਉਦੇਸ਼ ਦੀ ਪੂਰਤੀ ਨਹੀਂ ਹੋਈ। ਇਸ ਤੋਂ ਬਾਅਦ 2017 ਵਿਚ ਜੀਐੱਸਟੀ (ਗੁਡਜ਼ ਐਂਡ ਸਰਵਿਸ ਟੈਕਸ) ਲਾਗੂ ਕੀਤਾ। ਇਸ ਫ਼ੈਸਲੇ ਨੇ ਵੀ ਛੋਟੇ, ਦਰਮਿਆਨੇ ਅਤੇ ਗੈਰ-ਸੰਗਠਤ ਵਪਾਰਕ ਅਦਾਰਿਆਂ ਨੂੰ ਵੱਡੀ ਢਾਹ ਲਾਈ। ਇਸ ਫ਼ੈਸਲੇ ਨੇ ਦੇਸ਼ ਦੇ ਮਜ਼ਬੂਤ ਸੰਘੀ ਢਾਂਚੇ ਨੂੰ ਨੀਵਾਂ ਦਿਖਾਇਆ; ਨਾਲ ਹੀ ਸੂਬਿਆਂ ਦੇ ਟੈਕਸ ਲਾਗੂ ਕਰ ਕੇ ਆਪਣੀ ਆਮਦਨ ਵਿੱਚ ਵਾਧਾ ਕਰਨ ’ਤੇ ਰੋਕ ਲਗਾ ਦਿੱਤੀ। ਹੁਣ ਸਾਰੇ ਸੂਬੇ ਛੋਟੀ ਮੋਟੀ ਵਿੱਤੀ ਸਹਾਇਤਾ ਲਈ ਵੀ ਕੇਂਦਰ ਸਰਕਾਰ ’ਤੇ ਨਿਰਭਰ ਹਨ। ਸਿਤਮਜ਼ਰੀਫੀ ਇਹ ਕਿ ਮਜ਼ਬੂਤ ਖੇਤਰੀ ਪਾਰਟੀਆਂ ਜਿਹੜੀਆਂ ਫੈਡਰਲਿਜ਼ਮ ਅਤੇ ਸੂਬਿਆਂ ਨੂੰ ਵੱਧ ਹੱਕ ਦੇਣ ਦੀਆਂ ਝੰਡਾਬਰਦਾਰ ਸਨ, ਨੇ ਵੀ ਇਹ ਟੈਕਸ ਲਾਗੂ ਕਰਨ ਲਈ ਹਾਮੀ ਭਰ ਦਿੱਤੀ।

ਇਨ੍ਹਾਂ ਆਰਥਿਕ ਤਬਦੀਲੀਆਂ ਕਾਰਨ ਅਵਾਮ ਦੇ ਰੋਜ਼ੀ ਰੋਟੀ ਕਮਾਉਣ ਦੇ ਵਸੀਲਿਆਂ ਨੂੰ ਵੱਡੀ ਢਾਹ ਲੱਗੀ; ਲੋਕਾਂ ਦਾ ਰੁਜ਼ਗਾਰ ਖੁੱਸਿਆ, ਆਮਦਨ ਘਟੀ, ਗ਼ਰੀਬੀ ਵਧੀ, ਖੁਰਾਕ ਸੁਰੱਖਿਆ ਖ਼ਤਰੇ ਵਿੱਚ ਪਈ ਅਤੇ ਬਹੁਤ ਲੋਕ ਭੁੱਖਮਰੀ ਦੀ ਕਗਾਰ ’ਤੇ ਪਹੁੰਚ ਗਏ। ਇਨ੍ਹਾਂ ਨੀਤੀਆਂ ਕਾਰਨ ਦੇਸ਼ ਵਿੱਚ ਪਿਛਲੇ ਪੰਜ ਦਹਾਕਿਆਂ ਤੋਂ ਪਹਿਲੀ ਵਾਰ ਪ੍ਰਤੀ ਵਿਅਕਤੀ ਆਮਦਨ ਘਟੀ; 2017-18 ਤੋਂ 2021-22 ਦਰਮਿਆਨ ਪ੍ਰਤੀ ਵਿਅਕਤੀ ਆਮਦਨ ਦਰ 0.2 ਪ੍ਰਤੀਸ਼ਤ ਦੇ ਹਿਸਾਬ ਨਾਲ ਸਾਲਾਨਾ ਘਟ ਗਈ। ਇਥੇ ਹੀ ਬਸ ਨਹੀਂ, ਗੈਰ-ਖੇਤੀ ਧੰਦਿਆਂ ਵਾਲਿਆਂ ਦੀ ਅਸਲ ਮਜ਼ਦੂਰੀ ਵੀ 0.2 ਪ੍ਰਤੀਸ਼ਤ ਦੇ ਹਿਸਾਬ ਨਾਲ ਘਟੀ। 2016-17 ਤੋਂ ਬਾਅਦ ਅਸਲ ਮਜ਼ਦੂਰੀ ਵਿੱਚ 0.7 ਪ੍ਰਤੀਸ਼ਤ ਸਾਲਾਨਾ ਦਾ ਭਾਰੀ ਘਾਟਾ ਦਰਜ ਹੋਇਆ।

ਇਹ ਅੰਕੜੇ ਪਿਛਲੇ ਸਾਲਾਂ ਦੌਰਾਨ ਵਧੀ ਗ਼ਰੀਬੀ ਅਤੇ ਗਰੀਬੀ ਘਟਣ ਦੀ ਦਰ ਵਿਚ ਆਈ ਕਮੀ ਵੱਲ ਇਸ਼ਾਰਾ ਕਰਦੇ ਹਨ ਪਰ ਹੁਣ ਗ਼ਰੀਬੀ ਦੇ ਅੰਕੜੇ ਦਹਾਕਾ ਪਹਿਲਾਂ, ਭਾਵ, 2011-12 ਦੇ ਹੀ ਮਿਲਦੇ ਹਨ। ਗ਼ਰੀਬੀ ਸਬੰਧੀ ਜਿਹੜਾ ਸਰਵੇਖਣ 2017-18 ਵਿੱਚ ਹੋਇਆ ਸੀ, ਉਸ ਨੂੰ ਸਰਕਾਰ ਨੇ ਤਕਨੀਕੀ ਖ਼ਾਮੀਆਂ ਕਾਰਨ ਠੰਢੇ ਬਸਤੇ ਵਿੱਚ ਪਾਇਆ ਹੋਇਆ ਹੈ। ਸਰਕਾਰ ਨੇ ਗ਼ਰੀਬੀ ਦੀ ਪਰਿਭਾਸ਼ਾ ਬਦਲਣ ਦੀ ਕੋਸਿ ?ਸ਼ ਵੀ ਕੀਤੀ। ਇਕ ਖੋਜ ਪੱਤਰ ਦੇ ਆਧਾਰ ’ਤੇ ਪ੍ਰਚਾਰਿਆ ਜਾ ਰਿਹਾ ਹੈ ਕਿ ਪਿਛਲੇ ਦਸ ਸਾਲਾਂ ਵਿੱਚ 25 ਕਰੋੜ ਲੋਕਾਂ ਨੂੰ ਗ਼ਰੀਬੀ ਵਿਚੋਂ ਕੱਢ ਲਿਆ ਗਿਆ ਹੈ। ਇਸੇ ਤਰ੍ਹਾਂ ਸਰਕਾਰ ਨੇ 2021 ਦੀ ਜਨਗਣਨਾ ਨੂੰ ਵੀ ਵਿੱਚ-ਵਿਚਾਲੇ ਰੋਕਿਆ ਹੋਇਆ ਹੈ। ਸਰਕਾਰ ਬੇਰੁਜ਼ਗਾਰੀ ਦੀ ਦਰ ਵੀ ਬਹੁਤ ਘਟਾ ਕੇ ਦੱਸ ਰਹੀ ਹੈ; ਕੌਮਾਂਤਰੀ ਸੰਸਥਾਵਾਂ ਅਤੇ ਦੇਸ਼ ਦੀਆਂ ਕੁਝ ਖ਼ੁਦਮੁਖ਼ਤਾਰ ਸੰਸਥਾਵਾਂ ਅਨੁਸਾਰ, ਬੇਰੁਜ਼ਗਾਰੀ ਬਹੁਤ ਉੱਚੇ ਪੱਧਰ ’ਤੇ ਹੈ। ਇਨ੍ਹਾਂ ਅੰਕੜਿਆਂ ਦੇ ਆਧਾਰ ’ਤੇ ਕਿਹਾ ਜਾ ਸਕਦਾ ਹੈ ਕਿ ਜਦੋਂ ਲੋਕਾਂ ਦੇ ਰੁਜ਼ਗਾਰ ਅਤੇ ਆਮਦਨ ਘਟੀ ਹੈ ਤਾਂ ਸੁਭਾਵਿਕ ਹੈ, ਗ਼ਰੀਬੀ ਵਧੀ ਹੈ।

ਅੰਤਰਿਮ ਬਜਟ ਵਿੱਚ ਮਹਿੰਗਾਈ ਕੰਟਰੋਲ ਕਰਨ ਅਤੇ ਭ੍ਰਿਸ਼ਟਾਚਾਰ ਘੱਟਣ ਦਾ ਜਿ ?ਕਰ ਹੈ ਪਰ ਕੁਝ ਸਾਲਾਂ ਤੋਂ ਵਧ ਰਹੀ ਹਰ ਕਿਸਮ ਦੀ ਮਹਿੰਗਾਈ ਦੱਸਦੀ ਹੈ ਕਿ ਪ੍ਰਚੂਨ ਤੇ ਥੋਕ ਮਹਿੰਗਾਈ ਦਰਾਂ 10 ਸਾਲਾਂ ਵਿੱਚ ਸਭ ਤੋਂ ਉੱਚੀਆਂ ਹਨ। ਗ਼ਰੀਬ ਲੋਕ ਜੋ ਬਹੁਗਿਣਤੀ ਵਿਚ ਹਨ, ਇਸ ਮਹਿੰਗਾਈ ਦੀ ਮਾਰ ਸਭ ਤੋਂ ਵੱਧ ਝੱਲ ਰਹੇ ਹਨ। ਪਿਛਲੇ ਸਮੇਂ ਦੌਰਾਨ ਪੈਟਰੋਲੀਅਮ ਪਦਾਰਥਾਂ, ਖੁਰਾਕੀ ਤੇਲਾਂ ਤੇ ਪਦਾਰਥਾਂ ਅਤੇ ਹੋਰ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿੱਚ ਬੇਹਿਸਾਬ ਵਾਧਾ ਹੋਇਆ ਹੈ। ਇਹ ਵਸਤਾਂ ਆਮ ਲੋਕਾਂ ਦੇ ਵਿੱਤ ਤੋਂ ਬਾਹਰ ਹੋ ਰਹੀਆਂ ਹਨ। ਇਹ ਵੀ ਦੇਖਣ ਵਿਚ ਆਇਆ ਹੈ ਕਿ ਵਧ ਰਹੀ ਮਹਿੰਗਾਈ ਦੇ ਅਸਲ ਕਾਰਨ ਸਰਕਾਰ ਦੀ ਨੀਤੀਆਂ ਨਾਲ ਗ਼ਲਤ ਛੇੜਛਾੜ, ਕਾਰਪੋਰੇਟ ਘਰਾਣਿਆਂ ਨੂੰ ਮਣਾਂ-ਮੂੰਹੀਂ ਮੁਨਾਫ਼ਾ ਕਮਾਉਣ ਦੀ ਖੁੱਲ੍ਹ ਦੇਣਾ ਅਤੇ ਹੋਰ ਆਰਥਿਕ ਤਰਜੀਹਾਂ ਹਨ; ਭਾਵ, ਮਹਿੰਗਾਈ ਲਈ ਜਿ ?ਮੇਵਾਰ ਕਾਰਕ ਅੰਦਰੂਨੀ ਹਨ, ਭਾਵੇਂ ਕੌਮਾਂਤਰੀ ਕਾਰਕਾਂ ਨੇ ਵੀ ਥੋੜ੍ਹਾ ਯੋਗਦਾਨ ਪਾਇਆ ਹੈ। ਸਰਕਾਰ ਦੀਆਂ ਆਰਥਿਕ ਤਰਜੀਹਾਂ ਤੋਂ ਮਤਲਬ ਹੈ, ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਮੁਨਾਫ਼ੇ ਵਾਲੀਆਂ ਨੀਤੀਆਂ ਉੱਪਰ ਚਲ ਰਹੀ ਹੈ। ਇਹੀ ਕਾਰਨ ਹੈ ਕਿ ਭਾਰਤ ਵਿੱਚ ਅਰਬਪਤੀਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਚਾਹੀਦਾ ਤਾਂ ਇਹ ਸੀ ਕਿ ਸਰਕਾਰ ਨੀਤੀਆਂ ਵਿੱਚ ਲੋਕ ਪੱਖੀ ਤਬਦੀਲੀਆਂ ਕਰ ਕੇ ਆਮ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਂਦੀ, ਇਸ ਨਾਲ ਲੋਕਾਂ ਦੀ ਆਮਦਨ ਵਧਦੀ ਅਤੇ ਮਹਿੰਗਾਈ ਤੋਂ ਰਾਹਤ ਮਿਲਦੀ ਪਰ ਅਜਿਹਾ ਨਹੀਂ ਹੋਇਆ। ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਘੋਰ ਗ਼ਰੀਬੀ ਵਿੱਚ ਧੱਕਿਆ ਗਿਆ। ਜਿਥੋਂ ਤੱਕ ਭ੍ਰਿਸ਼ਟਾਚਾਰ ਦਾ ਸਵਾਲ ਹੈ, ਹੁਣੇ ਜਾਰੀ ਕੌਮਾਂਤਰੀ ਭ੍ਰਿਸ਼ਟਾਚਾਰ ਸੂਚਕ ਦੱਸਦੇ ਹਨ ਕਿ ਦੇਸ਼ ਵਿੱਚ ਭ੍ਰਿਸ਼ਟਾਚਾਰ ਘਟਿਆ ਨਹੀਂ। ਇਸ ਸਬੰਧੀ ਦੇਸ਼ ਦੇ ਅੰਕਾਂ ਅਤੇ ਰੈਂਕ ਵਿੱਚ ਕੋਈ ਫ਼ਰਕ ਨਹੀਂ ਪਿਆ ਹੈ। *ਸਾਬਕਾ ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਨਾਜਾਇਜ਼ ਖਣਨ ਵਿੱਚ ‘ਆਪ’ ਦੇ ਵਿਧਾਇਕ ਸ਼ਾਮਲ: ਸੁਖਬੀਰ ਬਾਦਲ

**ਤਰਨ ਤਾਰਨ/ਪੱਟੀ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵੱਲੋਂ ਸ਼ੁਰੂ ਕੀਤੀ ‘ਪੰਜਾਬ ਬਚਾਓ ਯਾਤਰਾ’ ਦੇ ਅੱਠਵੇਂ ਦਿਨ ਅੱਜ ਸਰਹੱਦੀ ਖੇਤਰ ਦੇ ਵਿਧਾਨ ਸਭਾ ਹਲਕਾ ਪੱਟੀ ਅਤੇ ਖੇਮਕਰਨ ਦੇ ਲੋਕਾਂ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ ਅਤੇ ‘ਆਪ’ ਸਰਕਾਰ ’ਤੇ ਸਰਹੱਦੀ ਪੱਟੀ ’ਚ ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਦੇਣ ’ਚ ਨਾਕਾਮ ਰਹਿਣ ਦਾ ਦੋਸ਼ ਲਾਇਆ। ਪੱਟੀ ਪਹੁੰਚਣ ’ਤੇ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਹਲਕੇ ਅੰਦਰ ਯਾਤਰਾ ਵਿੱਚ ਪਾਰਟੀ ਪ੍ਰਧਾਨ ਦੇ ਨਾਲ ਰਹੇ। ਸੁਖਬੀਰ ਬਾਦਲ ਨੇ ਕਿਹਾ ਕਿ ਅਕਾਲੀ ਦਲ ਸਰਹੱਦੀ ਪੱਟੀ ਵਾਸਤੇ ਵਿਸ਼ੇਸ਼ ਪੈਕੇਜ ਲੈਣ ਦਾ ਯਤਨ ਕਰੇਗਾ ਤਾਂ ਜੋ ਇਥੇ ਉਦਯੋਗਿਕ ਇਕਾਈਆਂ ਸਥਾਪਤ ਕਰਨ ਅਤੇ ਨੌਜਵਾਨਾਂ ਦੇ ਲਈ ਰੁਜ਼ਗਾਰ ਦੇ ਮੌਕੇ ਪੈਦਾ ਕੀਤੇ ਜਾ ਸਕਣਗੇ।



ਪੱਟੀ ਹਲਕੇ ਵਿਚ ਸਮਰਥਕਾਂ ਦਾ ਪਿਆਰ ਕਬੂਲਦੇ ਹੋਏ ਸੁਖਬੀਰ ਸਿੰਘ ਬਾਦਲ।

ਬਾਦਲ ਨੇ ‘ਆਪ’ ਸਰਕਾਰ ’ਤੇ ਸਰਹੱਦੀ ਪੱਟੀ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਇਲਾਕੇ ਦੇ ਲੋਕਾਂ ਉਨ੍ਹਾਂ ਨੂੰ ਸ਼ਿਕਾਇਤ ਕੀਤੀ ਹੈ ਕਿ ਸਰਹੱਦੀ ਸਕੂਲਾਂ ਵਿੱਚ ਅਧਿਆਪਕ ਨਹੀਂ ਹਨ ਤੇ ਡਿਸਪੈਂਸਰੀਆਂ ਸਿਰਫ ਕਾਗਜ਼ਾਂ ਵਿੱਚ ਚੱਲ ਹੀ ਰਹੀਆਂ ਹਨ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਸਰਹੱਦੀ ਇਲਾਕੇ ਦੇ ਵਿਧਾਇਕ ਕਥਿਤ ਗ਼ੈਰ-ਕਾਨੂੰਨੀ ਖਣਨ ’ਚ ਲੱਗੇ ਹੋਏ ਹਨ ਤੇ ਸਮਾਜ ਭਲਾਈ ਕਾਰਜ ਕਰਨ ਦੀ ਥਾਂ ਉਹ ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਬਾਰਡਰ ਬੈਲਟ ਵਿੱਚ ਹਮੇਸ਼ਾ ਹੀ ਸਿੱਖਿਆ, ਸਿਹਤ ਤੇ ਖੇਡਾਂ ਸਬੰਧੀ ਵਿਸ਼ਵ ਪੱਧਰੀ ਸਹੂਲਤਾਂ ਪ੍ਰਦਾਨ ਕਰਨ ਦਾ ਹਮਾਇਤੀ ਰਿਹਾ ਹੈ ਅਤੇ ਸੂਬੇ ’ਚ ਸੱਤਾ ਵਿਚ ਆਉਣ ’ਤੇ ਕੌਮਾਂਤਰੀ ਸਰਹੱਦ ਨਾਲ ਲੱਗਦੇ ਇਲਾਕੇ ਵਿਕਾਸ ਦੀ ਯੋਜਨਾ ਉਲੀਕੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਰਕਾਰ ਪਿੰਡਾਂ ਤੋਂ ਚਲਾਉਣ ਦਾ ਵਾਅਦਾ ਕੀਤਾ ਸੀ ਪਰ ਉਨ੍ਹਾਂ ਨੇ ਸਰਕਾਰ ਦੀ ਵਾਗਡੋਰ ਅਰਵਿੰਦ ਕੇਜਰੀਵਾਲ ਦੇ ਹੱਥ ਸੌਂਪ ਦਿੱਤੀ। ਇਸ ਮੌਕੇ ਬਿਕਰਮ ਸਿੰਘ ਮਜੀਠੀਆ, ਵਿਰਸਾ ਸਿੰਘ ਵਲਟੋਹਾ, ਅਲਵਿੰਦਰਪਾਲ ਸਿੰਘ ਪੱਖੋਕੇ, ਵੀਰ ਸਿੰਘ ਲੋਪੋਕੇ ਵੀ ਅਕਾਲੀ ਦਲ ਦੇ ਪ੍ਰਧਾਨ ਦੇ ਨਾਲ ਮੌਜੂਦ ਰਹੇ।

# ਲਾਰੈਂਸ ਗਰੋਹ ਦੇ ਅੱਠ ਮੈਂਬਰ ਹਥਿਆਰਾਂ ਸਣੇ ਗ੍ਰਿਫ਼ਤਾਰ

**ਜਲੰਧਰ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਕਮਿਸ਼ਨਰੇਟ ਪੁਲੀਸ ਨੇ ਫਿਰੌਤੀ, ਧਮਕੀਆਂ ਅਤੇ ਹੋਰ ਅਪਰਾਧਕ ਸਰਗਰਮੀਆਂ ’ਚ ਸ਼ਾਮਲ ਲਾਰੈਂਸ ਬਿਸ਼ਨੋਈ ਗੈਂਗ ਦੇ ਅੱਠ ਗੈਂਗਸਟਰਾਂ ਨੂੰ ਹਥਿਆਰਾਂ ਸਮੇਤ ਕਾਬੂ ਕੀਤਾ ਹੈ। ਵੇਰਵਿਆਂ ਦਾ ਖੁਲਾਸਾ ਕਰਦਿਆਂ ਪੁਲੀਸ ਕਮਿਸ਼ਨਰ ਸਵਪਨ ਸ਼ਰਮਾ ਨੇ ਦੱਸਿਆ ਕਿ 27 ਜਨਵਰੀ ਨੂੰ ਕਰਮਾ ਫੈਸ਼ਨ ਸ਼ੋਅਰੂਮ ਦੇ ਮਾਲਕ ਦੀ ਦੁਕਾਨ ਅੱਗੇ ਰੌਂਦ ਵਿੱਚ ਧਮਕੀ ਪੱਤਰ ਰੱਖ 50 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਸੀ। ਇਸ ਸਬੰਧੀ ਥਾਣਾ ਡਿਵੀਜ਼ਨ 4 ਜਲੰਧਰ ਵਿੱਚ ਐੱਫਆਈਆਰ ਦਰਜ ਕਰ ਕੇ ਮਾਮਲੇ ਦੀ ਜਾਂਚ ਵਿੱਢੀ ਗਈ ਸੀ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਗਰੋਹ ਦੇ ਮੈਂਬਰਾਂ ਨੇ ਯੋਜਨਾਬੱਧ ਤਰੀਕੇ ਨਾਲ ਉਦਯੋਗਪਤੀਆਂ ਅਤੇ ਕਾਰੋਬਾਰੀਆਂ ਬਾਰੇ ਜਾਣਕਾਰੀ ਇਕੱਠੀ ਕੀਤੀ ਸੀ ਜਿਸ ਦੀ ਵਰਤੋਂ ਕਰ ਕੇ ਫਿਰੌਤੀ ਮੰਗੀ ਜਾਂਦੀ ਸੀ। ਪੁਲੀਸ ਕਮਿਸ਼ਨਰ ਮੁਤਾਬਕ ਪੁਲੀਸ ਨੇ ਤਫ਼ਤੀਸ਼ ਦੇ ਆਧਾਰ ’ਤੇ 8 ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ ਦੀ ਪਛਾਣ ਸੰਜੇ ਬਾਵਾ ਵਾਸੀ ਮੁਹੱਲਾ ਕਰਾਰ ਖਾਂ, ਦੀਪਕ ਕੁਮਾਰ ਉਰਫ਼ ਦੀਪਕ ਵਾਸੀ ਰਤਨ ਨਗਰ, ਅਭਿਸ਼ੇਕ ਗਿੱਲ ਵਾਸੀ ਗੁਰਦੇਵ ਨਗਰ ਤੋਂ ਇਲਾਵਾ ਗਜਿੰਦਰ ਰਾਜਪੂਰ ਉਰਫ ਗੱਜੂ, ਰਾਧੇ, ਪੱਪੂ, ਮਨੋਜ ਤੇ ਦੀਪਕ ਕੁਮਾਰ ਉਰਫ਼ ਦੀਪਕ ਸਾਰੇ ਵਾਸੀ ਸ਼ਹੀਦ ਬਾਬੂ ਲਾਭ ਸਿੰਘ ਨਗਰ, ਜਲੰਧਰ ਵਜੋਂ ਹੋਈ ਹੈ। ਸਵਪਨ ਸ਼ਰਮਾ ਨੇ ਦੱਸਿਆ ਕਿ ਇਨ੍ਹਾਂ ਸਾਰੇ ਗੈਂਗਸਟਰਾਂ ਨੂੰ ਧੋਬੀ ਘਾਟ ਨੇੜੇ ਟੀਵੀ ਟਾਵਰ ਜਲੰਧਰ ਤੋਂ ਕਾਬੂ ਕੀਤਾ ਗਿਆ ਹੈ ਜਿਨ੍ਹਾਂ ਕੋਲੋਂ ਇੱਕ ਪਿਸਤੌਲ 30 ਬੋਰ, ਇੱਕ ਪਿਸਤੌਲ 32 ਬੋਰ, ਇੱਕ ਦੇਸੀ ਕੱਟਾ 315 ਬੋਰ, 4 ਮੈਗਜ਼ੀਨ, 10 ਕਾਰਤੂਸ, ਇੱਕ ਸਪਲੈਂਡਰ ਮੋਟਰਸਾਈਕਲ ਅਤੇ ਦੋ ਸਕੂਟਰ (ਐਕਟਿਵਾ) ਬਰਾਮਦ ਹੋਏ ਹਨ। ਉਨ੍ਹਾਂ ਕਿਹਾ ਕਿ ਮਨੋਜ ਇਨ੍ਹਾਂ ਗੈਂਗਸਟਰਾਂ ਦਾ ਸਰਗਨਾ ਹੈ। ਇਨ੍ਹਾਂ ਗੈਂਗਸਟਰਾਂ ਦੀਆਂ ਕਾਰਵਾਈਆਂ ਕੌਮੀ ਸਰਹੱਦਾਂ ਤੋਂ ਪਾਰ ਫੈਲੀਆਂ ਹੋਈਆਂ ਸਨ ਤੇ ਇਨ੍ਹਾਂ ਦੇ ਸਬੰਧ ਮੌਜੂਦਾ ਸਮੇਂ ਇੰਗਲੈਂਡ ਵਿੱਚ ਰਹਿੰਦੇ ਸੂਰਜ ਨਾਲ ਸਨ। ਉਨ੍ਹਾਂ ਮੁਤਾਬਕ ਇਹ ਗਰੋਹ ਲੋਕਾਂ ਤੋਂ ਪੈਸੇ ਕਢਵਾਉਣ ਲਈ ਫੋਨ ਕਾਲਾਂ ਅਤੇ ਪੱਤਰਾਂ ਦੀ ਵਰਤੋਂ ਕਰਦਾ ਸੀ। ਫੋਨ ਕਾਲਾਂ ਲਈ ਵਰਤੇ ਜਾਂਦੇ ਅੰਤਰਰਾਸ਼ਟਰੀ ਨੰਬਰ ਬਾਰੇ ਵੇਰਵੇ ਪ੍ਰਾਪਤ ਕਰਨ ’ਤੇ ਜਾਂਚ ਪਹਿਲਾਂ ਹੀ ਚੱਲ ਰਹੀ ਹੈ। ਇਨ੍ਹਾਂ ਦਾ ਕੋਈ ਪਿਛਲਾ ਅਪਰਾਧਕ ਰਿਕਾਰਡ ਨਹੀਂ ਹੈ। ਪੁਲੀਸ ਨੂੰ ਕੁਝ ਖਾਤਾ ਨੰਬਰ ਵੀ ਮਿਲੇ ਹਨ, ਜਿਨ੍ਹਾਂ ਬਾਰੇ ਜਾਂਚ ਜਾਰੀ ਹੈ।



ਜਲੰਧਰ ਵਿਚ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗੈਂਗਸਟਰ।

ਪੰਜਾਬ ਪੁਲੀਸ ਦੇ ਸਟੇਟ ਸਪੈਸ਼ਲ ਅਪਰੇਸ਼ਨ ਸੈੱਲ ਦੀ ਟੀਮ ਨੇ ਅੱਜ ਸੈਕਟਰ-71 ਵਿੱਚ ਮੁਕਾਬਲੇ ਮਗਰੋਂ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ। ਇਸ ਦੌਰਾਨ ਮੁਲਜ਼ਮ ਦੇ ਪੈਰ ਵਿੱਚ ਗੋਲੀ ਲੱਗੀ ਹੈ ਜਿਸ ਮਗਰੋਂ ਉਸ ਨੂੰ ਹਸਪਤਾਲ ’ਚ ਦਾਖ਼ਲ ਕਰਵਾਇਆ ਗਿਆ ਹੈ। ਮੁਲਜ਼ਮ ਦੀ ਪਛਾਣ ਰਾਜਨ ਭੱਟੀ ਵਜੋਂ ਦੱਸੀ ਗਈ ਹੈ ਪਰ ਸਪੈਸ਼ਨ ਅਪਰੇਸ਼ਨ ਸੈੱਲ ਤੇ ਮੁਹਾਲੀ ਪੁਲੀਸ ਵੱਲੋਂ ਮੁਲਜ਼ਮ ਦੀ ਪਛਾਣ ਬਾਰੇ ਹਾਲੇ ਕੋਈ ਪੁਸ਼ਟੀ ਨਹੀਂ ਕੀਤੀ ਗਈ ਹੈ। ਜਾਣਕਾਰੀ ਅਨੁਸਰ ਮੁਲਜ਼ਮ ਖ਼ਿਲਾਫ਼ ਐਨਡੀਪੀਐਸ ਅਤੇ ਅਸਲਾ ਐਕਟ ਤਹਿਤ ਦੋ ਵੱਖ-ਵੱਖ ਅਪਰਾਧਕ ਮਾਮਲੇ ਦਰਜ ਹਨ ਤੇ ਇਸ ਸਬੰਧ ਵਿੱਚ ਉਹ ਲੰਬੇ ਸਮੇਂ ਤੋਂ ਪੁਲੀਸ ਨੂੰ ਲੋੜੀਂਦਾ ਸੀ।

ਸੂਤਰਾਂ ਅਨੁਸਾਰ ਮੁਲਜ਼ਮ ਦੀ ਮੌਜੂਦਗੀ ਬਾਰੇ ਪੁਲੀਸ ਨੂੰ ਗੁਪਤ ਸੂਚਨਾ ਮਿਲੀ ਸੀ, ਜਿਸ ਮਗਰੋਂ ਉਕਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਮੁਲਜ਼ਮ ਕੋਲੋਂ ਇੱਕ ਰਿਵਾਲਵਰ ਤੇ ਹੈਰੋਇਨ ਬਰਾਮਦ ਕੀਤੀ ਦੱਸੀ ਜਾ ਰਹੀ ਹੈ।

# ਪੰਜਾਬ ਵਿੱਚ ਇਸ ਸਾਲ ਦੇ ਅੰਤ ਤੱਕ ਖੇਤੀ ਰਹਿੰਦ-ਖੂੰਹਦ ਆਧਾਰਤ ਸੱਤ ਸੀ.ਬੀ.ਜੀ. ਪ੍ਰਾਜੈਕਟ ਕਰਾਂਗੇ ਸ਼ੁਰੂ: ਅਮਨ ਅਰੋੜਾ

## ਸੀ.ਬੀ.ਜੀ. ਪ੍ਰਾਜੈਕਟ ਸਾਲਾਨਾ 2.72 ਲੱਖ ਟਨ ਪਰਾਲੀ ਦੀ ਖਪਤ ਨਾਲ ਪ੍ਰਤੀ ਦਿਨ ਕਰਨਗੇ 79 ਟਨ ਸੀ.ਬੀ.ਜੀ. ਉਤਪਾਦਨ

**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਸੋਚ ਅਨੁਸਾਰ ਸੂਬੇ ਵਿੱਚ ਗਰੀਨ ਊਰਜਾ ਦੇ ਉਤਪਾਦਨ ਨੂੰ ਹੋਰ ਵਧਾਉਣ ਲਈ ਇਸ ਸਾਲ ਦੇ ਅੰਤ ਤੱਕ ਲਗਭਗ 79 ਟਨ ਪ੍ਰਤੀ ਦਿਨ (ਟੀ.ਪੀ.ਡੀ.) ਦੀ ਕੁੱਲ ਸਮਰੱਥਾ ਵਾਲੇ ਸੱਤ ਕੰਪਰੈੱਸਡ ਬਾਇਓਗੈਸ (ਸੀ.ਬੀ.ਜੀ.) ਪ੍ਰਾਜੈਕਟ ਸ਼ੁਰੂ ਕਰ ਦਿੱਤੇ ਜਾਣਗੇ।



ਸ੍ਰੀ ਅਮਨ ਅਰੋੜਾ ਇੱਥੇ ਆਪਣੇ ਦਫ਼ਤਰ ਵਿੱਚ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਵਿਭਾਗ ਦੇ ਸਕੱਤਰ ਸ੍ਰੀ ਰਵੀ ਭਗਤ ਨਾਲ ਵਿਭਾਗ ਦੇ ਚੱਲ ਰਹੇ ਪ੍ਰਾਜੈਕਟਾਂ ਦੀ ਪ੍ਰਗਤੀ ਦੀ ਸਮੀਖਿਆ ਕਰ ਰਹੇ ਸਨ।

ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਇਨ੍ਹਾਂ ਸੱਤ ਪ੍ਰਾਜੈਕਟਾਂ ਵਿੱਚ ਸਾਲਾਨਾ 2.72 ਲੱਖ ਟਨ ਝੋਨੇ ਦੀ ਪਰਾਲੀ ਦੀ ਖਪਤ ਹੋਵੇਗੀ। ਇਸ ਤੋਂ ਇਲਾਵਾ 85 ਟੀ.ਪੀ.ਡੀ. ਤੋਂ ਵੱਧ ਸਮਰੱਥਾ ਵਾਲੇ ਚਾਰ ਸੀ.ਬੀ.ਜੀ. ਪ੍ਰਾਜੈਕਟ ਪਹਿਲਾਂ ਹੀ ਸ਼ੁਰੂ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਲਈ ਲਗਭਗ 1.70 ਲੱਖ ਟਨ ਪਰਾਲੀ ਇਕੱਤਰ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਸੂਬੇ ਵਿੱਚ ਪਰਾਲੀ ਸਾੜਨ ਦੀ ਸਮੱਸਿਆ ਨੂੰ ਹੱਲ ਕਰਨ ਤੋਂ ਇਲਾਵਾ ਪੰਜਾਬ ਨੂੰ ਕੁਦਰਤੀ ਅਤੇ ਸਾਫ਼-ਸੁਥਰੀ ਊਰਜਾ ਦੇ ਉਤਪਾਦਨ ਵਿੱਚ ਮੋਹਰੀ ਸੂਬਾ ਬਣਾਉਣ ਲਈ ਸੂਬਾ ਸਰਕਾਰ ਦੇ ਯਤਨਾਂ ਨੂੰ ਹੁਲਾਰਾ ਦੇਣ ਵਿੱਚ ਸਹਾਈ ਸਿੱਧ ਹੋਣਗੇ।

ਪੰਜਾਬ ਸਰਕਾਰ ਵੱਲੋਂ ਪਰਾਲੀ ਸਾੜਨ ਦੇ ਮਾਮਲਿਆਂ ਨੂੰ ਸਿਫ਼ਰ ’ਤੇ ਲਿਆਉਣ ਲਈ ਕੀਤੇ ਜਾ ਰਹੇ ਯਤਨਾਂ ਦਾ ਜ਼ਿਕਰ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਬਾਇਓਫਿਊਲ ਨੀਤੀ ਦਾ ਖਰੜਾ ਤਿਆਰ ਕਰ ਲਿਆ ਗਿਆ ਹੈ। ਇਸ ਦੇ ਨਾਲ ਹੀ ਆਰਥਿਕਤਾ ਨੂੰ ਡੀਕਾਰਬੋਨਾਈਜ਼ ਕਰਨ ਅਤੇ ਰਿਵਾਇਤੀ ਈਂਧਣ ’ਤੇ ਨਿਰਭਰਤਾ ਘਟਾਉਣ ਲਈ ਗਰੀਨ ਹਾਈਡ੍ਰੋਜਨ ਨੀਤੀ ਵੀ ਬਣਾਈ ਗਈ ਹੈ।

ਇਸ ਕਦਮ ਦਾ ਉਦੇਸ਼ ਗ੍ਰੀਨ ਹਾਊਸ ਗੈਸਾਂ ਦੇ ਨਿਕਾਸ ਨੂੰ ਘਟਾਉਣ ਦੇ ਨਾਲ-ਨਾਲ ਸੂਬੇ ਨੂੰ ਤਕਨਾਲੋਜੀ ਦੀ ਵਰਤੋਂ ਕਰਨ ਅਤੇ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੇ ਯੋਗ ਬਣਾਉਣਾ ਹੈ।

ਸ੍ਰੀ ਰਵੀ ਭਗਤ ਨੇ ਕੈਬਨਿਟ ਮੰਤਰੀ ਨੂੰ ਦੱਸਿਆ ਕਿ ਪਿਛਲੇ ਸਾਲ 101 ਸਰਕਾਰੀ ਇਮਾਰਤਾਂ ਨੂੰ ਸੋਲਰ ਪੈਨਲਾਂ ਨਾਲ ਲੈਸ ਕੀਤਾ ਗਿਆ ਅਤੇ ਪੇਡਾ ਵੱਲੋਂ ਇਸ ਸਾਲ 897 ਹੋਰ ਸਰਕਾਰੀ ਇਮਾਰਤਾਂ ਨੂੰ ਸੋਲਰ ਪੈਨਲਾਂ ਨਾਲ ਲੈਸ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਇਸ ਮੀਟਿੰਗ ਵਿੱਚ ਵਿਸ਼ੇਸ਼ ਸਕੱਤਰ ਨਵੀਂ ਅਤੇ ਨਵਿਆਉਣਯੋਗ ਊਰਜਾ ਸਰੋਤ ਸ੍ਰੀ ਸੁਖਜੀਤ ਪਾਲ ਸਿੰਘ, ਪੇਡਾ ਦੇ ਡਾਇਰੈਕਟਰ ਸ੍ਰੀ ਐਮ.ਪੀ.ਸਿੰਘ, ਜੁਆਇੰਟ ਡਾਇਰੈਕਟਰ ਰਾਜੇਸ਼ ਬਾਂਸਲ, ਟਰਾਂਸਪੋਰਟ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ।

# ਸੂਰਜਕੁੰਡ ਮੇਲੇ ਵਿੱਚ ਵਿਦੇਸ਼ੀ ਕਲਾਕਾਰਾਂ ਨੇ ਲਾਈ ਰੌਣਕ



**ਫਰੀਦਾਬਾਦ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਫਰੀਦਾਬਾਦ 'ਚ ਅੱਜ 37ਵੇਂ ਸੂਰਜਕੁੰਡ ਕੌਮਾਂਤਰੀ ਸ਼ਿਲਪਕਾਰੀ ਮੇਲੇ ਦੀ ਮੁੱਖ ਚੌਪਾਲ ਵਿੱਚ ਦੇਸ਼-ਵਿਦੇਸ਼ ਦੇ ਕਲਾਕਾਰਾਂ ਨੇ ਆਪਣੇ ਸੰਗੀਤਕ ਸਾਜ਼ਾਂ ਰਾਹੀਂ ਸੱਭਿਆਚਾਰਕ ਵਿਰਸੇ ਦੀ ਝਲਕ ਪੇਸ਼ ਕੀਤੀ। ਮਹਾਰਾਸ਼ਟਰ ਤੋਂ ਆਏ ਕਲਾਕਾਰਾਂ ਨੇ ਚੌਪਾਲ 'ਤੇ ਬੈਠੇ ਸੈਲਾਨੀਆਂ ਨੂੰ ਲਾਵਣੀ ਡਾਂਸ ਪੇਸ਼ ਕਰਕੇ ਮੰਤਰ-ਮੁਗਧ ਕਰ ਦਿੱਤਾ। ਉਥੇ ਹੀ ਜ਼ੈਂਬੀਆ ਦੇ ਕਲਾਕਾਰਾਂ ਨੇ ਫੂਲਾ ਨਾਚ ਪੇਸ਼ ਕੀਤਾ। ਫੂਲਾ ਨਾਚ ਕਿਸਾਨਾਂ ਦੁਆਰਾ ਖੇਤਾਂ ਵਿੱਚ ਫਸਲ ਦੀ ਚੰਗੀ ਪੈਦਾਵਾਰ ਹੋਣ 'ਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਨ ਲਈ ਕੀਤਾ ਜਾਂਦਾ ਹੈ। ਦੂਜੇ ਪਾਸੇ ਕਜ਼ਾਕਿਸਤਾਨ ਦੇ ਕਲਾਕਾਰਾਂ ਨੇ ਬਾਲ ਬਲਬਰਾਊ, ਅਸਾਂਜੇ ਨਾਚ ਦੀ ਸ਼ਾਨਦਾਰ ਪੇਸ਼ਕਾਰੀ ਦਿੱਤੀ। ਉਥੇ ਹੀ ਕਿਰਗਿਜ਼ਸਤਾਨੀ ਏਰੂਕ ਗਰਲਜ਼ ਡਾਂਸਿੰਗ ਗਰੁੱਪ ਨੇ ਆਪਣੇ ਸੱਭਿਆਚਾਰਕ ਨਾਚ ਪੇਸ਼ ਕੀਤੇ।

# ਮੁੱਖ ਮੰਤਰੀ ਮਨੋਹਰ ਲਾਲ ਨੇ ਭਿਵਾਨੀ ਦੇ ਨਾਇਬ ਤਹਿਸੀਲਦਾਰ ਅਤੇ ਪਟਵਾਰੀ ਨੂੰ ਤੁਰੰਤ ਪ੍ਰਭਾਵ ਨਾਲ ਕੀਤਾ ਮੁਅੱਤਲ

## ਇੰਤਕਾਲ ਵਿਚ ਦੇਰੀ ਕਰਨ 'ਤੇ ਹਰਿਆਨਾ ਸੇਵਾ ਦਾ ਅਧਿਕਾਰ ਆਯੋਗ ਵੀ ਤਹਿਸੀਲਦਾਰ 'ਤੇ ਲਗਾ ਚੁੱਕੇ ਹਨ 20 ਹਜਾਰ ਰੁਪਏ ਜੁਰਮਾਨਾ



**ਭਿਵਾਨੀ,, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਜਿਲ੍ਹਾ ਭਿਵਾਨੀ ਦੀ ਇਕ ਸ਼ਿਕਾਇਤਕਰਤਾ ਵੱਲੋਂ ਸੰਪਤੀ ਦੇ ਇੰਤਕਾਲ ਦੇਰੀ ਨਾਲ ਕਰਨ ਅਤੇ ਗਲਤ ਕਾਰਵਾਈ ਰਿਪੋਰਟ ਪੇਸ਼ ਕਰਨ ਦੇ ਮਾਮਲੇ ਵਿਚ ਭਿਵਾਨੀ ਦੇ ਨਾਇਬ ਤਹਿਸੀਲਦਾਰ ਆਲਮਗੀਰ ਅਤੇ ਪਟਵਾਰੀ ਲਲਿਤ ਕੁਮਾਰ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰਨ ਦੇ ਆਦੇਸ਼ ਦਿੱਤੇ ਹਨ। ਨਾਲ ਹੀ ਦੋਵਾਂ ਦੇ ਵਿਰੁੱਧ ਨਿਗਮ-7 ਦੇ ਤਹਿਤ ਕਾਰਵਾਈ ਵੀ ਅਮਲ ਵਿਚ ਲਿਆਉਣ ਦੇ ਨਿਰਦੇਸ਼ ਦਿੱਤੇ ਹਨ।

ਮੁੱਖ ਮੰਤਰੀ ਦੇ ਓਐਸਡੀ ਸ੍ਰੀ ਭੁਪੇਸ਼ਵਰ ਦਿਆਲ ਨੇ ਵਿਸਤਾਰ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਜਿਲ੍ਹਾ ਭਿਵਾਨੀ ਨਿਵਾਸੀ ਸ੍ਰੀਮਤੀ ਕਮਲਾ ਦੇਵੀ ਨੇ ਆਪਣੇ ਪਿਤਾ ਦੇ ਦੇਹਾਂਤ ਦੇ ਬਾਅਦ ਉਨ੍ਹਾਂ ਦੀ ਰਜਿਸਟਰਡ ਵਸੀਅਤਨਾਮਾ ਦੇ ਅਨੁਸਾਰ ਸੰਪਤੀ ਦਾ ਇੰਤਕਾਲ ਉਨ੍ਹਾਂ ਦੇ ਤੇ ਉਨ੍ਹਾਂ ਦੀ ਭੈਣ ਦੇ ਨਾਂਅ ਕੀਤੇ ਜਾਣ ਦੇ ਸਬੰਧ ਵਿਚ ਸੀਐਮ ਵਿੰਡੋਂ 'ਤੇ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤ 'ਤੇ ਐਕਸ਼ਨ ਲੈਂਦੇ ਹੋਏ ਸੀਐਮ ਵਿੰਡੋਂ ਮੁੱਖ ਦਫਤਰ ਵੱਲੋਂ ਸਬੰਧਿਤ ਨਾਇਬ ਤਹਿਸੀਲਦਾਰ ਤੋਂ ਰਿਪੋਰਟ ਤਲਬ ਕੀਤੀ ਗਈ।

ਉਨ੍ਹਾਂ ਨੇ ਦਸਿਆ ਕਿ ਨਾਇਬ ਤਹਿਸੀਲਦਾਰ ਆਲਮਗੀਰ ਨੇ ਪਟਵਾਰੀ ਲਲਿਤ ਕੁਮਾਰ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਸੀਐਮ ਵਿੰਡੋਂ 'ਤੇ ਰਿਪੋਰਟ ਦਰਜ ਕੀਤੀ ਕਿ ਉਪਰੋਕਤ ਜਮੀਨ ਦਾ ਇੰਤਕਾਲ ਕਰ ਕੇ ਸ਼ਿਕਾਇਤਕਰਤਾ ਨੂੰ ਉਸ ਦੀ ਨਕਲ (ਕਾਪੀ) ਦੀ ਕਾਪੀ ਦੇ ਦਿੱਤੀ ਗਈ ਹੈ, ਜਦੋਂ ਕਿ ਮੌਜੂਦਾ ਵਿਚ ਸ਼ਿਕਾਇਤਕਰਤਾ ਮਤਲਬ ਸ੍ਰੀਮਤੀ ਕਮਲਾ ਦੇਵੀ ਨੂੰ ਇੰਤਕਾਲ ਦੀ ਕੋਈ ਕਾਪੀ ਨਹੀਂ ਮਿਲੀ।ਇੰਨ੍ਹਾਂ ਹੀ ਨਹੀਂ ਹਰਿਆਣਾ ਸੇਵਾ ਦਾ ਅਧਿਕਾਰ ਆਯੋਗ ਵੱਲੋਂ ਵੀ ਇੰਤਕਾਲ ਦੇ ਲਈ ਨਿਰਧਾਰਿਤ ਸਮੇਂਸੀਮਾ ਵਿਚ ਇੰਤਕਾਲ ਨਾ ਹੋਣ ਦੇ ਚਲਦੇ ਸਬੰਧਿਤ ਨਾਇਬ ਤਹਿਸੀਲਦਾਰ ਆਲਮਗੀਰ 'ਤੇ 20 ਹਜਾਰ ਰੁਪਏ ਦਾ ਜੁਰਮਾਨਾ ਲਗਾਇਆ ਗਿਆ ਅਤੇ ਸ਼ਿਕਾਇਤਕਰਤਾ ਨੂੰ 5 ਹਜਾਰ ਰੁਪਏ ਦਾ ਮੁਆਵਜਾ ਦੇਣ ਦੇ ਵੀ ਆਦੇਸ਼ ਦਿੱਤੇ।

ਸ੍ਰੀ ਭੁਪੇਸ਼ਵਰ ਦਿਆਲ ਨੇ ਦਸਿਆ ਕਿ ਸਾਰੀ ਕਾਰਜਪ੍ਰਣਾਲੀ ਨੂੰ ਦੇਖਦੇ ਹੋਏ ਨਾਇਬ ਤਹਿਸੀਲਦਾਰ ਅਤੇ ਪਟਵਾਰੀ ਨੂੰ ਸੀਐਮ ਵਿੰਡੋਂ 'ਤੇ ਚਲਦ ਰਿਪੋਰਟ ਪੇਸ਼ ਕਰਨ ਦਾ ਦੋਸ਼ੀ ਪਾਇਆ ਗਿਆ। ਇਸ ਲਈ ਮੁੱਖ ਮੰਤਰੀ ਨੇ ਨਾਇਬ ਤਹਿਸੀਲਦਾਰ ਆਲਮਗੀਰ ਅਤੇ ਪਟਵਾਰੀ ਲਲਿਤ ਕੁਮਾਰ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰਨ ਅਤੇ ਨਿਸਮ-7 ਦੇ ਵਿਰੁੱਧ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ। ਨਾਲ ਹੀ ਮਾਲ ਅਤੇ ਆਪਦਾ ਪ੍ਰਬੰਧਨ ਵਿਪਾਗ ਦੇ ਵਧੀਕ ਮੁੱਖ ਸਕੱਤਰ ਅਤੇ ਵਿੱਤ ਕਮਿਸ਼ਨਰ, ਮਾਲ ਨੂੰ ਮਾਮਲੇ ਵਿਚ ਕੀਤੀ ਗਈ ਕਾਰਵਾਈ ਦੀ ਰਿਪੋਰਟ 10 ਦਿਨਾਂ ਦੇ ਅੰਦਰ-ਅੰਦਰ ਭਿਜਵਾਉਣਾ ਯਕੀਨੀ ਕਰਨ ਦੇ ਵੀ ਨਿਰਦੇਸ਼ ਦਿੱਤੇ। ਹਨ।

# ਸੇਵਾਮੁਕਤ ਮੁਲਾਜ਼ਮਾਂ ਵੱਲੋਂ ਭਾਜਪਾ ਦੀਆਂ ਨੀਤੀਆਂ ਦਾ ਵਿਰੋਧ



**ਰਤੀਆ,11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੇਵਾਮੁਕਤ ਕਰਮਚਾਰੀ ਸੰਘ ਹਰਿਆਣਾ ਬਲਾਕ ਰਤੀਆ ਦੀ ਮਾਸਿਕ ਮੀਟਿੰਗ ਬਲਬੀਰ ਸਿੰਘ ਮਹਿਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੀ ਪ੍ਰਧਾਨਗੀ ਰਾਜ ਕੁਮਾਰ ਹਰੋਲੀ ਅਤੇ ਭੋਲਾ ਸਿੰਘ ਨੇ ਸਾਂਝੇ ਤੌਰ 'ਤੇ ਕੀਤੀ। ਮੀਟਿੰਗ ਵਿਚ ਮੁਲਾਜ਼ਮਾਂ ਨੇ ਮਹਿੰਗਾਈ, ਬੇਰੁਜ਼ਗਾਰੀ ਤੇ ਹੋਰ ਕਈ ਮੁੱਦਿਆਂ 'ਤੇ ਚਰਚਾ ਕੀਤੀ। ਆਗੂਆਂ ਨੇ ਭਾਜਪਾ ਦੀ ਆਲੋਚਨਾ ਕਰਦਿਆਂ ਕਿਹਾ ਕਿ ਚੰਡੀਗੜ੍ਹ ਵਿੱਚ ਮੇਅਰ ਚੋਣਾਂ ਦੌਰਾਨ ਕਥਿਤ ਤੌਰ 'ਤੇ ਵੋਟਾਂ ਦੀ ਹੇਰਾਫੇਰੀ ਕਰ ਕੇ ਸੱਤਾ ਬਦਲਣ ਲਈ ਜੋ ਕੋਝੇ ਹੱਥਕੰਡੇ ਅਪਣਾਏ ਗਏ ਹਨ, ਉਹ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰ ਕੇ ਸੱਤਾ ਹਥਿਆਉਣ ਦੀ ਸਾਜ਼ਿਸ਼ ਰਚੀ ਜਾ ਰਹੀ ਹੈ ਅਤੇ ਜਨਤਾ ਦੀਆਂ ਬੁਨਿਆਦੀ ਸਹੂਲਤਾਂ ਜਿਵੇਂ ਬਿਜਲੀ, ਪਾਣੀ, ਸਿਹਤ, ਸਿੱਖਿਆ ਆਦਿ ਖੋਹੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਵਿਰੋਧੀ ਧਿਰਾਂ ਨਾਲ ਬਦਲਾਖੋਰੀ ਲਈ ਦੀ ਨੀਤੀ ਅਪਣਾ ਕੇ ਵਿਧਾਇਕਾਂ ਨੂੰ ਡਰਾ ਧਮਕਾ ਕੇ ਅਤੇ ਹਾਰਸ ਟਰੇਡਿੰਗ ਕਰ ਕੇ ਸੱਤਾ ਵਿੱਚ ਬਣੇ ਰਹਿਣ ਲਈ 2024 ਦੀਆਂ ਚੋਣਾਂ ਜਿੱਤਣ ਦਾ ਰਾਹ ਤਿਆਰ ਕਰ ਰਹੀ ਹੈ। ਸੇਵਾਮੁਕਤ ਕਰਮਚਾਰੀ ਯੂਨੀਅਨ ਭਾਜਪਾ ਦੀਆਂ ਨੀਤੀਆਂ ਦਾ ਵਿਰੋਧ ਕਰਦੀ ਹੈ ਅਤੇ ਇਸ ਦੇ ਵਿਰੋਧ ਵਿੱਚ ਸਮੂਹ ਜਥੇਬੰਦੀਆਂ ਨੇ ਭਾਰਤ ਬੰਦ ਦਾ ਸੱਦਾ ਦਿੱਤਾ ਹੈ। 16 ਫਰਵਰੀ ਨੂੰ ਰਿਟਾਇਰਡ ਐਂਪਲਾਈਜ਼ ਯੂਨੀਅਨ ਬਲਾਕ ਰਤੀਆ ਦੇ ਸਮੂਹ ਸਾਥੀ ਇਸ ਹੜਤਾਲ ਵਿੱਚ ਪੂਰਾ ਸਹਿਯੋਗ ਦੇਣਗੇ। ਸਭਾ ਵਿਚ ਸੁਖਵਿੰਦਰ ਸਿੰਘ ਜੇਈ, ਬਲਿੰਦਰ ਸ਼ਰਮਾ, ਚਰਨ ਸਿੰਘ, ਸੁਰੇਸ਼ ਚੰਦ, ਮੰਗਤ ਰਾਮ, ਹਰਭਜਨ ਸਿੰਘ ਆਦਿ ਵੀ ਹਾਜ਼ਰ ਸਨ।

## ਸਿੱਖ ਗੁਰਦੁਆਰਾ ਚੋਣਾਂ ਲਈ 40 ਵਾਰਡਾਂ ਵਿਚ ਸੰਚਾਲਿਤ ਕਰਨ ਦਾ ਸ਼ੈਡੀਯੂਲ ਜਾਰੀ

**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿਚ ਹਰਿਆਣਾ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਚੋਣ 6 ਮਾਰਚ, 2024 ਨੂੰ ਹੋਣਗੇ। ਇਸ ਦੇ ਲਈ ਹਰਿਆਣਾ ਗੁਰੂਦੁਆਰਾ ਚੋਣ ਕਮਿਸ਼ਨਰ ਜਸਟਿਸ ਐਚਐਸ ਭੱਲਾ ਨੇ ਸੂਬੇ ਵਿਚ ਹਰਿਆਣਾ ਸਿੱਖ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਪਹਿਲੇ ਆਮ ਚੋਣ ਨੂੰ ਸਰੇ 40 ਵਾਰਡਾਂ ਵਿਚ ਸੰਚਾਲਿਤ ਕਰਨ ਦਾ ਸ਼ੈਡੀਯੂਲ ਜਾਰੀ ਕਰ ਦਿੱਤਾ ਹੈ।

ਕਮਿਸ਼ਨਰ ਵੱਲੋਂ ਜਾਰੀ ਸ਼ੈਡੀਯੂਲ ਅਨੁਸਾਰ ਨਾਮਜਦਗੀ ਮੰਗਣ ਲਈ ਰਿਟਰਨਿੰਗ ਅਧਿਕਾਰੀ ਵੱਲੋਂ 11 ਫਰਵਰੀ, 2024 ਨੂੰ ਸੂਚਨਾ ਨੂੰ ਸੂਚਨਾ ਦੀ ਛਪਾਈ ਕੀਤੀ ਜਾਵੇਗੀ। ਇਸ ਦੇ ਬਾਅਦ 11 ਫਰਵਰੀ ਤੋਂ 16 ਫਰਵਰੀ (11 ਫਰਵਰੀ ਨੂੰ ਐਤਵਾਰ ਦੀ ਛੁੱਟੀ ਅਤੇ 14 ਫਰਵਰੀ ਦੇ ਦਿਨ ਗਜਟਿਡ ਛੁੱਟੀ ਨੂੰ ਛੱਡ ਕੇ) ਤਕ ਨਾਜਦਗੀ ਭ+ ਜਾਣਗੇ। ਰੋਜਾਨਾ ਭਰੀ ਜਾਣ ਵਾਲੀ ਨਾਮਜਦਗੀ ਪੱਤਰ ਦੀ ਸੂਚੀ ਵੀ 11 ਫਰਵਰੀ ਤੋਂ 16 ਫਰਵਰੀ (11 ਫਰਵਰੀ ਨੂੰ ਐਤਵਾਰ ਦੀ ਛੁੱਟੀ ਅਤੇ 14 ਫਰਵਰੀ ਦੇ ਦਿਨ ਗਜਟਿਡ ਛੁੱਟੀ ਨੂੰ ਛੱਡ ਕੇ) ਤਕ ਨਿਬਧਾਰਿਤ ਬੋਰਡ 'ਤੇ ਚਿਪਕਾਈ ਜਾਵੇਗੀ। ਉਸ ਤੋਂ ਬਾਅਦ , 17 ਫਰਵਰੀ ਨੂੰ ਨਾਮਜਦਗੀ ਦੀ ਛੰਟਨੀ ਕੀਤੀ ਜਾਵੇਗੀ। ਉਲ੍ਹਾਂ ਨੇ ਦਸਿਆ ਕਿ ਜੇਕਰ ਰਿਟਰਨਿੰਗ ਅਧਿਕਾਰੀ ਵੱਲੋਂ ਕਿਸੇ ਉਮੀਦਵਾਰ ਦੀ ਨਾਮਜਦਗੀ ਰੱਦ ਕਰ ਦਿੱਤੀ ਜਾਂਦੀ ਹੈ ਤਾਂ ਉਹ 111 ਫਰਵਰੀ ਤਕ ਡਿਪਟੀ ਕਮਿਸ਼ਨਰ ਨੂੰ ਬੇਨਤੀ ਪੱਤਰ ਦੇ ਸਬਕਦਾ ਹੈ ਜਿਸ ਦੇ ਬਾਰੇ ਵਿਚ ਡਿਪਟੀ ਕਮਿਸ਼ਨਰ 20 ਫਰਵਰੀ ਨੂੰ ਆਪਣਾ ਫੈਸਲਾ ਦੇਣਗੇ। ਉਸੀ ਦਿਨ 20 ਫਰਵਰੀ ਨੂੰ ਹੀ ਵੈਧ ਨਾਮਜਦਗੀ ਦੀ ਸੂਚੀ ਲਗਾ ਦਿੱਤੀ ਜਾਵੇਗੀ। ਅਗਲੇ ਦਿਨ 21 ਫਰਵਰੀ ਨੂੰ ਨਾਮਜਦਗੀ ਵਾਪਸ ਲਏ ਜਾ ਸਕਦੇ ਹਨ। ਉਨ੍ਹਾਂ ਨੇ ਇਹ ਵੀ ਦਸਿਆ ਕਿ 23 ਫਰਵਰੀ ਨੂੰ ਪੋਲਿੰਗ ਸਟੇਸ਼ਨਾਂ ਦੀ ਸੂਚੀ ਬੋਰਡ 'ਤੇ ਚਿਪਕਾ ਦਿੱਤੀ ਜਾਵੇਗੀ। ਚੋਣ ਕਮਿਸ਼ਨਰ ਅਨੁਸਾਰ ਜੇਕਰ ਜਰੂਰਤ ਪਈ ਤਾਂ 6 ਮਾਰਚ, 2024 ਨੂੰ ਚੋਣ ਕਰਵਾਇਆ ਜਾਵੇਗਾ। ਚੋਣ ਦਾ ਸਮੇਂ ਸਵੇਰੇ 8 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤਕ ਰਹੇਗਾ। ਵੋਟਾਂ ਦੀ ਗਿਣਤੀ ਚੋਣ ਦੀ ਪ੍ਰਕ੍ਰਿਆ ਪੂਰੀ ਹੋਣ ਦੇ ਤੁਰੰਤ ਬਾਅਦ ਕੀਤੀ ਜਾਵੇਗੀ ਅਤੇ ਰਿਟਰਨਿੰਗ ਅਧਿਕਾਰੀ ਵੱਲੋਂ ਉਸੀ ਦਿਨ ਨਤੀਜੇ ਐਲਾਨ ਕਰ ਦਿੱਤੇ ਜਾਣਗੇ।

# ਆੜ੍ਹਤੀ ਐਸੋਸੀਏਸ਼ਨ ਵੱਲੋਂ ਨਰਮੇ ਦੀ ਬੋਲੀ ਬੰਦ ਕਰਨ ਦਾ ਐਲਾਨ




**ਸਿਰਸਾ,11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਟਨ ਮਿਲ ਮਾਲਕਾਂ ਤੇ ਆੜ੍ਹਤੀਆਂ 'ਚ ਚੱਲ ਰਹੇ ਜੀਐੱਸਟੀ ਵਿਵਾਦ ਦੇ ਮੱਦੇਨਜ਼ਰ ਆੜ੍ਹਤੀ ਐਸੋਸੀਏਸ਼ਨ ਨੇ 12 ਫਰਵਰੀ ਤੋਂ ਨਰਮੇ ਦੀ ਬੋਲੀ ਅਣਮਿੱਥੇ ਸਮੇਂ ਤੱਕ ਨਾ ਕਰਵਾਉਣ ਦਾ ਐਲਾਨ ਕੀਤਾ ਹੈ।

ਇਹ ਫੈਸਲਾ ਆੜ੍ਹਤੀ ਐਸੋਸੀਏਸ਼ਨ ਦੇ ਅੱਜ ਇਥੇ ਹੋਈ ਮੀਟਿੰਗ 'ਚ ਲਿਆ ਗਿਆ। ਆੜ੍ਹਤੀ ਐਸੋਸੀਏਸ਼ਨ ਦੀ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਸੋਸੀਏਸ਼ਨ ਦੇ ਅਹੁਦੇਦਾਰਾਂ ਨੇ ਕਿਹਾ ਕਿ ਜੀਐੱਸਟੀ ਨੂੰ ਲੈ ਕੇ ਕਾਟਨ ਮਿੱਲ ਮਾਲਕਾਂ ਨਾਲ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ। ਐਸੋਸੀਏਸ਼ਨ ਵੱਲੋਂ ਇਸ ਦੇ ਹੱਲ ਲਈ ਕਈ ਵਾਰ ਕੋਸ਼ਿਸ਼ ਕੀਤੀ ਗਈ ਪਰ ਕਪਾਹ ਮਿੱਲ ਮਾਲਕਾਂ ਵੱਲੋਂ ਕੋਈ ਹਾਂ-ਪੱਖੀ ਹੁੰਗਾਰਾ ਨਹੀਂ ਮਿਲਿਆ।

ਇਸ ਵਿਵਾਦ ਦੇ ਹੱਲ ਲਈ ਮਾਰਕੀਟ ਕਮੇਟੀ ਦੇ ਸਕੱਤਰ ਦੀ ਹਾਜ਼ਰੀ ਵਿੱਚ ਮਿੱਲ ਮਾਲਕਾਂ ਨਾਲ 3-4 ਵਾਰ ਮੀਟਿੰਗਾਂ ਹੋਈਆਂ ਪਰ ਮਿੱਲ ਮਾਲਕ ਆਪਣੀ ਜ਼ਿੱਦ 'ਤੇ ਅੜੇ ਰਹੇ। ਐਸੋਸੀਏਸ਼ਨ ਦੇ ਪ੍ਰਧਾਨ ਮਨੋਹਰ ਲਾਲ ਮਹਿਤਾ ਨੇ ਦੱਸਿਆ ਕਿ ਇਸ ਸਬੰਧੀ ਐਸੋਸੀਏਸ਼ਨ ਦੀ ਤਰਫੋਂ ਜੀਐਸਟੀ ਵਿਭਾਗ ਦੇ ਡੀਟੀਸੀ ਨੂੰ ਕਈ ਵਾਰ ਮਿਲੇ ਹਨ। ਡੀਟੀਸੀ ਨੇ ਜਲਦੀ ਹੀ ਕਾਟਨ ਮਿੱਲ ਮਾਲਕਾਂ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਸੀ ਪਰ ਅਜੇ ਤੱਕ ਕੋਈ ਮੀਟਿੰਗ ਨਹੀਂ ਹੋਈ ਜਿਸ ਕਾਰਨ ਆੜ੍ਹਤੀਆਂ 'ਚ ਭਾਰੀ ਰੋਹ ਹੈ ਤੇ ਉਹ ਹੜਤਾਲ ਕਰਨ ਲਈ ਮਜ਼ਦੂਰ ਹੋ ਰਹੇ ਹਨ।

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਮੁਲਤਵੀ

**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੁਣ 6 ਮਾਰਚ 2024 ਨੂੰ ਹੋਣ ਵਾਲੀਆਂ ਚੋਣਾਂ ਮੁਲਤਵੀ ਕਰ ਦਿੱਤੀਆਂ ਗਈਆਂ ਹਨ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦੇ ਚੋਣ ਕਮਿਸ਼ਨਰ ਜਸਟਿਸ ਐੱਚਐੱਸ ਭੱਲਾ ਨੇ ਚੋਣਾਂ ਸਬੰਧੀ ਜਾਰੀ ਕੀਤਾ ਪ੍ਰੋਗਰਾਮ ਵਾਪਸ ਲੈ ਲਿਆ ਹੈ। ਚੋਣ ਕਮਿਸ਼ਨਰ ਜਸਟਿਸ ਐੱਚਐੱਸ ਭੱਲਾ ਨੇ ਅੱਜ ਦੇਰ ਸ਼ਾਮ ਪੱਤਰ ਜਾਰੀ ਕਰ ਦਿੱਤਾ ਹੈ। ਜਸਟਿਸ ਐੱਚਐੱਸ ਭੱਲਾ ਨੇ ਕਿਹਾ ਕਿ ਲੰਘੇ ਦਿਨ ਹਰਿਆਣਾ ਸਕੂਲ ਸਿੱਖਿਆ ਬੋਰਡ ਦੇ ਡਾਇਰੈਕਟਰ ਨੇ ਪੱਤਰ ਲਿੱਖ ਕੇ ਚੋਣਾਂ ਦੇਰੀ ਨਾਲ ਕਰਵਾਉਣ ਦੀ ਅਪੀਲ ਕੀਤੀ ਸੀ। ਇਸ ਪੱਤਰ ਵਿੱਚ ਸਿੱਖਿਆ ਵਿਭਾਗ ਦੇ ਅਧਿਕਾਰੀ ਨੇ ਹਵਾਲਾ ਦਿੱਤਾ ਕਿ ਹਰਿਆਣਾ ਵਿੱਚ ਸੀਬੀਐੱਸਸੀ ਦੀ 10ਵੀਂ ਤੇ 12ਵੀਂ ਜਮਾਦ ਦੀਆਂ ਪ੍ਰੀਖਿਆਵਾਂ 15 ਫਰਵਰੀ ਤੋਂ 2 ਅਪਰੈਲ 2024 ਤੱਕ ਚੱਲਣਗੀਆਂ ਜਦਕਿ ਹਰਿਆਣਾ ਸਕੂਲ ਸਿੱਖਿਆ ਬੋਰਡ ਦੀ 10ਵੀਂ ਤੇ 12ਵੀਂ ਜਮਾਤ ਦੀ ਪ੍ਰੀਖਿਆ 27 ਫਰਵਰੀ ਤੋਂ 2 ਅਪਰੈਲ ਤੱਕ ਚੱਲਣਗੀਆਂ। ਸਿੱਖਿਆ ਵਿਭਾਗ ਦੇ ਅਧਿਕਾਰੀ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਬੋਰਡ ਪ੍ਰੀਖਿਆਵਾਂ ਦੇ ਨਾਲ ਹੀ ਪੈਣੀਆਂ ਹਨ। ਇਸ ਲਈ ਚੋਣਾਂ ਦਾ ਸ਼ਡੀਊਲ ਵਾਪਸ ਲਿਆ ਜਾਵੇ। ਜਸਟਿਸ ਐੱਚਐੱਸ ਭੱਲਾ ਕਿਹਾ ਕਿ ਉਨ੍ਹਾਂ ਨੇ ਸਿੱਖਿਆ ਵਿਭਾਗ ਦੇ ਅਧਿਕਾਰੀ ਦੀ ਅਪੀਲ ਨੂੰ ਮੰਨਦੇ ਹੋਏ ਚੋਣਾਂ ਦਾ ਪ੍ਰੋਗਰਾਮ ਵਾਪਸ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਨਵਾਂ ਪ੍ਰੋਗਰਾਮ ਜਲਦ ਜਾਰੀ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ 6 ਮਾਰਚ 2024 ਨੂੰ ਹੋਣੀਆਂ ਸਨ।

# ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਪੁਲੀਸ ਵੱਲੋਂ ਤਿਆਰੀਆਂ



**ਅੰਬਾਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਵਿਚ ਕਿਸਾਨ ਅੰਦੋਲਨ-2 ਦੀਆਂ ਤਿਆਰੀਆਂ ਨੂੰ ਦੇਖਦਿਆਂ ਪੁਲੀਸ ਪ੍ਰਸ਼ਾਸਨ ਖ਼ਾਸ ਤਿਆਰੀਆਂ ਵਿਚ ਜੁਟ ਗਿਆ ਹੈ। ਕਿਸਾਨਾਂ ਨੂੰ ਰੋਕਣ ਲਈ ਪੁਲੀਸ ਨੇ ਸ਼ੰਭੂ ਬਾਰਡਰ 'ਤੇ ਬੈਰੀਕੇਡਿੰਗ ਕਰਨ ਦੇ ਨਾਲ-ਨਾਲ ਕੰਡਿਆਲੀਆਂ ਤਾਰਾਂ ਲਾ ਕੇ ਰਸਤਾ ਰੋਕਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧ ਵਿਚ ਅੰਬਾਲਾ ਪੁਲੀਸ ਨੇ ਮੌਕ ਡਰਿੱਲ ਵੀ ਕਰ ਲਈ ਹੈ।

ਕਿਸਾਨ ਜਥੇਬੰਦੀਆਂ ਨੇ ਆਪਣੀਆਂ ਪੰਜ ਮੁੱਖ ਮੰਗਾਂ ਲਈ 13 ਫਰਵਰੀ ਨੂੰ ਟਰੈਕਟਰਾਂ ਦੇ ਨਾਲ ਦਿੱਲੀ ਦੇ ਜੰਤਰ-ਮੰਤਰ ਲਈ ਕੂਚ ਕਰਨ ਦਾ ਐਲਾਨ ਕੀਤਾ ਹੈ ਜਿਸ ਨੂੰ ਰੋਕਣ ਲਈ ਪੁਲੀਸ ਪ੍ਰਸ਼ਾਸਨ ਨੇ ਸਖ਼ਤੀ ਸ਼ੁਰੂ ਕਰ ਦਿੱਤੀ ਹੈ। ਪੁਲੀਸ ਨੇ ਚਿਤਾਵਨੀ ਦਿੱਤੀ ਹੈ ਕਿ ਬਿਨਾਂ ਆਗਿਆ ਜੋ ਵੀ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਵੇਗਾ, ਉਸ ਦੇ ਵਾਹਨ ਜ਼ਬਤ ਤੇ ਪਾਸਪੋਰਟ ਤੱਕ ਰੱਦ ਕੀਤੇ ਜਾਣਗੇ। ਅੰਬਾਲਾ ਐਸਪੀ ਜਸ਼ਨਦੀਪ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਜੇ ਅੰਦੋਲਨਕਾਰੀਆਂ ਨੇ ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ ਤਾਂ ਜਾਇਦਾਦ ਕੁਰਕੀ ਤੇ ਬੈਂਕ ਖ਼ਾਤੇ ਸੀਜ਼ ਕਰ ਕੇ ਨੁਕਸਾਨ ਦੀ ਭਰਪਾਈ ਕੀਤੀ ਜਾਵੇਗੀ। ਵਾਹਨ ਜ਼ਬਤ ਕਰ ਕੇ ਰਜਿਸਟ੍ਰੇਸ਼ਨ ਰੱਦ ਕੀਤੀ ਜਾਵੇਗੀ।

ਪੁਲੀਸ ਪ੍ਰਸ਼ਾਸਨ ਨੇ ਸ਼ੰਭੂ ਬਾਰਡਰ ਕੋਲ ਘੱਗਰ ਦਰਿਆ ਦੀ ਡੂੰਘਾਈ ਵੀ ਨਾਪੀ ਹੈ। ਪੁਲੀਸ ਨੇ ਹਰਿਆਣਾ-ਪੰਜਾਬ ਨਾਲ ਜੁੜੇ ਕਰੀਬ 20 ਰਸਤਿਆਂ ਨੂੰ ਸੀਲ ਕਰਨਾ ਹੈ। ਹਰਿਆਣਾ ਪੁਲੀਸ ਦੇ ਨਾਲ ਸੀਆਰਪੀਐਫ ਵੀ ਤਾਇਨਾਤ ਕੀਤੀ ਜਾਵੇਗੀ। 10 ਤੋਂ ਹੀ ਰਸਤੇ ਸੀਲ ਕਰਨੇ ਸ਼ੁਰੂ ਕਰ ਦਿੱਤੇ ਜਾਣਗੇ।ਸਾਲ 2020 ਵਿਚ ਇਸੇ ਸ਼ੰਭੂ ਬਾਰਡਰ 'ਤੇ ਕਿਸਾਨਾਂ ਦੀ ਪੁਲੀਸ ਨਾਲ ਟੱਕਰ ਹੋਈ ਸੀ।

## ਪੇਂਡੂ ਚੌਕੀਦਾਰਾ ਦੀਆਂ ਹੱਕੀ ਮੰਗਾਂ ਨਹੀਂ ਮੰਨੀਆਂ ਜਾਂਦੀਆਂ ਉਦੋਂ ਤੱਕ ਕੋਈ ਵੀ ਵਾਧੂ ਕੰਮ ਨਹੀਂ ਕਰਨਾਗੇ: ਨੀਲੋ

**ਮਾਛੀਵਾੜਾ ਸਾਹਿਬ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਲ ਝੰਡਾ ?ਪੇਂਡੂ ਚੌਂਕੀਦਾਰਾ ਯੂਨੀਅਨ ਪੰਜਾਬ ਸੀਟੂ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਨੀਲੋਂ ਅਤੇ ਚਰਨ ਸਿੰਘ ਸੰਗੋਵਾਲ ਸੀਨੀਅਰ ਮੀਤ ਪ੍ਰਧਾਨ ਪੰਜਾਬ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਦੱਸਿਆ ਕਿ ਪਿੰਡਾਂ ਵਿੱਚ ਅੰਕੜਾ ਵਿਭਾਗ ਵੱਲੋਂ ਮਰਦਮਸ਼ੁਮਾਰੀ ਕੀਤੀ ਜਾ ਰਹੀ ਹੈ। ਉਸ ਵਿੱਚ ਕਰਮਚਾਰੀਆਂ ਵੱਲੋਂ ਧੱਕੇਸ਼ਾਹੀ ਨਾਲ ਬਿਨਾਂ ਕਿਸੇ ਹੁਕਮ ਅਤੇ ਪਿੰਡਾਂ ਦੇ ਸਰਪੰਚਾਂ ਵਲੋਂ ਦਾਵਾ ਪਾਕੇ ਕੰਮ ਕਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਜਦੋਂ ਕਿ ਪੇਂਡੂ ਚੌਂਕੀਦਾਰਾਂ ਨੂੰ ਮਾਲ ਮਹਿਕਮੇ ਵੱਲੋਂ ਸਿਰਫ 1250/ ਰੁਪਏ ਮਹੀਨਾ ਮਾਂਣ ਭੱਤਾ ? ਜਾਂਦਾ ਹੈ।ਮਾਣ ਭੱਤਾ ਵੀ ਕਾਈ ਕਾਈ ਮਹੀਨਾ ਨਹੀਂ ਦਿੱਤਾ ਜਾਂਦਾ ਹੈ।

ਡਾਇਰੈਕਟਰ ਪੰਚਾਇਤ ਵੱਲੋਂ ਪੇਂਡੂ ਚੌਂਕੀਦਾਰਾ ਨੂੰ ਆਪਣੇ ਮੁਲਾਜ਼ਮਾਂ ਨਹੀਂ ਮੰਨਦੀ। ਲਾਲ ਝੰਡਾ ?ਪੇਂਡੂ ਚੌਂਕੀਦਾਰਾ ਯੂਨੀਅਨ ਪੰਜਾਬ ਸੀਟੂ ਵਲੋਂ ਜਿਨ੍ਹਾਂ ਚਿਰ ਪੰਜਾਬ ਸਰਕਾਰ ਉਨ੍ਹਾਂ ਦਾ ਮਾਣ ਭੱਤਾ ਹਰਿਆਣਾ ਪੈਟਰਨ ਲਾਗੂ ਨਹੀਂ ਕਰਦੀ। ਉਹਨਾਂ ਚਿਰ ਮਾਲ ਵਿਭਾਗ ਦੇ ਕੰਮਾਂ ਤੋਂ ਬਿਨਾਂ ਬਾਕੀ ਵਾਧੂ ਕੰਮਾਂ ਦਾ ਬਾਈਕਾਟ ਕੀਤਾ ਗਿਆ ਹੈ।

ਜੇਕਰ ਕਿਸੇ ਹੋਰ ਮਹਿਕਮੇ ਵੱਲੋਂ ਪੇਂਡੂ ਚੌਂਕੀਦਾਰਾਂ ਤੋਂ ਕੰਮ ਲੈਣਾ ਹੈ ਤਾਂ ਉਹਨਾਂ ਨੂੰ ਵਾਧੂ ਕੰਮਾਂ ਬਦਲੇ ਪੈਸਾ ਦਿੱਤਾ ਜਾਵੇ। ਜੇਕਰ ਕਿਸੇ ਅਧਿਕਾਰੀ ਨੇ ਅਤੇ ਸਰਪੰਚ ਵੱਲੋਂ ਪੇਂਡੂ ਚੌਂਕੀਦਾਰਾਂ ਨਾਲ ਧੱਕਾ ਕੀਤਾ ਗਿਆ ਤਾਂ ਯੂਨੀਅਨ ਪੰਜਾਬ ਸੀਟੂ ਉਹਨਾਂ ਖ਼ਿਲਾਫ਼ ਸੰਘਰਸ਼ ਕਰਾਂਗੀ। ਇਸ ਸਮੇਂ ਬਲਵੀਰ ਸਿੰਘ ਜੋੜਾਂ ਮੀਤ ਪ੍ਰਧਾਨ ਪੰਜਾਬ, ਸੁਰਿੰਦਰ ਸਿੰਘ ਨੰਗਲ ਕਲਾਲਾ ਪ੍ਰੈਸ ਸਕੱਤਰ ਪੰਜਾਬ, ਰਛਪਾਲ ਸਿੰਘ ਬੰਡਰਸੋ ਜ਼ਿਲਾ ਪ੍ਰਧਾਨ ਦਿਲਬਾਗ ਸਿੰਘ ਨੀਤਪੁਰ ਜਨਰਲ ਸਕੱਤਰ ਆਦਿ ਸ਼ਾਮਲ ਸਨ।

# ਖੱਟਰ ਸਰਕਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਵਿੱਚ ਨਾਕਾਮ: 'ਆਪ'




**ਸਿਰਸਾ,11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਰਾਣੀਆ ਨੇ ਕਿਹਾ ਕਿ ਆਮ ਆਦਮੀ ਪਾਰਟੀ ਭਲਕੇ 11 ਫਰਵਰੀ ਨੂੰ ਰੁਜ਼ਗਾਰ ਦੇ ਮੁੱਦੇ 'ਤੇ ਜ਼ਿਲ੍ਹਾ ਪੱਧਰੀ ਪ੍ਰਦਰਸ਼ਨ ਕਰੇਗੀ। ਉਹ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਮੌਕੇ 'ਤੇ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਵਰਿੰਦਰ ਕੁਮਾਰ ਐਡਵੋਕੇਟ, ਜ਼ਿਲ੍ਹਾ ਸਕੱਤਰ ਸ਼ਾਮ ਮਹਿਤਾ, ਜ਼ਿਲ੍ਹਾ ਮੀਡੀਆ ਇੰਚਾਰਜ ਪ੍ਰਦੀਪ ਸਚਦੇਵਾ ਅਤੇ ਹੰਸ ਰਾਜ ਸਾਮਾ ਸਮੇਤ ਕਈ ਪਾਰਟੀ ਆਗੂ ਮੌਜੂਦ ਸਨ। ਹੈਪੀ ਰਾਣੀਆਂ ਨੇ ਕਿਹਾ ਕਿ ਖੱਟਰ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ 'ਚ ਫੇਲ੍ਹ ਸਾਬਤ ਹੋਈ ਹੈ। ਰੁਜ਼ਗਾਰ ਨਾ ਮਿਲਣ ਕਾਰਨ ਨੌਜਵਾਨਾਂ 'ਚ ਭਾਰੀ ਨਿਰਾਸ਼ਾ ਹੈ, ਜਿਸ ਕਾਰਨ ਉਹ ਜਾਂ ਤਾਂ ਨਸ਼ਿਆਂ ਦੀ ਲਪੇਟ 'ਚ ਆ ਰਹੇ ਹਨ ਜਾਂ ਖੁਦਕੁਸ਼ੀਆਂ ਕਰਨ ਲਈ ਮਜਬੂਰ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਸੂਬੇ ਦੇ ਨੌਜਵਾਨਾਂ ਦੀ ਭਰਤੀ ਨੂੰ ਲੈ ਕੇ ਗੰਭੀਰ ਨਹੀਂ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਖੱਟਰ ਨੇ 2023 ਵਿੱਚ ਨੌਜਵਾਨਾਂ ਨੂੰ 50 ਹਜ਼ਾਰ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ ਪਰ ਖੱਟਰ ਸਰਕਾਰ ਇੱਕ ਹਜ਼ਾਰ ਨੌਕਰੀਆਂ ਵੀ ਨਹੀਂ ਦੇ ਸਕੀ।

# ਕਿਸਾਨ ਅੰਦੋਲਨ ਨਾਲ ਨਜਿੱਠਣ ਲਈ ਹਰਿਆਣਾ ਪੁਲੀਸ ਤਿਆਰ, ਦਿੱਲੀ ਕੂਚ ਲਈ ਕਿਸਾਨ ਲਾਮਬੰਦ



**ਸਿਰਸਾ,11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਦੇ ਸੱਦੇ 'ਤੇ 13 ਫਰਵਰੀ ਨੂੰ ਕਿਸਾਨਾਂ ਵੱਲੋਂ ਦਿੱਲੀ ਕੂਚ ਲਈ ਜਿਥੇ ਕਮਰਕੱਸੇ ਕੀਤੇ ਗਏ ਹਨ ਉਥੇ ਹੀ ਕਿਸਾਨਾਂ ਨਾਲ ਨਜਿੱਠਣ ਲਈ ਪੁਲੀਸ ਵੀ ਪੱਬਾਂ ਭਾਰ ਹੋ ਗਈ ਹੈ। ਕਿਸਾਨਾਂ ਨੇ ਪਿੰਡਾਂ 'ਚ ਟਰੈਕਟਰ ਮਾਰਚ ਕਰਕੇ ਕਿਸਾਨਾਂ ਨੂੰ ਦਿੱਲੀ ਕੂਚ ਲਈ ਲਾਮਬੰਦ ਕੀਤਾ ਹੈ।

ਦੂਜੇ ਪਾਸੇ ਪੁਲੀਸ ਲਾਈਨ 'ਚ ਪੁਲੀਸ ਨੂੰ ਮੌਕ ਡ੍ਰਿੱਲ ਕਰਕੇ ਕਿਸਾਨਾਂ ਨਾਲ ਨਜਿੱਠਣ ਦੀ ਰਣਨੀਤੀ ਤਿਆਰ ਕਰ ਲਈ ਹੈ। ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਵੱਲੋਂ ਕਿਸਾਨ ਸਰਕਾਰ, ਪੁਲੀਸ ਤੇ ਪ੍ਰਸ਼ਾਸਨ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ। ਪੰਜਾਬ ਤੋਂ ਆਉਣ ਵਾਲੇ ਕਿਸਾਨਾਂ ਨੂੰ ਰੋਕਣ ਦੇ ਲਈ ਹੱਦਾਂ 'ਤੇ ਵੱਡੇ ਬੈਰੀਕੇਡ ਤੇ ਵੱਡੇ-ਵੱਡੇ ਪੱਥਰ ਹੁਣੇ ਤੋਂ ਰੱਖੇ ਜਾ ਰਹੇ ਹਨ।

ਪੁਲੀਸ ਵੱਲੋਂ ਪਿੰਡਾਂ 'ਚ ਕਿਸਾਨਾਂ ਨੂੰ ਅੰਦੋਲਨ 'ਚ ਨਾ ਜਾਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਪਿਛਲੇ ਕਿਸਾਨ ਅੰਦੋਲਨ ਦੌਰਾਨ ਵੀ ਹਰਿਆਣਾ ਪੁਲੀਸ ਨੇ ਪੰਜਾਬ ਦੇ ਕਿਸਾਨਾਂ ਨੂੰ ਹੱਦਾਂ13 ਫਰਵਰੀ ਦੇ ਦਿੱਲੀ ਕੂਚ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਚੌਕਸ ਹੋ ਗਿਆ ਹੈ।

ਭਾਰਤੀ ਕਿਸਾਨ ਏਕਤਾ (ਬੀਕੇਈ) ਦੇ ਸੂਬਾਈ ਪ੍ਰਧਾਨ ਲਖਵਿੰਦਰ ਸਿੰਘ ਔਲਖ ਨੇ ਦੱਸਿਆ ਹੈ ਕਿ ਪੁਲੀਸ ਵੱਲੋਂ ਕਿਸਾਨ ਅੰਦੋਲਨ 'ਚ ਹਿੱਸਾ ਲੈਣ ਵਾਲੇ ਕਿਸਾਨਾਂ ਦੇ ਪਾਸਪੋਰਟ, ਅਸਲਾ ਲਾਇਸੈਂਸ ਤੇ ਟਰੈਕਟਰਾਂ ਤੇ ਹੋਰ ਵਾਹਨਾਂ ਦਾ ਰਜਿਸਟੇਰੇਸ਼ਨ ਰੱਦ ਕਰਨ ਦੀਆਂ ਧਮਕੀਆਂ ਦੇ ਕੇ ਡਰਾਇਆ ਜਾ ਰਿਹਾ ਹੈ।

ਕਿਸਾਨ ਸਰਕਾਰ, ਪੁਲੀਸ ਤੇ ਪ੍ਰਸ਼ਾਸਨ ਦੀਆਂ ਧਮਕੀਆਂ ਤੋਂ ਡਰਨ ਵਾਲੇ ਨਹੀਂ। ਪੰਜਾਬ ਤੋਂ ਆਉਣ ਵਾਲੇ ਕਿਸਾਨਾਂ ਨੂੰ ਰੋਕਣ ਦੇ ਲਈ ਹੱਦਾਂ 'ਤੇ ਵੱਡੇ ਬੈਰੀਕੇਡ ਤੇ ਵੱਡੇ-ਵੱਡੇ ਪੱਥਰ ਹੁਣੇ ਤੋਂ ਰੱਖੇ ਜਾ ਰਹੇ ਹਨ। ਪੁਲੀਸ ਵੱਲੋਂ ਪਿੰਡਾਂ 'ਚ ਕਿਸਾਨਾਂ ਨੂੰ ਅੰਦੋਲਨ 'ਚ ਨਾ ਜਾਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਕਿਸਾਨ ਅੰਦੋਲਨ ਦੌਰਾਨ ਵੀ ਹਰਿਆਣਾ ਪੁਲੀਸ ਨੇ ਪੰਜਾਬ ਦੇ ਕਿਸਾਨਾਂ ਨੂੰ ਹੱਦਾਂ 'ਤੇ ਰੋਕਣ ਲਈ ਜਿਥੇ ਵੱਡੇ ਬੈਰੀਕੇਡ ਤੇ ਟੋਏ ਪੁੱਟੇ ਸਨ ਉਥੇ ਹੀ ਟਰੱਕਾਂ ਨੂੰ ਵੀ ਸੜਕਾਂ 'ਤੇ ਖੜ੍ਹਾ ਕੀਤਾ ਸੀ ਪਰ ਕਿਸਾਨਾਂ ਨੇ ਇਨ੍ਹਾਂ ਸਾਰੀਆਂ ਮੁਸ਼ਕਲਾਂ ਨੂੰ ਪਾਰ ਕਰਦੇ ਹੋਏ ਵੱਡੀ ਗਿਣਤੀ 'ਚ ਹਰਿਆਣਾਂ ਰਾਹੀਂ ਦਿੱਲੀ ਪੁੱਜੇ ਸਨ।

# ਕੰਪਨੀ ਨੇ ਬਿਨਾਂ ਮਨਜ਼ੂਰੀ ਜੰਗਲੀ ਰਕਬੇ 'ਚੋਂ ਦਰੱਖਤ ਕੱਟੇ

**ਗੜ੍ਹਸ਼ੰਕਰ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਭਵਾਨੀਪੁਰ ਵਿੱਚ ਸੋਲਰ ਪਲਾਂਟ ਲਗਾਉਣ ਵਾਲੀ ਕੰਪਨੀ ਵੱਲੋਂ ਕਰੀਬ 100 ਏਕੜ ਰਕਬੇ ਵਿੱਚੋਂ ਜੰਗਲਾਤ ਵਿਭਾਗ ਦੀ ਮਨਜ਼ੂਰੀ ਤੋਂ ਬਗੈਰ ਦਰੱਖਤ ਕੱਟਣ ਬਾਰੇ ਸਬੰਧਤ ਵਿਭਾਗ ਵੱਲੋਂ ਕੋਈ ਕਾਰਵਾਈ ਨਾ ਕੀਤੇ ਜਾਣ 'ਤੇ ਅੱਜ ਤਿੰਨ ਪਿੰਡਾਂ ਦੇ ਵਸਨੀਕਾਂ ਵੱਲੋਂ ਸੋਲਰ ਪਲਾਂਟ ਵਾਲੀ ਥਾਂ 'ਤੇ ਜੰਗਲਾਤ ਵਿਭਾਗ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ।

ਇਸ ਮੌਕੇ ਪਿੰਡ ਭਵਾਨੀਪੁਰ ਦੇ ਸਰਪੰਚ ਹਰਜਿੰਦਰ ਸਿੰਘ ਨੇ ਦੱਸਿਆ ਕਿ ਜੰਗਲ ਦਾ ਇਹ ਰਕਬਾ ਚਾਰ ਪੰਚਾਇਤਾਂ ਅਚਲਪੁਰ, ਭਵਾਨੀਪੁਰ, ਭਵਾਨੀਪੁਰ ਭਗਤਾਂ ਅਤੇ ਰਤਨਪੁਰ ਅਧੀਨ ਪੈਂਦਾ ਹੈ ਜਿੱਥੇ ਕਰੀਬ ਛੇ ਮਹੀਨੇ ਤੋਂ ਲੱਕੜ ਕੱਟੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜੰਗਲਾਤ ਵਿਭਾਗ ਨੂੰ ਇਸ ਬਾਰੇ ਕਈ ਸ਼ਿਕਾਇਤਾਂ ਕਰਨ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।ਉਨ੍ਹਾਂ ਕਿਹਾ ਕਿ ਕੰਪਨੀ ਦੀਆਂ ਵਧਦੀਆਂ ਗਤੀਵਿਧੀਆਂ ਵਿਰੁੱਧ ਹੁਣ ਇਲਾਕੇ ਦੇ ਪੰਜ ਪਿੰਡਾਂ ਦੇ ਲੋਕਾਂ ਦੇ ਲਾਮਬੰਦ ਹੋ ਜਾਣ ਕਾਰਨ ਕੰਪਨੀ ਨੇ ਇੱਥੇ ਆਪਣਾ ਸਾਮਾਨ ਸੁੱਟਣਾ ਕੁੱਝ ਦਿਨਾਂ ਤੋਂ ਬੰਦ ਕਰ ਦਿੱਤਾ ਹੈ।

ਇਸ ਮੌਕੇ ਕੈਪਟਨ ਰਜਿੰਦਰ ਸਿੰਘ ਨੇ ਕਿਹਾ ਕਿ ਵੱਡੇ-ਵੱਡੇ ਟਰਾਲਿਆਂ ਵਿੱਚ ਕੰਪਨੀ ਦਾ ਸਾਮਾਨ ਕਈ ਏਕੜਾਂ ਵਿੱਚ ਸੁੱਟਿਆ ਗਿਆ ਹੈ ਅਤੇ ਇੱਥੇ ਲੱਗ ਰਹੇ ਪ੍ਰਾਜੈਕਟ ਨਾਲ ਜੰਗਲ ਦਾ ਸੈਂਕੜੇ ਏਕੜ ਰਕਬਾ ਸਾਫ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਧਾਰਾ 4 ਅਤੇ 5 ਦੀਆਂ ਸਜ਼ਾਯੋਗ ਧਾਰਾਵਾਂ ਅਧੀਨ ਪੈਂਦੇ ਕੰਢੀ ਦੇ ਇਸ ਇਲਾਕੇ ਵਿੱਚ ਲੋਕਾਂ ਨੂੰ ਆਪਣੀ ਜ਼ਮੀਨ ਵਿੱਚ ਕਰਾਹੀ ਕਰਨ, ਦਰੱਖਤ ਕੱਟਣ ਤੇ ਪੱਥਰ ਚੁੱਕਣ ਦੀ ਵੀ ਮਨਾਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਵਿਭਾਗ ਦੀ ਮਿਲੀਭੁਗਤ ਨਾਲ ਇਸ ਇਲਾਕੇ ਦੀ ਕੁਦਰਤੀ ਧਰੋਹਰ ਨਸ਼ਟ ਕੀਤੀ ਜਾ ਰਹੀ ਹੈ। ਇਸ ਮੌਕੇ ਭਵਾਨੀਪੁਰ ਭਗਤਾਂ ਦੇ ਸਰਪੰਚ ਸਲਿੰਦਰ ਕੁਮਾਰ ਸਮੇਤ ਪਿੰਡ ਵਾਸੀ ਅਮਰੀਕ ਸਿੰਘ, ਮਹਿੰਦਰ ਸਿੰਘ ਅਤੇ ਸਰਦਾਰਾ ਸਿੰਘ ਨੇ ਕਿਹਾ ਕਿ ਕੰਪਨੀ ਦੀਆਂ ਗਤੀਵਿਧੀਆਂ ਨਾਲ ਇੱਥੋਂ ਦੇ ਜੰਗਲੀ ਜਾਨਵਰ ਨੇੜਲੇ ਪਿੰਡਾਂ ਵਿੱਚ ਜਾ ਰਹੇ ਹਨ, ਜਿਸ ਕਾਰਨ ਲੋਕਾਂ ਵਿੱਚ ਸਹਿਮ ਹੈ। ਉਨ੍ਹਾਂ ਮਾਮਲੇ ਦਾ ਹੱਲ ਨਾ ਹੋਣ 'ਤੇ ਸੰਘਰਸ਼ ?ਤੇਜ਼ ਕਰਨ ਦੀ ਚਿਤਾਵਨੀ ਦਿੱਤੀਡੀਐੱਫਓ ਹਰਭਜਨ ਸਿੰਘ ਨੇ ਕਿਹਾ ਕਿ ਸਬੰਧਤ ਕੰਪਨੀ ਨੇ ਸੋਲਰ ਪਲਾਂਟ ਦੀ ਆਗਿਆ ਮੰਗੀ ਸੀ ਜੋ ਅਜੇ ਪ੍ਰਵਾਨ ਨਹੀਂ ਹੋਈ। ਜੰਗਲ ਦੇ ਦਰੱਖਤਾਂ ਦੀ ਕਟਾਈ ਬਾਰੇ ਉਨ੍ਹਾਂ ਮਾਮਲੇ ਤੋਂ ਅਨਜਾਣਤਾ ਪ੍ਰਗਟਾਈ ਅਤੇ ਕੰਪਨੀ ਵਿਰੁੱਧ ਕੋਈ ਕਾਰਵਾਈ ਨਾ ਕਰਨ ਸਬੰਧੀ ਵੀ ਉਹ ਤਸੱਲੀਬਖਸ਼ ਜੁਆਬ ਨਾ ਦੇ ਸਕੇ।

ਵਣ ਰੇਂਜ ਅਧਿਕਾਰੀ ਮਨੋਜ ਕੁਮਾਰ ਨੇ ਕਿਹਾ ਕਿ ਉਕਤ ਕੰਪਨੀ ਬੰਗਲੌਰ ਨਾਲ ਸਬੰਧਤ ਹੈ ਜਿਸਨੇ ਬਿਨਾਂ ਐੱਨਓਸੀ ਤੋਂ ਆਪਣਾ ਸੋਲਰ ਪ੍ਰਾਜੈਕਟ ਲਗਾਉਣ ਦੀ ਕਾਰਵਾਈ ਆਰੰਭ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਕੰਪਨੀ ਨੂੰ ਇਸ ਬਾਰੇ ਨੋਟਿਸ ਭੇਜ ਦਿੱਤਾ ਗਿਆ ਹੈ।



# ਪੁਲੀਸ ਨੇ ਤਿੰਨ ਟਨ ਨਸ਼ੀਲੇ ਪਦਾਰਥ ਕੀਤੇ ਨਸ਼ਟ

**ਅੰਬਾਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈਜੀ ਅੰਬਾਲਾ ਰੇਂਜ ਅੰਬਾਲਾ ਕੈਂਟ ਸ਼ਿਬਾਸ ਕਵੀਰਾਜ ਦੀ ਅਗਵਾਈ ਵਿਚ ਫੜੇ ਗਏ ਕਰੀਬ ਤਿੰਨ ਟਨ ਨਸ਼ੀਲੇ ਪਦਾਰਥ ਅੱਜ 7 ਫਰਵਰੀ ਨੂੰ ਨਸ਼ਟ ਕੀਤੇ ਗਏ।

ਇਸ ਮੌਕੇ ਅੰਬਾਲਾ ਐੱਸਪੀ ਜਸ਼ਨਦੀਪ ਸਿੰਘ ਰੰਧਾਵਾ, ਯਮੁਨਾਨਗਰ ਐਸਪੀ ਗੰਗਾ ਰਾਮ ਤੇ ਕੁਰੂਕਸ਼ੇਤਰ ਦੇ ਐਸਪੀ ਸੁਰਿੰਦਰ ਭੌਰੀਆ ਮੌਜੂਦ ਰਹੇ। ਪੰਜੋਖਰਾ ਥਾਣੇ ਤਹਿਤ ਭੜੋਗ ਪਿੰਡ ਵਿੱਚ ਰੁਦਰਾਕਸ਼ ਐਨਵਾਇਰ ਕੇਅਰ ਕੰਪਨੀ 'ਚ ਅੰਬਾਲਾ ਰੇਂਜ ਦੇ ਮਾਲਖ਼ਾਨਿਆਂ ਵਿੱਚ ਜਮ੍ਹਾਂ ਤਸਕਰੀ 'ਚ ਫੜੇ ਗਏ ਨਸ਼ੀਲੇ ਪਦਾਰਥ ਨਸ਼ਟ ਕਰਨ ਦੀ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਗਈ।

ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਨਸ਼ਟ ਕੀਤੇ ਗਏ ਨਸ਼ੀਲੇ ਪਦਾਰਥ ਅੰਬਾਲਾ ਜ਼ਿਲ੍ਹੇ ਦੇ 33, ਕੁਰੂਕਸ਼ੇਤਰ ਦੇ 63 ਅਤੇ ਯਮੁਨਾਨਗਰ ਜ਼ਿਲ੍ਹੇ ਦੇ 73 ਤਸਕਰੀ ਅੰਬਾਲਾ ਐੱਸਪੀ ਜਸ਼ਨਦੀਪ ਸਿੰਘ ਰੰਧਾਵਾ, ਯਮੁਨਾਨਗਰ ਐਸਪੀ ਗੰਗਾ ਰਾਮ ਤੇ ਕੁਰੂਕਸ਼ੇਤਰ ਦੇ ਐਸਪੀ ਸੁਰਿੰਦਰ ਭੌਰੀਆ ਮੌਜੂਦ ਰਹੇ।

ਪੰਜੋਖਰਾ ਥਾਣੇ ਤਹਿਤ ਭੜੋਗ ਪਿੰਡ ਵਿੱਚ ਰੁਦਰਾਕਸ਼ ਐਨਵਾਇਰ ਕੇਅਰ ਕੰਪਨੀ 'ਚ ਅੰਬਾਲਾ ਰੇਂਜ ਦੇ ਮਾਲਖ਼ਾਨਿਆਂ ਵਿੱਚ ਜਮ੍ਹਾਂ ਤਸਕਰੀ 'ਚ ਫੜੇ ਗਏ ਨਸ਼ੀਲੇ ਪਦਾਰਥ ਨਸ਼ਟ ਕਰਨ ਦੀ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਗਈ। ਪੁਲੀਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਨਸ਼ਟ ਕੀਤੇ ਗਏ ਨਸ਼ੀਲੇ 'ਚ ਅੰਬਾਲਾ ਰੇਂਜ ਦੇ ਮਾਲਖ਼ਾਨਿਆਂ ਵਿੱਚ ਜਮ੍ਹਾਂ ਤਸਕਰੀ 'ਚ ਫੜੇ ਗਏ ਨਸ਼ੀਲੇ ਪਦਾਰਥ ਪਦਾਰਥ ਅੰਬਾਲਾ ਜ਼ਿਲ੍ਹੇ ਦੇ 33, ਕੁਰੂਕਸ਼ੇਤਰ ਦੇ 63 ਅਤੇ ਯਮੁਨਾਨਗਰਮਾਮਲਿਆਂ ਵਿੱਚ ਜ਼ਬਤ ਕੀਤੇ ਗਏ ਸਨ।

# ਹਮਸਫ਼ਰ ਯੂਥ ਕਲੱਬ ਵੱਲੋਂ ਰੈੱਡ ਕਰਾਸ ਡੀ.ਫ ਤੇ ਡੰਬ ਸਕੂਲ ਵਿੱਚ ਕਰਵਾਏ ਚਿੱਤਰਕਲਾ ਮੁਕਾਬਲੇ



ਜਲੰਧਰ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਅੰਤਰਰਾਸ਼ਟਰੀ ਕੈਂਸਰ ਦਿਵਸ ਨੂੰ ਸਮਰਪਿਤ ਹਮਸਫ਼ਰ ਯੂਥ ਕਲੱਬ ਵੱਲੋਂ ਡੀਫ਼ ਤੇ ਡੰਬ ਸਕੂਲ ਵਿਚ ਚਿੱਤਰਕਲਾ ਮੁਕਾਬਲੇ ਕਰਵਾਏ। ਜਿਸ ਵਿੱਚ ਪਹਿਲੀ ਤੋਂ ਵਾਰਵੀਂ ਕਲਾਸ ਦੇ ਵਿਦਿਆਰਥੀਆਂ ਨੇ ਚਿੱਤਰਕਾਰੀ ਦੌਰਾਨ ਆਪਣੇ ਕਲਾ ਦਾ ਪ੍ਰਦਰਸ਼ਨ ਕੀਤਾ। ਮੁੱਖ ਮਹਿਮਾਨ ਵੱਜੋਂ ਇੰਡੀਅਨ ਰੈੱਡ ਕਰਾਸ ਸੁਸਾਇਟੀ ਜਲੰਧਰ ਸਾਬਕਾ ਤਹਿਸੀਲਦਾਰ ਸਰਦਾਰ ਇੰਦਰਦੇਵ ਸਿੰਘ ਮਿਨਹਾਸ ਸਕੱਤਰ ਇੰਡੀਅਨ ਰੈੱਡ ਕਰਾਸ ਸੁਸਾਇਟੀ ਜਲੰਧਰ ਅਤੇ ਡਾਕਟਰ ਅਰੁਨ ਕੁਮਾਰ ਬੀ ਏ ਐਮ ਐਸ ਸੀ ਸੀ ਪੀ ਟੀ ਕੇਰਲਾ ਆਯੂਰਵੈਦਿਕ ਜੁਆਇੰਟਜ਼ ਤੇ ਪੰਚਕਰਮਾ ਮਾਹਿਰ ਹਮਸਫ਼ਰ ਯੂਥ ਕਲੱਬ ਪ੍ਰਧਾਨ ਰੋਹਿਤ ਭਾਟੀਆ ਡਾਇਰੈਕਟਰ ਪੂਨਮ ਭਾਟੀਆ ਦਵਾਰਾ ਵਿਦਿਅਰਥੀਆਂ ਦੀ ਚਿੱਤਰਕਲਾ ਮੁਕਾਬਲੇ ਦਾ ਰਿਜਲਟ ਕਢਿਆ ਗਿਆ। ਜਿਸ ਵਿੱਚ ਸੀਨੀਅਰ ਕੈਟਾਗਰੀ ਵਿਚ ਜਸ਼ਨਪ੍ਰੀਤ ਕੌਰ ਪਹਿਲਾ ਮੀਨਾਕਸ਼ੀ ਦੂਸਰੇ ਵਿਸ਼ਾਲ ਤੀਸਰੇ ਵਰੁਣ ਚੋਥਾ ਸਪਨਾ ਪੰਜਵੇਂ ਸਥਾਨ ਤੇ ਰਹੀ ਅਤੇ ਜੂਨੀਅਰ ਕੈਟਾਗਰੀ ਵਿਚ ਅੰਸ਼ ਮਿਸ਼ਰਾ ਅਭੇ ਕਾਰਤਿਕ ਗੌਰਵ ਨੇ ਜੂਨੀਅਰ ਕੈਟਾਗਰੀ ਦਾ ਚਿੱਤਰਕਲਾ ਮੁਕਾਬਲ ਜਿੱਤਿਆ।

ਇਸ ਮੌਕੇ ਸੱਕਤਰ ਇੰਦਰਦੇਵ ਸਿੰਘ ਨੇ ਦੱਸਿਆ ਕਿ ਹਮਸਫ਼ਰ ਯੂਥ ਕਲੱਬ ਵੱਲੋਂ ਇਹਨਾ ਡੀਫ ਤੇ ਡੰਬ ਬੱਚਿਆਂ ਲਈ ਬੋਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਗਿਆ ਜਿਹਨਾ ਵਲੋਂ ਇਹਨਾਂ ਮਾਸੂਮ ਬੱਚੀਆਂ ਦੀ ਕਲਾ ਨਿਖਾਰਨ ਤੇ ਹੌਂਸਲੇ ਵਧਾਈ ਲਈ ਪੇਟਿੰਗ ਮੁਕਾਬਲੇ ਕਰਵਾਏ ਗਏ। ਡਾਕਟਰ ਅਰੁਨ ਅਤੇ ਰੈੱਡ ਕਰਾਸ ਡਿਫ ਤੇ ਡੰਬ ਸਕੂਲ ਦੇ ਪ੍ਰਿੰਸੀਪਲ ਪੁਸ਼ਪਿੰਦਰ ਸ਼ਰਮਾ ਨੇ ਦੱਸਿਆ ਕਿ ਏਹ ਬੱਚੇ ਸੁਣ ਤੇ ਬੋਲ ਨਹੀਂ ਸਕਦੇ ਇਸ ਲਈ ਚਿੱਤਰ ਕਲਾ ਪੇਟਿੰਗ ਦਵਾਰਾ ਆਪਣੇ ਮਨ ਦੀਆਂ ਭਾਵਨਾਵਾਂ ਨੂੰ ਜ਼ਾਹਿਰ ਕਰਨ ਦਾ ਹਮਸਫ਼ਰ ਯੂਥ ਕਲੱਬ ਵੱਲੋਂ ਬੋਹੁਤ ਹੀ ਮਹਾਨ ਕਾਰਜ ਸਿਰਜਿਆ ਗਿਆ ਜਿਹਨਾਂ ਵਲੋਂ ਗੂੰਗੇ ਤੇ ਬੋਲੇ ਹੁੰਦਿਆਂ ਹੋਇਆਂ ਵੀ ਆਪਣੀ ਚਿੱਤਰਕਾਰੀ ਦਵਾਰਾ ਬੋਹੁਤ ਹੈਰਾਨ ਚਕਿਤ ਪੇਟਿੰਗ ਤਈਆਰ ਕੀਤੀਆਂ ਗਈਆਂ। ਜਿਹਨਾਂ ਦੀ ਚਿੱਤਰਕਾਰੀ ਦਵਾਰਾ ਕੈਂਸਰ ਤੋਂ ਬਚਾਅ ਲਈ ਘਰੇਲੂ ਨੁਕਤੇ ਅਤੇ ਨਸ਼ੇ ਤੋਂ ਦੂਰ ਰਹਿਣ ਦੇ ਸਮਾਜ ਨੂੰ ਜਾਗਰੂਕ ਕਰਨ ਦੇ ਸੰਦੇਸ਼ ਦਿੱਤੇ ਗਏ।

ਇਸ ਮੌਕੇ ਹਮਸਫ਼ਰ ਯੂਥ ਕਲੱਬ ਦੇ ਸੀਨੀਅਰ ਆਗੂ ਰੋਹਿਤ ਭਾਟੀਆ ਪੂਨਮ ਭਾਟੀਆ ਡਾਕਟਰ ਅਰੁਨ ਹਰਿੰਦਰ ਕੁਮਾਰ ਰੈੱਡ ਕਰਾਸ ਸਕੂਲ ਦੇ ਪ੍ਰਿੰਸਿਪਲ ਪੁਸ਼ਪਿੰਦਰ ਸ਼ਰਮਾ ਇੰਡੀਅਨ ਰੈੱਡ ਕਰਾਸ ਸੁਸਾਇਟੀ ਦੇ ਸੱਕਤਰ ਸਾਬਕਾ ਤਹਿਸੀਲਦਾਰ ਸਰਦਾਰ ਇੰਦਰਦੇਵ ਸਿੰਘ ਮਿਨਹਾਸ ਅਧਿਆਪਕ ਦੀਪਤੀ ਰਮਨਦੀਪ ਕੌਰ ਸੁਰਿੰਦਰ ਪ੍ਰੇਸ਼ਰ ਸ਼ਕੁੰਤਲਾ ਕੰਚਨ ਸ਼ਰਮਾ ਰਜਿੰਦਰ ਕੌਰ ਆਦਿ ਅਨੇਕਾਂ ਹੋਰ ਪਤਵੰਤੇ ਸੱਜਣ ਮੌਜੂਦ ਹਨ।

# ਪਟਿਆਲਾ ਜ਼ਿਲ੍ਹੇ ਅੰਦਰ ਵੱਖ-ਵੱਖ ਤਰ੍ਹਾਂ ਦੇ ਸੰਗੀਤਕ ਯੰਤਰਾਂ ਅਤੇ ਪਟਾਕਿਆਂ ਦੀ ਵਰਤੋਂ ਨਾਲ ਆਵਾਜ਼ੀ ਪ੍ਰਦੂਸ਼ਣ ਫੈਲਾਉਣ 'ਤੇ ਪਾਬੰਦੀ

ਪਟਿਆਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਨੇ ਫ਼ੌਜਦਾਰੀ, ਜਾਬਤਾ, ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਪਟਿਆਲਾ ਜ਼ਿਲ੍ਹੇ ਦੀਆਂ ਹੱਦਾਂ ਅੰਦਰ ਵੱਖ-ਵੱਖ ਤਰ੍ਹਾਂ ਦੇ ਸੰਗੀਤਕ ਯੰਤਰਾਂ ਅਤੇ ਪਟਾਕਿਆਂ ਦੀ ਵਰਤੋਂ ਨਾਲ ਆਵਾਜ਼ੀ ਪ੍ਰਦੂਸ਼ਣ ਫੈਲਾਉਣ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ ਜੋ 5 ਅਪ੍ਰੈਲ 2024 ਤੱਕ ਲਾਗੂ ਰਹਿਣਗੇ। ਹੁਕਮਾਂ ਅਨੁਸਾਰ ਵੱਖ-ਵੱਖ ਰਾਜਨੀਤਿਕ ਪਾਰਟੀਆਂ, ਜਥੇਬੰਦੀਆਂ ਦੇ ਆਗੂਆਂ ਤੇ ਅਹੁਦੇਦਾਰਾਂ ਵੱਲੋਂ ਕੀਤੇ ਜਾਣ ਵਾਲੇ ਜਲਸਿਆਂ, ਰੈਲੀਆਂ, ਰੋਸ ਧਰਨੇ ਆਦਿ ਮੌਕੇ 'ਤੇ ਅਤੇ ਕਿਸੇ ਵੀ ਐਨ.ਜੀ.ਓਜ਼, ਪ੍ਰਾਈਵੇਟ, ਸਮਾਜਿਕ, ਧਾਰਮਿਕ, ਵਪਾਰਕ ਸੰਸਥਾਵਾਂ/ਅਦਾਰਿਆਂ ਆਦਿ ਦੇ ਪ੍ਰਬੰਧਕਾਂ/ਅਹੁਦੇਦਾਰਾਂ ਵੱਲੋਂ ਵੱਖ-ਵੱਖ ਪ੍ਰੋਗਰਾਮ, ਸਮਾਗਮ ਆਦਿ ਮੌਕੇ ਕਿਸੇ ਵੀ ਇਮਾਰਤ, ਜਨਤਕ ਸਥਾਨਾਂ, ਖੁੱਲੇ ਸਥਾਨਾਂ, ਪੰਡਾਲਾਂ ਵਿੱਚ ਲਾਊਡ ਸਪੀਕਰ ਆਦਿ ਦੀ ਵਰਤੋਂ ਲਈ ਕਿਸੇ ਵੱਲੋਂ ਵੀ ਵਿਆਹ ਸ਼ਾਦੀਆਂ, ਖੁਸ਼ੀ ਦੇ ਮੌਕਿਆਂ ਅਤੇ ਵੱਖ-ਵੱਖ ਮੌਕਿਆਂ ਆਦਿ 'ਤੇ ਮੈਰਿਜ ਪੈਲਸਾਂ, ਕਲੱਬਾਂ, ਹੋਟਲਾਂ ਅਤੇ ਖੁੱਲੇ ਸਥਾਨ ਆਦਿ ਵਿੱਚ ਡੀ.ਜੇ. ਆਰਕੈਸਟਰਾ, ਸੰਗੀਤਕ ਯੰਤਰ ਆਦਿ ਸਬੰਧਤ ਉਪ ਮੰਡਲ ਮੈਜਿਸਟਰੇਟ ਕੋਲੋਂ ਪੰਜਾਬ ਇੰਸਟਰੂਮੈਂਟ (ਕੰਟਰੋਲ ਆਫ ਨੁਆਇਸ) ਐਕਟ, 1956 ਵਿੱਚ ਦਰਜ ਸ਼ਰਤਾਂ ਸਹਿਤ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਚਲਾਏ ਜਾਣਗੇ। ਲਾਊਡ ਸਪੀਕਰ ਅਤੇ ਕਿਸੇ ਵੀ ਹੋਰ ਸੰਗੀਤਕ/ ਆਵਾਜ਼ੀ ਯੰਤਰ ਆਦਿ ਚਲਾਉਣ ਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਵੀ ਰਾਤ 10:00 ਵਜੇ ਤੋਂ ਸਵੇਰੇ 6:00 ਵਜੇ ਤੱਕ ਉਕਤ ਕਿਸੇ ਵੀ ਆਵਾਜ਼ੀ ਅਤੇ ਸੰਗੀਤਕ ਯੰਤਰਾਂ ਆਦਿ ਦੇ ਕਿਸੇ ਵੀ ਇਮਾਰਤ ਅਤੇ ਸਥਾਨ ਵਿੱਚ ਚਲਾਉਣ/ ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਅਨੁਸਾਰ ਕਿਸੇ ਵੀ ਵਿਅਕਤੀ ਵੱਲੋਂ, ਸਬੰਧਤ ਉਪ ਮੰਡਲ ਮੈਜਿਸਟ੍ਰੇਟ ਪਾਸੋਂ ਪ੍ਰਵਾਨਗੀ ਲੈਣ ਦੇ ਬਾਵਜੂਦ ਜਿਨ੍ਹਾਂ-ਜਿਨ੍ਹਾਂ ਥਾਵਾਂ 'ਤੇ ਇਹ ਲਾਊਡ ਸਪੀਕਰ, ਆਵਾਜ਼ੀ/ਸੰਗੀਤਕ ਯੰਤਰ ਆਦਿ ਚਲਾਏ ਜਾਣਗੇ, ਦੀ ਆਵਾਜ਼ ਪ੍ਰੋਗਰਾਮ/ਸਮਾਗਮ ਵਾਲੇ ਸਥਾਨ, ਧਾਰਮਿਕ ਸਥਾਨ ਅਤੇ ਇਮਾਰਤ ਦੀ ਚਾਰਦੀਵਾਰੀ ਦੇ ਦਾਇਰੇ ਅੰਦਰ ਰਹਿਣੀ ਚਾਹੀਦੀ ਹੈ, ਜੋ ਕਿ ਭਾਰਤ ਸਰਕਾਰ ਵੱਲੋਂ ਜਾਰੀ " ਨੁਆਇਸ ਪਲਿਊਸ਼ਨ (ਰੈਗੂਲੇਸ਼ਨ ਐਂਡ ਕੰਟਰੋਲ) ਰੂਲਜ਼, 2000" ਤਹਿਤ ਜਾਰੀ ਨੋਟੀਫਿਕੇਸ਼ਨ ਮਿਤੀ 14/2/2000 ਵਿੱਚ ਵੱਖ-ਵੱਖ ਸਥਾਨਾਂ ਲਈ ਨਿਰਧਾਰਤ ਕੀਤੇ ਆਵਾਜ਼ੀ, ਸਟੈਂਡਰਡ (ਸਬੰਧਤ ਜਗ੍ਹਾ ਦੇ ਆਵਾਜ਼ੀ ਸਟੈਂਡਰਡ) ਤੋਂ, ਕਿਸੇ ਵੀ ਹਾਲਤ ਵਿੱਚ ਵੱਧ ਨਹੀਂ ਹੋਣੀ ਚਾਹੀਦੀ। ਕਿਸੇ ਵੀ ਆਵਾਜ਼ੀ/ ਸੰਗੀਤਕ ਯੰਤਰ, ਮਸ਼ੀਨ ਆਦਿ ਜਿਸ ਦੇ ਚੱਲਣ 'ਤੇ ਪੈਦਾ ਹੋਣ ਵਾਲੀ ਆਵਾਜ਼ ਵੱਖ-ਵੱਖ ਸਥਾਨਾਂ ਲਈ ਨਿਰਧਾਰਤ ਕੀਤੀ ਆਵਾਜ਼ੀ ਸੀਮਾ ਤੋਂ ਵੱਧ ਹੋਵੇਗੀ, ਨੂੰ ਚਲਾਉਣ/ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਹ ਹੁਕਮ ਜ਼ਿਲ੍ਹੇ ਵਿੱਚ 5 ਅਪ੍ਰੈਲ 2024 ਤੱਕ ਲਾਗੂ ਰਹਿਣਗੇ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਆਵਾਜ਼ੀ ਅਤੇ ਵਾਤਾਵਰਣ ਪ੍ਰਦੂਸ਼ਣ ਨੂੰ ਰੋਕਣ ਸਬੰਧੀ ਅਤੇ ਲੋਕ ਹਿੱਤ ਵਿੱਚ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਵਿੱਚ ਕਿਸੇ ਵੱਲੋਂ ਵੀ ਅਜਿਹੇ ਪਟਾਕੇ ਜਿਨ੍ਹਾਂ ਦੇ ਚਲਾਏ ਜਾਣ 'ਤੇ, ਚੱਲਣ ਵਾਲੇ ਸਥਾਨ ਤੋਂ ਚਾਰ ਮੀਟਰ ਦੇ ਦਾਇਰੇ ਅੰਦਰ 125 ਡੀ.ਬੀ. (ਏ ਆਈ) ਜਾਂ 145 ਡੀ.ਬੀ (ਸੀ) ਪੀ.ਕੇ. ਤੋਂ ਵੱਧ ਆਵਾਜ਼/ਧਮਕ ਪੈਦਾ ਹੁੰਦੀ ਹੋਵੇ ਅਤੇ ਜਿਆਦਾ ਧੂੰਆਂ ਛੱਡਣ ਤੇ ਵਾਤਾਵਰਣ ਵਿੱਚ ਪ੍ਰਦੂਸ਼ਣ ਫੈਲਾਉਣ ਵਾਲੇ ਪਟਾਕਿਆਂ ਦੇ ਬਣਾਉਣ, ਵੇਚਣ ਅਤੇ ਸਟੋਰ ਕਰਨ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਪਾਬੰਦੀਸ਼ੁਦਾ ਧਮਾਕਾਖੇਜ ਸਮੱਗਰੀ ਬਣਾਉਣ, ਵੇਚਣ ਅਤੇ ਇਸ ਪਾਬੰਦੀਸ਼ੁਦਾ ਧਮਾਕਾਖੇਜ਼ ਸਮੱਗਰੀ ਦੇ ਪਟਾਕਿਆਂ ਵਿੱਚ ਵਰਤਣ 'ਤੇ ਵੀ ਮੁਕੰਮਲ ਪਾਬੰਦੀ ਹੋਵੇਗੀ। ਇਹ ਪਾਬੰਦੀ ਨਿਰਧਾਰਤ ਆਵਾਜ਼ ਅਤੇ ਰੰਗ/ ਰੌਸ਼ਨੀ ਪੈਦਾ ਕਰਨ ਵਾਲੇ ਪਟਾਕਿਆਂ 'ਤੇ ਲਾਗੂ ਨਹੀਂ ਹੋਵੇਗੀ। ਇਸ ਤੋਂ ਇਲਾਵਾ ਕਿਸੇ ਵੱਲੋਂ ਵੀ ਕਿਸੇ ਵੀ ਸਥਾਨ 'ਤੇ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਪਟਾਖੇ ਚਲਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਕਿਸੇ ਸਮੱਰਥ ਅਧਿਕਾਰੀ ਵੱਲੋਂ ਐਲਾਨੇ ਸਾਇਲੈਂਸ ਜੋਨ ਜਿਵੇਂ ਮੰਤਰਾਲਾ, ਇਨਵਾਇਰਮੈਂਟ, ਜੰਗਲਾਤ, ਹਸਪਤਾਲਾਂ, ਵਿਦਿਅਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸਸਥਾਵਾਂ ਆਦਿ ਦੇ 100 ਮੀਟਰ ਦੇ ਘੇਰੇ ਵਿੱਚ ਪਟਾਕੇ ਚਲਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਕਿਸੇ ਵੀ ਸਥਾਨ ਅਤੇ ਗੱਡੀਆਂ ਆਦਿ ਵਿੱਚ ਰਾਤ 10 ਵਜੇ ਤੋਂ ਸਵੇਰੇ 6 ਵਜੇ ਤੱਕ ਕਿਸੇ ਖਾਸ ਹਾਲਾਤ ਨੂੰ ਛੱਡ ਕੇ ਹਾਰਨ ਵਜਾਉਣ 'ਤੇ ਮੁਕੰਮਲ ਪਾਬੰਦੀ ਹੋਵੇਗੀ। ਇਸ ਤੋਂ ਇਲਾਵਾ ਕਿਸੇ ਤਰ੍ਹਾਂ ਦੇ ਪ੍ਰੈਸ਼ਰ ਹਾਰਨ, ਵੱਖ-ਵੱਖ ਆਵਾਜ਼, ਸੰਗੀਤ ਵਾਲੇ ਅਤੇ ਕਿਸੇ ਤਰ੍ਹਾਂ ਦਾ ਆਵਾਜ਼ੀ ਪ੍ਰਦੂਸ਼ਣ ਪੈਦਾ ਕਰਨ ਵਾਲੇ ਹਾਰਨ ਨੂੰ ਕਿਸੇ ਵੀ ਸਥਾਨ 'ਤੇ ਵਜਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਪ੍ਰੈਸ਼ਰ ਹਾਰਨ ਅਤੇ ਹੋਰ ਅਜਿਹੇ ਹਾਰਨ ਜੋ ਆਵਾਜ਼ੀ ਪ੍ਰਦੂਸ਼ਣ ਪੈਦਾ ਕਰਦੇ ਹੋਣ, ਦੇ ਬਣਾਉਣ ਅਤੇ ਵੇਚਣ 'ਤੇ ਵੀ ਪੂਰਨ ਪਾਬੰਦੀ ਹੋਵੇਗੀ।

# ਵਿਦਿਆਰਥੀਆਂ ਨੂੰ ਕਿੱਤਾ ਅਗਵਾਈ ਪ੍ਰਦਾਨ ਕਰਨ ਲਈ ਸੈਮੀਨਾਰ ਕਰਵਾਇਆ



ਜਲੰਧਰ, 11 ਫਰਵਰੀ
-ਕੁਲਪ੍ਰੀਤ ਸਿੰਘ ਏਕਮ-
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਵੀਰਵਾਰ ਨੂੰ ਮਾਡਲ ਕਰੀਅਰ ਸੈਂਟਰ ਦੇ ਸਹਿਯੋਗ ਨਾਲ ਕਰੀਅਰ ਗਾਈਡੈਂਸ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਬਾਬਾ ਅਜੀਤ ਸਿੰਘ ਸੀਨੀਅਰ ਸੈਕੰਡਰੀ ਸਕੂਲ, ਗੁਰਾਇਆਂ ਦੇ ਵਿਦਿਆਰਥੀਆਂ ਨੇ ਭਾਗ ਲਿਆ।

ਸੈਮੀਨਾਰ ਦੌਰਾਨ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਦੇ ਡਿਪਟੀ ਡਾਇਰੈਕਟਰ ਗੁਰਮੇਲ ਸਿੰਘ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਕਰੀਅਰ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਬਿਊਰੋ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਬਾਰੇ ਜਾਣੂ ਕਰਵਾਇਆ।

ਡਿਪਟੀ ਸੀ.ਈ.ਓ., ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਨਵਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਬਿਊਰੋ ਵਿਖੇ ਵਿਜ਼ਿਟ ਕਰਕੇ ਇਥੇ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।

ਇਸ ਮੌਕੇ ਨੈਸ਼ਨਲ ਕੈਰੀਅਰ ਸਰਵਿਸ ਦੇ ਐਸ.ਆਰ.ਈ.ਓ. ਸੰਦੀਪ ਕੁਮਾਰ, ਕਰੀਅਰ ਕਾਊਂਸਲਰ ਡੀ.ਬੀ.ਈ.ਈ. ਹਰਮਨਦੀਪ ਸਿੰਘ ਅਤੇ ਮਾਡਲ ਕਰੀਅਰ ਸੈਂਟਰ ਤੋਂ ਸ਼ਾਹ ਫੈਜ਼ਲ ਨੇ ਵਿਦਿਆਰਥੀਆਂ ਨੂੰ ਸਵੈ-ਰੋਜ਼ਗਾਰ, ਹੁਨਰ ਵਿਕਾਸ ਕੋਰਸਾਂ, ਸਟਾਰਟਅਪ ਆਈਡੀਏ ਬਾਰੇ ਪ੍ਰੇਰਿਤ ਕੀਤਾ ਤਾਂ ਜੋ ਵਿਦਿਆਰਥੀ ਭਵਿੱਖ ਵਿੱਚ ਆਪਣੀ ਰੁਚੀ ਮੁਤਾਬਕ ਕਿੱਤੇ ਦੀ ਚੋਣ ਕਰਕੇ ਆਤਮ ਨਿਰਭਰ ਬਣ ਸਕਣ।

ਵਿਦਿਆਰਥੀਆਂ ਨੇ ਸੈਮੀਨਾਰ ਵਿੱਚ ਉਤਸ਼ਾਹ ਨਾਲ ਭਾਗ ਲੈਂਦਿਆਂ ਮਾਹਰਾਂ ਪਾਸੋਂ ਕਰੀਅਰ ਸਬੰਧੀ ਸਵਾਲ ਵੀ ਪੁੱਛੇ, ਜਿਨ੍ਹਾਂ ਦੇ ਉਨ੍ਹਾਂ ਨੂੰ ਢੁੱਕਵੇਂ ਜਵਾਬ ਦਿੱਤੇ ਗਏ। ਇਸ ਮੌਕੇ ਅਧਿਆਪਕਾ ਜੋਤੀ ਕੌਸ਼ਲ ਵੀ ਮੌਜੂਦ ਸਨ।

# ਅੰਤਰ ਸਕੂਲ ਮੁਕਾਬਲਿਆਂ ਵਿੱਚ ਆਦਰਸ਼ ਸਕੂਲ ਦੇ ਵਿਦਿਆਰਥੀ ਰਹੇ ਮੋਹਰੀ



ਸ੍ਰੀ ਅਨੰਦਪੁਰ ਸਾਹਿਬ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਖੇ ਅੰਤਰ ਸਕੂਲ ਮੁਕਾਬਲੇ ਆਯੋਜਿਤ ਕਰਵਾਏ ਗਏ ਜਿਸ ਵਿੱਚ ਆਦਰਸ਼ ਸਕੂਲ ਦੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਬਹੁਤ ਸ਼ਲਾਘਾਯੋਗ ਰਿਹਾ। ਇਸ ਵਿੱਚ ਸਕੂਲ ਦੇ ਵਿਦਿਆਰਥੀ ਅੰਸ਼ਵੀਰ ਸਿੰਘ ਨੇ ਲੋਕ ਗੀਤ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਹ ਜਾਣਕਾਰੀ ਪ੍ਰਿੰ.ਅਵਤਾਰ ਸਿੰਘ ਨੇ ਦਿੰਦੇ ਹੋਏ ਦੱਸਿਆ ਕਿ ਪੀ ਪੀ ਟੀ ਮੇਕਿੰਗ ਮੁਕਾਬਲੇ ਵਿੱਚ ਸਹਿਜਵੀਰ ਸਿੰਘ ਅਤੇ ਰਾਜਵੀਰ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ। ਉਨ੍ਹਾਂ ਨੇ ਦੱਸਿਆ ਕਿ ਭਾਸ਼ਣ ਮੁਕਾਬਲੇ ਵਿੱਚ ਅਦਿਤਿਆ ਸ਼ਰਮਾ ਨੇ ਦੂਜਾ, ਦਸਤਾਰ ਸਜਾਉਣ ਦੇ ਮੁਕਾਬਲੇ ਵਿੱਚ ਜੋਧਾ ਸਿੰਘ ਨੇ ਦੂਜਾ ਅਤੇ ਪੋਸਟਰ ਮੇਕਿੰਗ ਮੁਕਾਬਲੇ ਵਿੱਚ ਅਨੁਰਾਗ ਭਾਰਦਵਾਜ ਨੇ ਤੀਜਾ ਸਥਾਨ ਤੇ ਗਰੁੱਪ ਸ਼ਬਦ ਮੁਕਾਬਲੇ ਵਿੱਚ ਤੀਜਾ ਸਥਾਨ ਹਾਸਲ ਕੀਤਾ।

ਇਸ ਤੋਂ ਇਲਾਵਾ ਬਲਾਕ ਪੱਧਰ ਤੇ ਈ.ਪੀ. ਤਹਿਤ ਕਰਵਾਈ ਗਈ ਸਾਇੰਸ ਪ੍ਰਦਰਸ਼ਨੀ ਵਿੱਚ ਸਕੂਲ ਦੇ ਵਿਦਿਆਰਥੀ ਅਨੁਰਾਗ ਭਾਰ>ਵਾਜ ਤੇ ਹਰਸ਼ਿਤਾ ਨੇ ਪਹਿਲਾ ਸਥਾਨ ਅਤੇ ਜ਼ਿਲ੍ਹਾ ਪੱਧਰੀ ਸਾਇੰਸ ਪ੍ਰਦਰਸ਼ਨੀ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਲੜਕੀਆ ਦੇ ਬਲਾਕ ਪੱਧਰੀ ਕਰਾਟੇ ਮੁਕਾਬਲੇ ਸਰਕਾਰੀ ਹਾਈ ਸਕੂਲ ਮਟੋਰ ਵਿਖੇ ਕਰਵਾਏ ਗਏ, ਜਿਸ ਵਿੱਚ ਅੱਠਵੀ ਜਮਾਤ ਦੀਆ ਵਿਦਿਆਰਥਣਾ ਨੇ ਭਾਗ ਲਿਆ ਅਤੇ ਉਸ ਵਿੱਚ ਚਾਹਤਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਵੱਖ- ਵੱਖ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆ ਨੂੰ ਸਕੂਲ ਵਿੱਚ ਪ੍ਰਿੰਸੀਪਲ ਅਵਤਾਰ ਸਿੰਘ ਦੜੌਲੀ ਵਲੋ ਸਨਮਾਨਿਤ ਕੀਤਾ ਅਤੇ ਅੱਗੇ ਵੱਧਣ ਦੀ ਪ੍ਰੇਰਨਾ ਦਿੱਤੀ ਗਈ।

ਇਸ ਮੌਕੇ ਲੈਕ.ਚਰਨਜੀਤ ਸਿੰਘ, ਬਲਕਾਰ ਸਿੰਘ, ਮਨਿੰਦਰ ਕੌਰ, ਬਲਜੀਤ ਕੌਰ, ਮੁਕੇਸ਼ ਕੁਮਾਰ , ਗੁਰਚਰਨ ਸਿੰਘ, ਤਪਿੰਦਰ ਕੌਰ, ਅਜਵਿੰਦਰ ਕੌਰ, ਕਮਲਜੀਤ ਕੌਰ, ਸੁਰਿੰਦਰਪਾਲ ਸਿੰਘ, ਕਮਲਪ੍ਰੀਤ ਸਿੰਘ, ਹਰਸਿਮਰਨ ਸਿੰਘ, ਸ਼ੁਸ਼ੀਲ ਕੁਮਾਰ , ਗੁਰਨੈਬ ਸੈਣੀ , ਗੁਰਪ੍ਰੀਤ ਸਿੰਘ, ਪਿੰਕੀ ਰਾਣੀ , ਸੁਖਵਿੰਦਰ ਕੌਰ, ਰਾਜਵੀਰ ਕੌਰ , ਗੁਰਪ੍ਰੀਤ ਕੌਰ ,ਜਸਵੀਰ ਕੌਰ, ਤੇਜਵੰਤ ਕੌਰ, ਲਖਵੀਰ ਕੌਰ, ਨਿਰਮਲ ਕੌਰ, ਚਰਨਜੀਤ ਕੌਰ, ਕੁਲਜਿੰਦਰ ਕੌਰ, ਨੇਹਾ ਰਾਣੀ , ਦਵਿੰਦਰ ਕੌਰ, ਪ੍ਰਦੀਪ ਕੌਰ, ਰੀਨਾ ਰਾਣੀ, ਰੋਮਿਲ, ਦੀਪਸ਼ਿਖਾ ਸੈਣੀ, ਨਿਰਮਲ ਸਿੰਘ, ਗੁਰਮੇਲ ਸਿੰਘ ਆਦਿ ਹਾਜ਼ਰ ਸਨ ।

# ਪੁਲਿਸ ਸਾਂਝ ਕੇਂਦਰ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕੀਤਾ ਵਿਚਾਰ-ਵਟਾਂਦਰਾ



ਜੈਤੋਂ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਸੁਖਦੀਪ ਸਿੰਘ ਡੀ.ਐਸ.ਪੀ.ਸਾਹਿਬ ਜੈਤੋ ਜੀ ਦੀ ਅਗਵਾਈ ਵਿੱਚ ਅਤੇ ਸ੍ਰੀ ਗੁਰਮੇਹਰ ਸਿੰਘ ਸਿੱਧੂ ਐਸ. ਐਚ. ਓ. ਸਾਹਿਬ ਜੈਤੋ ਦੀ ਹਾਜ਼ਰੀ ਵਿੱਚ ਸਾਂਝ ਕੇਂਦਰ ਜੈਤੋ ਵਿਖੇ ਮਹੀਨਾਵਾਰ ਮੀਟਿੰਗ ਹੋਈ ਜਿਸ ਵਿੱਚ ਸਾਂਝ ਕੇਂਦਰ ਦੇ ਆਮਦਨ ਖ਼ਰਚ ਦਾ ਵੇਰਵਾ ਦਿੱਤਾ ਗਿਆ, ਸਾਂਝ ਕੇਂਦਰ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਕਮੇਟੀ ਮੈਂਬਰਾਂ ਵੱਲੋਂ ਟ੍ਰੈਫਿਕ ਇੰਚਾਰਜ ਜੈਤੋ ਨੂੰ ਬਾਜਾਖਾਨਾ ਚੌਂਕ ਵਿੱਚ ਜਾਮ ਲੱਗਣ ਤੋਂ ਰੋਕਣ ਲਈ ਵਿਸ਼ੇਸ਼ ਧਿਆਨ ਦੇਣ ਬਾਰੇ ਕਿਹਾ ਗਿਆ ਟ੍ਰੈਫਿਕ ਇੰਚਾਰਜ ਨੇ ਇਸ ਸਮੱਸਿਆ ਦਾ ਹੱਲ ਜਲਦੀ ਕਰਨ ਦਾ ਭਰੋਸਾ ਦਿੱਤਾ ਇਸ ਸਮੇਂ ਏ.ਐਸ.ਆਈ.ਸਤਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਬ-ਡਵੀਜਨ ਜੈਤੋ , ਡਾਕਟਰ ਵਰਿੰਦਰ ਕੁਮਾਰ ਐਸ ਐਮ ਓ ਜੈਤੋ, ਪ੍ਰੋਫੈਸਰ ਤਰਸੇਮ ਨਰੂਲਾ, ਸੰਤ ਰਿਸ਼ੀ ਰਾਮ ਜੀ ਵਿਵੇਕ ਆਸ਼ਰਮ ਜੈਤੋ, ਲਵਲੀਨ ਕੋਚਰ ਪ੍ਰਧਾਨ ਕੈਲਾਸ਼ਪਤੀ ਲੰਗਰ ਸੇਵਾ ਸੰਮਤੀ ਜੈਤੋ , ਸੁਖਜਿੰਦਰ ਸਿੰਘ ਜੈਲਦਾਰ , ਨਰੇਸ਼ ਸੇਠੀ ਪੱਤਰਕਾਰ, ਸੁਰਿੰਦਰ ਕੌਰ ਸਾਬਕਾ ਐਮ ਸੀ,ਗੁਰਦੀਪ ਕੌਰ ਆਂਗਣਵਾੜੀ ਵਰਕਰ, ਏ ਐਸ ਆਈ ਬਲਰਾਜ ਸਿੰਘ ਟ੍ਰੈਫਿਕ ਇੰਚਾਰਜ ਜੈਤੋ, ਹੌਲਦਾਰ ਭੋਲਾ ਸਿੰਘ ,ਬੇਅੰਤ ਸਿੰਘ,ਅਰਸ਼ਦੀਪ ਕੌਰ, ਸਰਬਜੀਤ ਕੌਰ ਸਾਂਝ ਕੇਂਦਰ ਥਾਣਾ ਜੈਤੋ ਅਤੇ ਮਹਿਲਾ ਮਿੱਤਰ ਥਾਣਾ ਜੈਤੋ ਤੋਂ ਐਸ. /ਐਲ.ਸੀ. ਵੀਰਪਾਲ ਕੌਰ ਆਦਿ ਹਾਜ਼ਰ ਸਨ ਸਾਂਝ ਕੇਂਦਰ ਦੇ ਇੰਚਾਰਜ ਵੱਲੋਂ ਆਏ ਕਮੇਟੀ ਮੈਂਬਰਾਂ/ਮੁਲਾਜ਼ਮਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਐਸ.ਡੀ.ਐਮ.ਅਮਰਗੜ੍ਹ ਨੇ ਕੈਂਪਾਂ ਵਿੱਚ ਖ਼ੁਦ ਮੌਜੂਦ ਰਹਿ ਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨ ਲਈ ਕੀਤਾ ਉਪਰਾਲਾ

ਅਮਰਗੜ੍ਹ, 11 ਫਰਵਰੀ
-ਬਲਜੀਤ ਸਿੰਘ ਹੁਸੈਨਪੁਰਾ-
-ਕੌਮੀ ਪੱਤ੍ਰਿਕਾ ਬਿਊਰੋ-

) ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੇ ਗਏ ਨਿਵੇਕਲੇ ਉਪਰਾਲੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਜਾ ਰਹੇ ਵਿਸ਼ੇਸ਼ ਕੈਂਪ ਤਹਿਤ ਅੱਜ ਤੀਜੇ ਦਿਨ ਡਿਪਟੀ ਕਮਿਸ਼ਨਰ ਡਾ ਪੱਲਵੀ ਦੀ ਅਗਵਾਈ ਅਧੀਨ ਅਮਰਗੜ੍ਹ ਸਬ ਡਵੀਜ਼ਨ ਵਿਖੇ ਕੁਲ 04 ਕੈਂਪ (ਮੁਹਾਲੀ, ਮੂਲਾਬੱਧਾ, ਰਾਮਪੁਰ ਛੰਨਾ ਅਤੇ ਸਲੇਮਪੁਰ ਵਿਖੇ) ਲਗਾਏ ਗਏ।ਇਸ ਗੱਲ ਦੀ ਜਾਣਕਾਰੀ ਉਪ ਮੰਡਲ ਮੈਜਿਸਟ੍ਰੇਟ ਅਮਰਗੜ੍ਹ ਸ੍ਰੀਮਤੀ ਸੁਰਿੰਦਰ ਕੌਰ ਨੇ ਦਿੱਤੀ । ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਜਿੱਥੇ ਵੱਖ-ਵੱਖ ਵਿਭਾਗਾਂ ਵੱਲੋਂ ਲੋਕਾਂ ਨੂੰ ਜਿੱਥੇ ਸਬੰਧਤ ਸੇਵਾਵਾਂ ਪ੍ਰਦਾਨ ਕੀਤੀਆਂ ਉੱਥੇ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਵੀ ਨਿਪਟਾਰਾ ਕੀਤਾ ਗਿਆ।ਐਸ.ਡੀ.ਐਮ. ਅਮਰਗੜ੍ਹ ਨੇ ਕਿਹਾ ਕਿ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਘਰਾਂ ਦੇ ਨੇੜੇ ਹੀ ਪ੍ਰਸ਼ਾਸਨਿਕ ਸੇਵਾਵਾਂ ਮੁਹੱਈਆ ਕਰਵਾਉਣ ਲਈ ਇਹ ਇੱਕ ਨਿਵੇਕਲਾ ਉਪਰਾਲਾ ਹੈ, ਲੋਕਾਂ ਇਨ੍ਹਾਂ ਕੈਂਪਾਂ ਵਿੱਚ ਪੁੱਜ ਕੇ ਲਾਭ ਜ਼ਰੂਰ ਲੈਣਾ ਚਾਹੀਦਾ ਹੈ । ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪ ਵਿੱਚ 45 ਸੇਵਾਵਾਂ ਤੋਂ ਇਲਾਵਾ ਸਾਂਝ ਕੇਂਦਰ ਅਤੇ ਵੱਖ ਵੱਖ ਵਿਭਾਗਾਂ ਵੱਲੋਂ ਦਿੱਤੀਆਂ ਜਾਂਦੀਆਂ ਸੇਵਾਵਾਂ ਵੀ।ਪਿੰਡ ਮੁਹਾਲੀ ਚ ਪਿੰਡ ਦੇ ਨੌਜਵਾਨਾਂ ਨੇ ਐਸ.ਡੀ.ਐਮ ਅਮਰਗੜ੍ਹ ਸ੍ਰੀਮਤੀ ਸੁਰਿੰਦਰ ਕੌਰ ਅੱਗੇ ਪੇਸ਼ ਹੋਕੇ ਨੌਜਵਾਨਾਂ ਦੇ ਖੇਡਣ ਲਈ ਗਰਾਊਂਡ ਬਣਾਉਣ ਦੀ ਮੰਗ ਕੀਤੀ ਜਿਸ ਦਾ ਐਸ.ਡੀ.ਐਮ ਵੱਲੋਂ ਪੂਰਨ ਭਰੋਸਾ ਦਿੱਤਾ ਕਿ ਸਰਕਾਰ ਨੂੰ ਅਗਲੀ ਕਾਰਵਾਈ ਲਈ ਭੇਜਿਆ ਜਾਵੇਗਾ।



# ਪੀ.ਐਮ.ਐਫ.ਐਮ.ਈ ਸਕੀਮ ਤਹਿਤ ਫੂਡ ਪ੍ਰੋਸੈਸਿੰਗ ਸ਼ੁਰੂ ਕਰਨ ਦਾ ਮੌਕਾ, 12 ਫਰਵਰੀ ਨੂੰ ਲੱਗੇਗਾ ਜਾਗਰੂਕਤਾ ਕੈਂਪ

ਪਟਿਆਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ, ਪਟਿਆਲਾ ਅੰਗਦ ਸਿੰਘ ਸੋਹੀ ਨੇ ਦੱਸਿਆ ਕਿ ਪੀ.ਐਮ ਫਾਰਮਲਾਈਜੇਸ਼ਨ ਆਫ਼ ਮਾਈਕਰੋ ਫੂਡ ਪ੍ਰੋਸੈਸਿੰਗ ਐਂਟਰਪ੍ਰਾਈਜਿਜ (ਪੀ.ਐਮ.ਐਫ.ਐਮ.ਈ) ਸਕੀਮ ਸਬੰਧੀ ਜਾਗਰੂਕਤਾ ਲਈ 12 ਫਰਵਰੀ ਨੂੰ ਪਟਿਆਲਾ ਚੈਂਬਰ ਆਫ ਇੰਡਸਟਰੀਜ਼, ਚੈਂਬਰ ਹਾਲ, ਸੀ-109, ਫੋਕਲ ਪੁਆਇੰਟ ਪਟਿਆਲਾ ਵਿਖੇ ਜਾਗਰੂਕਤਾ ਕੈਂਪ ਲਗਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਇਹ ਸਕੀਮ ਭਾਰਤ ਸਰਕਾਰ ਦੇ ਫੂਡ ਪ੍ਰੋਸੈਸਿੰਗ ਉਦਯੋਗ ਮੰਤਰਾਲੇ ਵੱਲੋਂ ਜੂਨ 2020 ਵਿੱਚ ਸ਼ੁਰੂ ਕੀਤੀ ਗਈ ਸੀ ਜਿਸ ਦਾ ਬਜਟ 10 ਹਜ਼ਾਰ ਕਰੋੜ ਰੁਪਏ ਹੈ, ਜੋ 5 ਸਾਲਾਂ ਭਾਵ, 2020-2025 ਲਈ ਖਰਚ ਕੀਤਾ ਜਾ ਰਿਹਾ ਹੈ। ਸਕੀਮ ਦਾ ਉਦੇਸ਼ ਮਾਈਕਰੋ ਫੂਡ ਪ੍ਰੋਸੈਸਿੰਗ ਉੱਦਮਾਂ ਦੀ ਮੁਕਾਬਲੇਬਾਜ਼ੀ ਨੂੰ ਵਧਾਉਣਾ ਅਤੇ ਸੈਕਟਰ ਨੂੰ ਉਤਸ਼ਾਹਿਤ ਕਰਨਾ ਹੈ। ਇਹ ਸਕੀਮ ਪੂੰਜੀ ਨਿਵੇਸ਼ 'ਤੇ 35 ਫ਼ੀਸਦੀ ਦੀ ਦਰ ਨਾਲ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਐਗਰੋ ਇੰਡਸਟਰੀਜ਼ ਕਾਰਪੋਰੇਸ਼ਨ ਇਸ ਸਕੀਮ ਦੀ ਰਾਜ 'ਚ ਨੋਡਲ ਏਜੰਸੀ ਹੈ। ਸੂਬੇ ਅੰਦਰ 1967 ਤੋਂ ਵੱਧ ਮਾਈਕਰੋ ਫੂਡ ਪ੍ਰੋਸੈਸਿੰਗ ਉੱਦਮਾਂ (ਮੌਜੂਦਾ ਅਤੇ ਨਵੇਂ ਦੋਵੇਂ) ਨੂੰ ਹੁਣ ਤੱਕ 170 ਕਰੋੜ ਰੁਪਏ ਦੀ ਪੂੰਜੀ ਸਬਸਿਡੀ ਲਈ ਮਨਜ਼ੂਰ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਛੁੱਕ ਉੱਦਮੀਆਂ, ਨੌਜਵਾਨਾਂ ਆਦਿ ਨੂੰ ਸਕੀਮ, ਇਸ ਦੇ ਲਾਭ ਆਦਿ ਬਾਰੇ ਜਾਗਰੂਕ ਕਰਨ ਲਈ, ਭਲਕੇ 12 ਫਰਵਰੀ ਨੂੰ ਜਾਗਰੂਕਤਾ ਕੈਂਪ ਰਾਹੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਫੂਡ ਪ੍ਰੋਸੈਸਿੰਗ ਉਦਯੋਗਾਂ/ਕਿਸਾਨਾਂ/ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਕੀਮ ਦਾ ਲਾਭ ਲੈਣ ਲਈ ਅੱਗੇ ਆਉਣ ਅਤੇ ਆਪਣੇ ਖੁਦ ਦੇ ਕਾਰੋਬਾਰੀ ਉੱਦਮ ਸਥਾਪਤ ਕਰਨ ਜਾਂ ਆਪਣੀਆਂ ਮੌਜੂਦਾ ਇਕਾਈਆਂ ਨੂੰ ਅਪਗ੍ਰੇਡ ਕਰਨ।

# ਜਗਦੀਸ਼ ਟਾਈਟਲਰ ਤੋਂ ਕਾਂਗਰਸ ਨੇ ਕੀਤਾ 'ਕਿਨਾਰਾ'

ਨਵੀਂ ਦਿੱਲੀ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪਾਰਟੀ ਲੋਕ ਸਭਾ ਚੋਣਾਂ 2024 ਨੂੰ ਵੇਖਦੇ ਹੋਏ ਬੇਕਾਰ ਦੇ ਵਿਵਾਦਾਂ ਤੋਂ ਬਚਣਾ ਚਾਹੁੰਦੀ ਹੈ। ਕਾਂਗਰਸ, ਪਾਰਟੀ ਦੇ ਸੀਨੀਅਰ ਨੇਤਾ ਜਗਦੀਸ਼ ਟਾਈਟਲਰ ਤੋਂ 'ਕਿਨਾਰਾ' ਕਰਦੀ ਨਜ਼ਰ ਆ ਰਹੀ ਹੈ। ਦਰਅਸਲ ਕਾਂਗਰਸ ਨੇ ਟਾਈਟਲਰ ਨੂੰ ਲੋਕ ਸਭਾ ਚੋਣਾਂ ਲਈ ਕਿਸੇ ਵੀ ਕਮੇਟੀ ਵਿਚ ਸ਼ਾਮਲ ਨਹੀਂ ਕੀਤਾ ਅਤੇ ਨਾ ਪ੍ਰਚਾਰ ਮੁਹਿੰਮ ਨਾਲ ਜੋੜਿਆ ਹੈ। ਇਸ ਦਾ ਸਿੱਧਾ-ਸਿੱਧਾ ਮਤਲਬ ਹੈ ਕਿ ਕਾਂਗਰਸ ਨੇ ਜਗਦੀਸ਼ ਟਾਈਟਲਰ ਤੋਂ ਕਿਨਾਰਾ ਕਰ ਲਿਆ ਹੈ।

ਆਲ ਇੰਡੀਆ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਨੇ ਲੋਕ ਸਭਾ ਚੋਣਾਂ ਲਈ ਸੂਬਾ ਕਾਂਗਰਸ ਦੀਆਂ ਚਾਰ ਅਹਿਮ ਕਮੇਟੀਆਂ ਦਾ ਐਲਾਨ ਕੀਤਾ। ਚੋਣ ਕਮੇਟੀ, ਸਿਆਸੀ ਮਾਮਲਿਆਂ ਦੀ ਕਮੇਟੀ, ਮੈਨੀਫੈਸਟੋ ਕਮੇਟੀ ਅਤੇ ਅਨੁਸ਼ਾਸਨੀ ਕਮੇਟੀ। ਅਰਵਿੰਦਰ ਸਿੰਘ ਲਵਲੀ ਨੂੰ ਚੋਣ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ ਜਦਕਿ ਉਨ੍ਹਾਂ ਨਾਲ 51 ਹੋਰ ਆਗੂ ਸ਼ਾਮਲ ਕੀਤੇ ਗਏ ਹਨ।

ਸੂਬਾ ਇੰਚਾਰਜ ਦੀਪਕ ਬਾਬਰੀਆ ਨੂੰ ਸਿਆਸੀ ਮਾਮਲਿਆਂ ਬਾਰੇ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ ਹੈ। 45 ਹੋਰ ਆਗੂ ਉਨ੍ਹਾਂ ਦੇ ਨਾਲ ਹੋਣਗੇ।

# ਜ਼ਿਲ੍ਹੇ ਵਿੱਚ ਪਾਣੀ ਦੀਆਂ ਟੈਂਕੀਆਂ ਉਪਰ ਚੜ੍ਹਨ 'ਤੇ ਪਾਬੰਦੀ ਜਾਰੀ

ਪਟਿਆਲਾ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਧੀਕ ਜ਼ਿਲ੍ਹਾ ਮੈਜਿਸਟਰੇਟ ਪਟਿਆਲਾ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਪਟਿਆਲਾ ਦੀਆਂ ਸੀਮਾਵਾਂ ਅੰਦਰ (ਪਿੰਡਾਂ ਅਤੇ ਸ਼ਹਿਰਾਂ) ਵਿੱਚ ਬਣੀਆਂ ਪਾਣੀ ਦੀਆਂ ਟੈਂਕੀਆਂ ਉਪਰ ਕਿਸੇ ਕਿਸਮ ਦੇ ਵਿਖਾਵੇ ਲਈ ਚੜ੍ਹਨ 'ਤੇ ਪਾਬੰਦੀ ਲਗਾਈ ਹੈ।

ਵਧੀਕ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਕੀਤੇ ਇਹਨਾਂ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਜ਼ਿਲ੍ਹੇ ਵਿੱਚ ਹੋ ਰਹੀਆਂ ਘਟਨਾਵਾਂ ਸਬੰਧੀ ਆਏ ਦਿਨ ਵੱਖ-ਵੱਖ ਜਥੇਬੰਦੀਆਂ, ਯੂਨੀਅਨਾਂ ਅਤੇ ਆਮ ਪਬਲਿਕ ਵੱਲੋਂ ਆਪਣੀਆਂ ਮੰਗਾਂ ਮਨਵਾਉਣ ਲਈ ਸ਼ਹਿਰਾਂ ਅਤੇ ਪਿੰਡਾਂ ਵਿੱਚ ਬਣੀਆਂ ਹੋਈਆਂ ਪਾਣੀ ਦੀਆਂ ਟੈਂਕੀਆਂ ਉਪਰ ਚੜ੍ਹ ਕੇ ਪ੍ਰਦਰਸ਼ਨ ਕਰਦੇ ਹੋਏ ਪ੍ਰਦਰਸ਼ਨਕਾਰੀ ਜਾਨ ਨੂੰ ਵੀ ਖਤਰੇ ਵਿੱਚ ਪਾ ਲੈਂਦੇ ਹਨ।

ਪਿਛਲੇ ਸਮੇਂ ਵਿੱਚ ਵਾਪਰੀਆਂ ਅਜਿਹੀਆਂ ਕਈ ਘਟਨਾਵਾਂ ਕਾਰਨ ਅਮਨ ਤੇ ਕਾਨੂੰਨ ਦੀ ਸਥਿਤੀ ਦੇ ਭੰਗ ਹੋਣ ਦਾ ਖਦਸਾ ਬਣਿਆ ਰਹਿੰਦਾ ਹੈ। ਇਸ ਲਈ ਅਮਨ ਤੇ ਕਾਨੂੰਨ ਦੀ ਸਥਿਤੀ ਕਾਇਮ ਰੱਖਣ ਅਤੇ ਲੋਕ ਹਿੱਤ ਸ਼ਾਂਤੀ ਬਰਕਰਾਰ ਰੱਖਣ ਲਈ ਢੁਕਵੇਂ ਕਦਮ ਉਠਾਉਣੇ ਜ਼ਰੂਰੀ ਹੈ। ਇਹ ਹੁਕਮ 5 ਅਪ੍ਰੈਲ 2024 ਤੱਕ ਲਾਗੂ ਰਹਿਣਗੇ।

# ਪੰਜਾਬ ਸਰਕਾਰ ਲੋਕਾਂ ਦੇ ਕੰਮ ਹੁਣ ਉਨ੍ਹਾਂ ਦੇ ਦੁਆਰ 'ਤੇ ਜਾ ਕੇ ਕਰੇਗੀ: ਵਿਧਾਇਕ ਦਿਆਲਪੁਰਾ

ਮਾਛੀਵਾੜਾ ਸਾਹਿਬ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜਿਸ ਤਰ੍ਹਾਂ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਪਹਿਲਾਂ ਲੋਕਾਂ ਨਾਲ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਣਨ ਤੋਂ ਬਾਅਦ ਅਸੀਂ ਲੋਕਾਂ ਦੇ ਘਰਾਂ ਵਿੱਚ ਜਾ ਕੇ ਸੱਥਾਂ ਵਿੱਚ ਜਾ ਕੇ ਉਹਨਾਂ ਦੇ ਕੰਮ ਕਰਾਂਗੇ ਨਾ ਕਿ ਪਿੰਡਾਂ ਦੇ ਲੋਕਾਂ ਨੂੰ ਸਰਕਾਰੀ ਦਰਵਜੇ ਖੜਕਾਉਣੇ ਪੈਣ ਪੰਜਾਬ ਸਰਕਾਰ ਨੇ ਆਪਣਾ ਵਾਅਦਾ ਪੂਰਾ ਕਰਦਿਆਂ ਹੋਇਆ 'ਆਪ' ਸਰਕਾਰ ਤੁਹਾਡੇ ਦੁਆਰ ਮੁਹਿਮ ਦੀ ਸ਼ੁਰੂਆਤ ਕਰ ਦਿੱਤੀ ਹੈ।

ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਹਲਕਾ ਸਮਰਾਲਾ ਦੇ ਅਧੀਨ ਆਉਂਦੇ ਕਈ ਪਿੰਡਾਂ ਵਿੱਚ ਜਾ ਕੇ ਪਿੰਡਾਂ ਦੀਆਂ ਸੱਥਾਂ ਵਿੱਚ ਬੈਠ ਕੇ ਲੋਕਾਂ ਨੂੰ ਸਰਕਾਰੀ ਕੰਮਾਂ ਵਿੱਚ ਆ ਰਹੀਆਂ ਮੁਸ਼ਕਲਾਂ ਅਤੇ ਉਹਨਾਂ ਦੇ ਰੁਕੇ ਹੋਏ ਕੰਮਾਂ ਨੂੰ ਕਰਵਾਇਆ ਉਨਾਂ ਨੇ ਕਿਹਾ ਕਿ ਲੋਕਾਂ ਦੇ ਕੰਮ ਹੁਣ ਪਿੰਡਾਂ ਦੀਆਂ ਸੱਥਾਂ 'ਚ ਹੀ ਹੋਣਗੇ ਲੋਕਾਂ ਦੀਆਂ ਮੁਸ਼ਕਿਲਾਂ ਨੂੰ ਮੌਕੇ 'ਤੇ ਹੀ ਹੱਲ ਕਰਨ ਲਈ ਅੱਜ ਅਸੀਂ 'ਸਰਕਾਰ ਤੁਹਾਡੇ ਦੁਆਰ' ਮੁਹਿਮ ਦੀ ਸ਼ੁਰੂਆਤ ਕਰਨ ਜਾ ਰਹੇ ਹਾਂ ਜਿਸ ਨਾਲ ਪਿੰਡਾਂ ਦੇ ਲੋਕਾਂ ਨੂੰ ਹੁਣ ਸਰਕਾਰੀ ਕੰਮ ਕਰਾਉਣ ਲਈ ਖੱਜਲ ਖੁਆਰ ਨਹੀਂ ਹੋਣਾ ਪਵੇਗਾ ਅਤੇ ਜਿਸ ਨਾਲ ਪਿੰਡਾਂ ਤੋਂ ਸ਼ਹਿਰਾਂ ਤੱਕ ਜਾ ਕੇ ਆਉਣ ਜਾਣ ਦੇ ਸਮੇਂ ਦੀ ਵੀ ਬੱਚਤ ਹੋਵੇਗੀ ਉਨ੍ਹਾਂ ਨੇ ਨਾਲ ਇਹ ਵੀ ਕਿਹਾ ਕਿ ਵੋਟਾਂ ਤੁਹਾਡੇ ਤੋਂ ਪਿੰਡ-ਪਿੰਡ ਤੋਂ ਆ ਕੇ ਮੰਗੀਆਂ ਸੀ ਤਾਂ ਹੁਣ ਸਰਕਾਰ ਤੁਹਾਡੇ ਕੰਮ ਕਰਨ ਲਈ ਵੀ ਪਿੰਡ-ਪਿੰਡ ਆਵੇਗੀ।



# ਰਾਸ਼ਟਰੀ ਪੱਧਰ 'ਤੇ ਦਿੱਲੀ ਵਿਖੇ ਹੋਈ ਪੁਰਾਣੀ ਪੈਨਸ਼ਨ ਬਹਾਲੀ ਸਬੰਧੀ ਅਹਿਮ ਮੀਟਿੰਗ

ਸ੍ਰੀ ਅਨੰਦਪੁਰ ਸਾਹਿਬ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਵੱਖ ਵੱਖ ਰਾਜਾਂ ਦੀ ਬਣੀ ਜੱਥੇਬੰਦੀ *ਪੁਰਾਣੀ ਪੈਨਸ਼ਨ ਯੋਜਨਾ ਬਹਾਲੀ ਸਯੁੰਕਤ ਮੰਚ (JFROPS)* ਦੀ ਇੱਕ ਬੇਹੱਦ ਅਹਿਮ ਮੀਟਿੰਗ ਦਿੱਲੀ ਦੇ ਜੇ ਪੀ ਚੌਬੇ ਮੈਮੋਰੀਅਲ ਲਾਇਬ੍ਰੇਰੀ ਹਾਲ ਵਿੱਚ ਰਾਸ਼ਟਰੀ ਕਨਵੀਨਰ ਸ਼ਿਵ ਗੋਪਾਲ ਮਿਸ਼ਰਾ ਦੀ ਅਗਵਾਹੀ ਹੇਠ ਹੋਈ ਜਿਸ ਵਿੱਚ ਪੰਜਾਬ ਰਾਜ ਦੀ ਨੁਮਾਇੰਦਗੀ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ, ਸੂਬਾਈ ਵਿੱਤ ਸਕੱਤਰ ਵਰਿੰਦਰ ਵਿੱਕੀ ਅਤੇ ਸੂਬਾਈ ਆਈ ਟੀ ਸੈੱਲ ਇੰਚਾਰਜ਼ ਸੱਤ ਪ੍ਰਕਾਸ਼ ਵਲੋਂ ਕੀਤੀ ਗਈ।

ਅੱਜ ਦੀ ਬੈਠਕ ਦਾ ਮੁੱਖ ਏਜੰਡਾ ਕੇਂਦਰ ਸਰਕਾਰ ਖਿਲਾਫ ਪੁਰਾਣੀ ਪੈਨਸ਼ਨ ਦੀ ਬਹਾਲੀ ਸਬੰਧੀ ਅਪਣਾਇਆ ਗਿਆ ਅਣਦੇਖੀ ਦੇ ਰਵੱਈਏ ਖਿਲਾਫ ਸਮੁੱਚੇ ਭਾਰਤ ਵਿੱਚ ਐੱਨ.ਪੀ.ਐੱਸ ਪੀੜਤ ਮੁਲਾਜ਼ਮਾਂ ਵਲੋਂ ਦੇਸ਼ ਵਿਆਪੀ ਹੜਤਾਲ ਕਰਨਾ ਰਿਹਾ। ਇਸ ਮੁੱਦੇ ਤੇ ਲੰਬੀ ਚਰਚਾ ਕਰਨ ਉਪਰੰਤ ਸਾਰੇ ਰਾਜਾਂ ਨੇ ਸਹਿਮਤੀ ਪ੍ਰਗਟਾਈ ਅਤੇ ਦੇਸ਼ ਵਿਆਪੀ ਹੜਤਾਲ ਦੀ ਮਿਤੀ ਜਲਦੀ ਨਿਸਚਿਤ ਕਰਨ ਦਾ ਫੈਸਲਾ ਲਿਆ। ਰਾਸ਼ਟਰੀ ਕਨਵੀਨਰ ਸ਼ਿਵ ਗੋਪਾਲ ਮਿਸ਼ਰਾ ਵਲੋਂ ਕੇਂਦਰ ਸਰਕਾਰ ਨਾਲ਼ ਹੋਈਆਂ ਬੈਠਕਾਂ ਉਪਰੰਤ ਸਰਕਾਰ ਦੇ ਢਿੱਲ ਮੱਠ ਵਾਲੇ ਰਵੱਈਏ ਤੇ ਰੋਸ ਪ੍ਰਗਟ ਕੀਤਾ ਗਿਆ ਅਤੇ ਦੱਸਿਆ ਕਿ ਕੇਂਦਰ ਸਰਕਾਰ ਵਲੋਂ ਯੂਨੀਅਨ ਬਜਟ ਸੈਸ਼ਨ ਵਿੱਚ ਵੀ ਪੁਰਾਣੀ ਪੈਨਸ਼ਨ ਸਬੰਧੀ ਕੋਈ ਪਰਪੋਜ਼ਲ ਨਹੀ ਰੱਖੀ ਗਈ।

ਪੰਜਾਬ ਰਾਜ ਵਲੋਂ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਜਸਵੀਰ ਤਲਵਾੜਾ ਨੇ ਕਿਹਾ ਕਿ ਉਹ ਬੈਠਕ ਵਿੱਚ ਲਏ ਗਏ ਫੈਸਲੇ ਨਾਲ ਸਹਿਮਤ ਹਨ ਅਤੇ ਪੰਜਾਬ ਦੇ ਐੱਨ.ਪੀ.ਐੱਸ ਪੀੜਤ ਮੁਲਾਜ਼ਮਾਂ ਵਲੋਂ ਦੇਸ਼ ਵਿਆਪੀ ਹੜਤਾਲ ਵਿੱਚ ਸਮੂਲੀਅਤ ਕੀਤੀ ਜਾਵੇਗੀ।ਅੱਗੇ ਉਨ੍ਹਾਂ ਪੰਜਾਬ ਦੇ ਸਮੁੱਚੇ ਐਨ ਪੀ ਐੱਸ ਕਰਮਚਾਰੀਆਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਖਿਲਾਫ਼ *25 ਫਰਵਰੀ* ਨੂੰ ਹੋਣ ਜਾ ਰਹੀ ਸੂਬਾ ਪੱਧਰੀ ਮਹਾਂਰੈਲੀ ਜੋ *ਮੁੱਖ ਮੰਤਰੀ ਦੀ ਰਿਹਾਇਸ਼ ਸੰਗਰੂਰ* ਵਿਖੇ ਹੋਣ ਜਾ ਰਹੀ ਹੈ ਚ ਵੱਧ ਚੜ੍ਹ ਕੇ ਹਿੱਸਾ ਲੈਣ।

# ਵਿਧਾਇਕ ਮੁੰਡੀਆਂ ਨੇ ਨੂਰਵਾਲਾ ਤੋਂ ਜਮਾਲਪੁਰ ਲੇਲੀ ਸੜਕ ਦਾ ਕੀਤਾ ਉਦਘਾਟਨ



ਮਾਛੀਵਾੜਾ ਸਾਹਿਬ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਨ ਸਭਾ ਹਲਕਾ ਸਾਹਨੇਵਾਲ ਦੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਨੂਰਵਾਲਾ ਤੋਂ ਜਮਾਲਪੁਰ ਲੇਲੀ ਦੀ 4.10 ਕਿਲੋਮੀਟਰ ਲੰਬੀ ਤੇ 18 ਫੁੱਟ ਚੌੜੀ ਸੜਕ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕੀਤਾ। ਜਿਸ ਬਾਰੇ ਜਾਣਕਾਰੀ ਦਿੰਦਿਆ ਵਿਧਾਇਕ ਮੁੰਡੀਆਂ ਨੇ ਦੱਸਿਆ ਕਿ ਇਸ ਸੜਕ ਉੱਤੇ 484 ਲੱਖ ਦੀ ਲਾਗਤ ਆਵੇਗੀ ਅਤੇ 6 ਮਹੀਨਿਆਂ ਵਿੱਚ ਬਣ ਕੇ ਤਿਆਰ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਵੇਲੇ ਹਲਕੇ ਦੀਆਂ ਸਾਰੀਆਂ ਸੜਕਾਂ ਦੀ ਹਾਲਤ ਬਹੁਤ ਵੀ ਬਦਤਰ ਸੀ ਅਤੇ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੇ ਯਤਨਾਂ ਸਦਕਾ ਬਹੁਤ ਸਾਰੀਆਂ ਸੜਕਾਂ ਬਣਕੇ ਲੋਕ ਅਰਪਣ ਹੋ ਚੁੱਕੀਆਂ ਹਨ ਅਤੇ ਕਈਆਂ ਦਾ ਕੰਮ ਚੱਲ ਰਿਹਾ ਹੈ।

ਉਨ੍ਹਾਂ ਰਹਿੰਦੀਆਂ ਸੜਕਾਂ ਦੇ ਨਿਰਮਾਣ ਕਾਰਜ ਜਲਦ ਸ਼ੁਰੂ ਹੋਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਜਿਸ ਵਿਸ਼ਵਾਸ ਨਾਲ ਆਮ ਆਦਮੀਂ ਪਾਰਟੀ ਨੂੰ ਸੂਬੇ ਦੀ ਵਾਗਡੋਰ ਸੰਭਾਲੀ ਹੈ ਉਸ ਉੱਤੇ ਖਰਾ ਉਤਰਨ ਲਈ ਪੰਜਾਬ ਦੇ ਮੁੱਖ ਮੰਤਰੀ ਹਰ ਸੰਭਵ ਕੋਸ਼ਿਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਹਲਕਾ ਸਾਹਨੇਵਾਲ ਦੇ ਹਰ ਕੋਨੇ ਵਿੱਚ ਅੱਜ ਵਿਕਾਸ ਕਾਰਜ ਚੱਲ ਰਹੇ ਹਨ ਅਤੇ ਲੋਕਾਂ ਦੇ ਆਮ ਜਿੰਦਗੀ ਨਾਲ ਜੁੜੇ ਕੰਮਾਂ ਨੂੰ ਕਰਵਾਉਣ ਲਈ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਵੱਲੋਂ ਆਪ ਦੀ ਸਰਕਾਰ ਆਪ ਦੇ ਦੁਆਰ ਮੁਹਿੰਮ ਚਲਾਈ ਗਈ ਹੈ ਜਿਸ ਤਹਿਤ ਜਿੱਥੇ ਕੱਲ ਕਈ ਪਿੰਡਾਂ ਵਿੱਚ ਸੁਵਿਧਾ ਕੈਂਪਾਂ ਰਾਹੀਂ ਲੋਕਾਂ ਦੇ ਬੂਹੇ ਉੱਤੇ ਸਰਕਾਰ ਨੇ ਖੁਦ ਪਹੁੰਚ ਕੇ ਲੋਕਾਂ ਦੇ ਕੰਮ ਕਰਵਾਏ ਉੱਥੇ ਅੱਜ ਵੀ ਬਹੁਤ ਸਾਰੇ ਪਿੰਡਾਂ ਵਿੱਚ ਅਜਿਹੇ ਹੀ ਸੁਵਿਧਾ ਕੈਂਪ ਲਗਾਏ ਗਏ ਹਨ ਜਿੱਥੇ ਆਪ ਦੇ ਵਲੰਟੀਅਰਾਂ ਦੇ ਸਹਿਯੋਗ ਨਾਲ ਲੋਕ ਆਪਣੇ ਕੰਮ ਕਰਵਾ ਰਹੇ ਹਨ।

ਸੜਕ ਦਾ ਕੰਮ ਸ਼ੁਰੂ ਹੋਣ ਦੀ ਖੁਸ਼ੀ ਵਿੱਚ ਸਥਾਨਕ ਲੋਕਾਂ ਤੇ ਪਾਰਟੀ ਵਰਕਰਾਂ ਵੱਲੋਂ ਲੱਡੂ ਵੰਡੇ ਗਏ ਅਤੇ ਵਿਧਾਇਕ ਮੁੰਡੀਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਰਣਜੀਤ ਸਿੰਘ ਸੈਣੀ ਪੀ.ਏ, ਬਲਾਕ ਪ੍ਰਧਾਨ ਜਸਪ੍ਰੀਤ ਸਿੰਘ ਪੰਧੇਰ, ਸ਼ੰਟੀ ਨੂਰਵਾਲਾ, ਜਸਵੀਰ ਸਿੰਘ, ਪ੍ਰਿੰਸ ਸੈਣੀ, ਪਿੰਡ ਵਾਸੀ ਤੇ ਸੰਬੰਧਿਤ ਅਧਿਕਾਰੀਆਂ ਮੌਜੂਦ ਸਨ।

# ਪੰਜਾਬ ਰਾਜ ਪੈਨਸ਼ਨਰਜ਼ ਮਹਾਸੰਘ ਇਕਾਈ ਮਾਛੀਵਾੜਾ ਦੀ ਮਾਸਿਕ ਮੀਟਿੰਗ ਹੋਈ



ਮਾਛੀਵਾੜਾ ਸਾਹਿਬ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਪੈਨਸ਼ਨਰਜ਼ ਮਹਾਸੰਘ ਇਕਾਈ ਮਾਛੀਵਾੜਾ ਦੀ ਮਾਸਿਕ ਮੀਟਿੰਗ ਰਾਮ ਸਿੰਘ ਕਾਲੜਾ ਦੀ ਪ੍ਰਧਾਨਗੀ ਹੇਠ ਹੋਈ, ਜਿਸਦਾ ਏਜੰਡਾ ਪੇਸ਼ ਕਰਦਿਆਂ ਤਰਲੋਚਨ ਸਿੰਘ ਨੇ ਨਵੇਂ ਬਣੇ ਮੈਂਬਰਾਂ ਨੂੰ 'ਜੀ ਆਇਆਂ' ਕਿਹਾ। ਅਮੋਲਕ ਸਿੰਘ ਤੇ ਜੋਗਾ ਸਿੰਘ ਨੇ ਜਿੱਥੇ ਸਰਕਾਰ ਨੂੰ ਮੰਗਾਂ ਨਾ ਮੰਨਣ 'ਤੇ ਕੋਸਿਆ, ਉੱਥੇ ਹੀ ਪੈਨਸ਼ਨਰਜ਼ ਨੂੰ ਰਲ ਕੇ ਸੰਘਰਸ਼ ਦਾ ਸੱਦਾ ਦਿੱਤਾ। ਰਾਮ ਸਿੰਘ ਕਾਲੜਾ ਨੇ ਕੇਂਦਰ ਸਰਕਾਰ ਵਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਅੰਤਰਿਮ ਬਜਟ ਵਿਚ ਇਨਕਮ ਟੈਕਸ ਵਿਚ ਰਾਹਤ ਨਾ ਦੇਣ ਦੀ ਨਿਖੇਧੀ ਕੀਤੀ, ਉਥੇ ਹੀ ਪੰਜਾਬ ਸਰਕਾਰ ਵਲੋਂ ਵਾਰ- ਵਾਰ ਸਮਾਂ ਦੇ ਕੇ ਵੀ ਮੰਗਾਂ ਬਾਰੇ ਗੱਲਬਾਤ ਤੋਂ ਭੱਜਣ ਦਾ ਦੋਸ਼ ਲਾਉਂਦਿਆਂ ਮੰਗ ਕੀਤੀ ਕਿ ਪੈਨਸ਼ਨਰਜ਼ ਦੀ ਪੈਨਸ਼ਨ 2.55 ਫੈਕਟਰ ਨਾਲ ਸੋਧਦੇ ਹੋਏ ਬਕਾਇਆ ਦਿੱਤਾ ਜਾਵੇ, ਡੀ.ਏ. ਦੀਆ ਬਣਦੀਆਂ ਕਿਸ਼ਤਾਂ ਅਤੇ ਮੈਡੀਕਲ ਕੈਸ਼ਲੈਸ ਸਕੀਮ ਲਾਗੂ ਕੀਤਾ ਜਾਵੇ। ਜਥੇਬੰਦੀ ਵਲੋਂ ਹੇਮ ਸਿੰਘ, ਸੋਹਣ ਸਿੰਘ, ਸੁਰਿੰਦਰ ਸਿੰਘ ਗਿੱਲ, ਹਰੀ ਰਾਮ, ਜਸਪਾਲ ਕੌਰ ਦਾ ਸਨਮਾਨ ਵੀ ਕੀਤਾ ਗਿਆ ।

ਮੀਟਿੰਗ ਵਿਚ ਸੁਰਜੀਤ ਸਿੰਘ, ਤਾਰਾ ਸਿੰਘ, ਪਰਮਜੀਤ ਸਿੰਘ ਗੁਰਮੀਤ ਸਿੰਘ, ਭਾਰਤ ਭੂਸ਼ਣ, ਹਰਨੇਕ ਪਾਲ ਸਿੰਘ, ਰਵਿੰਦਰ ਸਿੰਘ, ਅਮਰਜੀਤ ਸਿੰਘ, ਰਵਿੰਦਰ ਸਿੰਘ, ਗੁਰਜੀਤ ਸਿੰਘ, ਅਵਤਾਰ ਸਿੰਘ, ਸੁਰਜੀਤ ਸਿੰਘ, ਸੁੱਚਾ ਸਿੰਘ ਤੇ ਮੇਹਰ ਸਿੰਘ ਆਦਿ ਹਾਜ਼ਰ ਸਨ।

# ਪੇਂਡੂ ਚੌਕੀਦਾਰਾ ਦੀਆਂ ਹੱਕੀ ਮੰਗਾਂ ਲਈ ਸੰਘਰਸ਼ ਨੂੰ ਤੇਜ਼ ਕਰਨਾ ਲਈ 11 ਫਰਵਰੀ ਨੂੰ ਮੀਟਿੰਗ ਹੋਵੇਗੀ: ਨੀਲੋਂ/ਮਾਂਝੀ

ਮਾਛੀਵਾੜਾ ਸਾਹਿਬ, 11 ਫਰਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਲਾਲ ਝੰਡਾ ?ਪੇਂਡੂ ਚੌਕੀਦਾਰਾ ਯੂਨੀਅਨ ਪੰਜਾਬ ਸੀਟੂ ਦੇ ਸੂਬਾ ਪ੍ਰਧਾਨ ਪਰਮਜੀਤ ਸਿੰਘ ਨੀਲੋਂ ਅਤੇ ਆਜ਼ਾਦ ਪੇਂਡੂ ਚੌਕੀਦਾਰਾਂ ਵੇਲਫੇਅਰ ਐਸੋਸੀਏਸ਼ਨ ਪੰਜਾਬ ਦੇ ਸੂਬਾ ਸਤਿਗੁਰੂ ਸਿੰਘ ਮਾਝੀ ਨੇ ਸਾਂਝੇ ਤੌਰ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਪੇਂਡੂ ਚੌਕੀਦਾਰਾ ਦੀਆਂ ਚਿਰਾਂ ਹੱਕੀ ਮੰਗਾਂ ਲਈ ਦੋਵਾਂ ਜਥੇਬੰਦੀਆਂ ਵੱਲੋਂ ਪੰਜਾਬ ਭਰ ਵਿੱਚ ਸੰਘਰਸ਼ ਨੂੰ ਤੇਜ਼ ਕਰਨਾ ਲਈ 11 ਫਰਵਰੀ ਨੂੰ ਡੀ.ਸੀ. ਦਫ਼ਤਰ ਲੁਧਿਆਣਾ ਦੇ ਪਟਵਾਰ ਪਾਰਕ ਵਿੱਚ ਮੀਟਿੰਗ ਕੀਤੀ ਜਾਵੇਗੀ। ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਮਾਲ ਮੰਤਰੀ ਬ੍ਰਹਮ ਸੰਕਰ ਜਿੰਪਾ ਅਤੇ ਐੱਫ.ਸੀ.ਆਰ. ਪੰਜਾਬ ਵਲੋਂ ਵਾਰ-ਵਾਰ ਮੀਟਿੰਗਾਂ ਕਰਕੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।ਮਾਲ ਮੰਤਰੀ ਬ੍ਰਹਮ ?ਸੰਕਰ ਜਿੰਪਾ ਅਤੇ ਐੱਫ.ਸੀ. ਆਰ. ਪੰਜਾਬ ਸਿਨਹਾ ਤੁਹਾਡੀਆਂ ਮੰਗਾਂ ਸਬੰਧੀ ਪ੍ਰੋਪੋਜ਼ਲ ਬਣਕੇ ਖਜ਼ਾਨਾ ਮੰਤਰੀ ਨੂੰ ਮਨਜ਼ੂਰੀ ਲਈ ਭੇਜੀ ਗਈ ਹੈ। ਆਗੂਆਂ ਵੱਲੋਂ ਕਾਈ? ਮਾਲ ਮੰਤਰੀ ਅਤੇ ਐੱਫ.ਸੀ.ਆਰ. ਪੰਜਾਬ ਨੇ ਮੀਟਿੰਗਾ ਕਰਕੇ ਜਾਣੂੰ ਕਰਵਾਇਆ ਗਿਆ।ਅਜੇ ਤੱਕ ਮੰਗਾਂ ਸਬੰਧੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ। ਦੋਹਾਂ ਯੂਨੀਅਨ ਵੱਲੋਂ ਪੰਜਾਬ ਆਗੂਆਂ ਦੀ ਮੀਟਿੰਗ ਕਰਕੇ ਪੰਜਾਬ ਸਰਕਾਰ ਵਿਰੁੱਧ ਜ਼ਿਲ੍ਹਾਂ ਪੱਧਰੀ ਧਰਨੇ ਮੁਜ਼ਾਹਰੇ ਕੀਤੇ ਜਾਣਗੇ। ਦੋਹਾਂ ਯੂਨੀਅਨ ਦੇ ਪੰਜਾਬ ਭਰ ਦੇ ਆਹੁਦੇਦਾਰਾਂ ਨੂੰ 11 ਫਰਵਰੀ ਨੂੰ ਡੀ.ਸੀ ਦਫ਼ਤਰ ਲੁਧਿਆਣਾ ਦੇ ਪਟਵਾਰ ਪਾਰਕ ਵਿੱਚ ਸਵੇਰ 10 ਵਜੇ ਪਹੁੰਚਣ। ਇਸ ਸਮੇਂ ਲਾਲ ਝੰਡਾ ਪੇਂਡੂ ਚੌਕੀਦਾਰਾ ਯੂਨੀਅਨ ਪੰਜਾਬ ਸੀਟੂ ਦੇ ਚਰਨ ਸਿੰਘ ਸੰਗੋਵਾਲ ਸੀਨੀਅਰ ਮੀਤ ਪ੍ਰਧਾਨ ਪੰਜਾਬ, ਬਲਵੀਰ ਸਿੰਘ ਜੋੜਾਂ ਮੀਤ ਪ੍ਰਧਾਨ ਪੰਜਾਬ, ਦੇਵੀ ਦਾਸ ਮਿਆਣੀ ?ਜਨਰਲ ਸੈਕਟਰੀ ਪੰਜਾਬ, ਸੁਰਿੰਦਰ ਸਿੰਘ ਨੰਗਲ ਕਲਾਲਾ ਪ੍ਰੈਸ ਸਕੱਤਰ ਪੰਜਾਬ, ਗਰੀਬ ਸਿੰਘ ਪੈਨਚਾ ਕੈਸ਼ੀਅਰ ਪੰਜਾਬ, ਜਸਦੇਵ ਸਿੰਘ ਜੱਸੀ, ਸਕੱਤਰ ਪੰਜਾਬ, ਤਰਸੇਮ ਸਿੰਘ ਗਗੜਭਾਣਾ, ਨਥਾ? ਸਿੰਘ ਬੱਲ ਹਰਦੇਵ ਸਿੰਘ ਨਿਜ਼ਾਮਪੁਰ, ਚੇਅਰਮੈਨ ਅਮਰਜੀਤ ਸਿੰਘ, ਰਛਪਾਲ ਸਿੰਘ ਬੰਡਰਸੋ ਮੀਤ ਪ੍ਰਧਾਨ, ਰਘਬੀਰ ਸਿੰਘ ਕਿਸ਼ਨਪੁਰਾ ਮੀਤ ਪ੍ਰਧਾਨ ਪੰਜਾਬ, ਆਜ਼ਾਦ ਪੇਂਡੂ ਚੌਕੀਦਾਰਾਂ ਵੇਲਫੇਅਰ ਐਸੋਸੀਏਸ਼ਨ ਪੰਜਾਬ ਅਮਰਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਮੀਤ ਪ੍ਰਧਾਨ ਪਾਲ ਸਿੰਘ ਅਰਨੋ, ਚਰਨਾਂ ਸਿੰਘ ਬੱਲਰੇ ਖਜ਼ਾਨਚੀ ਪੰਜਾਬ, ਰਾਮ ਲਾਲ ਜਸਵੰਤ ਸਿੰਘ ਪੱਕਾ ਆਦਿ ਹਾਜ਼ਰ ਸਨ।





# ਸਿਹਤ ਖਜ਼ਾਨਾ





# ਕ੍ਰੈਸ਼ ਡਾਇਟਿੰਗ

ਅੱਜਕਲ ਸੁੰਦਰਤਾ ਅਤੇ ਫਿੱਟਨੈਸ ਦੇ ਤੈਅ ਹੋ ਰਹੇ ਗੈਰ-ਵਿਹਾਰਕ ਮਾਪਦੰਡਾਂ ਕਾਰਨ ਵੱਧ ਤੋਂ ਵੱਧ ਔਰਤਾਂ ਕ੍ਰੈਸ਼ ਡਾਇਡਟੰਗ ਨੂੰ ਅਪਣਾਉਣ ਲੱਗੀਆਂ ਹਨ। ਇਸ ’ਚ ਕਈ ਤਾਂ ਅਜਿਹੀਆਂ ਵੀ ਹਨ, ਜਿਨ੍ਹਾਂ ਨੂੰ ਬਿਲਕੁਲ ਵੀ ਮੋਟਾਪਾ ਨਹੀਂ ਹੈ। ਉਹ ਮਾਡਲਸ ਅਤੇ ਫਿਲਮੀ ਸਿਤਾਰਿਆਂ ਨੂੰ ਦੇਖ ਕੇ ਉਨ੍ਹਾਂ ਵਰਗੀ ਫਿੱਗਰ ਪ੍ਰਾਪਤ ਕਰਨ ਦੀ ਲਾਲਸਾ ’ਚ ਕ੍ਰੈਸ਼ ਡਾਇਟਿੰਗ ਦੀ ਪਾਲਣਾ ਕਰਨ ਲੱਗਦੀਆਂ ਹਨ।

ਪਤਲੀ ਫਿੱਗਰ ਦੀ ਲਾਲਸਾ ’ਚ ਕਈ ਮੁਟਿਆਰਾਂ ਸਾਰੀਆਂ ਹੱਦਾਂ ਪਾਰ ਕਰ ਕੇ ਡਾਈਟ ਲਿਸ ਦੀ ਵਰਤੋਂ ਅਤੇ ਭਾਰ ਘੱਟ ਕਰਨ ਦੀਆਂ ਗੈਰ-ਸਿਹਤਮੰਦ ਵਿਧੀਆਂ ਜਿਵੇਂ ਉਲਟੀ ਕਰਨ, ਲੈਕਸੇਟਿਵਸ ਦੀ ਵਰਤੋਂ ਅਤੇ ਖਾਣਾ ਨਾ ਖਾਣ ਵਰਗੇ ਉਪਾਅ ਅਪਣਾਉਣ ਲੱਗੀਆਂ ਹਨ। ਇਸ ਤਰ੍ਹਾਂ ਕ੍ਰੈਸ਼ ਡਾਇਟਿੰਗ ਕਰਨਾ ਇਕ ‘ਟਾਈਮ ਬੰਬ’ ਸਿੱਧ ਹੁੰਦਾ ਹੈ, ਜੋ ਕੁਝ ਦੇਰ ਪਿੱਛੋਂ ਐਨੋਰੈਕਸੀਆ, ਬੁਲੀਮੀਆ, ਲਿਵਰ ਅਤੇ ਕਿਡਨੀ ਦੀ ਖਰਾਬੀ ਵਰਗੇ ਗੰਭੀਰ ਰੋਗਾਂ ਨੂੰ ਜਨਮ ਦੇ ਸਕਦੇ ਹਨ।

ਫਿੱਟਨੈਸ ਮਾਹਿਰਾਂ ਦਾ ਕਹਿਣੈ ਕਿ ਕਈ ਔਰਤਾਂ ਜਦੀ ਸਭ ਤੋਂ ਵੱਡੀ ਗਲਤੀ ਜ਼ੀਰੋ ਫਿੱਗਰ ਜਾਂ ਪਤਲੇਪਣ ਨੂੰ ਤੰਦਰੁਸਤੀ ਦਾ ਸੰਕੇਤ ਮੰਨਣਾ ਹੈ।

ਸਾਈਜ਼ ਜ਼ੀਰੋ ਦੀ ਸੱਚਾਈ

ਪਿਛਲੇ ਕੁਝ ਸਮੇਂ ਤੋਂ ਸਾਈਜ਼ ਜ਼ੀਰੋ ਦੀ ਚਰਚਾ ਹੋਣ ਲੱਗੀ ਹੈ। ਔਰਤਾਂ ਸਾਈਜ਼ ਜ਼ੀਰੋ ਪ੍ਰਤੀ ਇਹ ਸੋਚ ਕੇ ਆਕਰਸ਼ਿਤ ਹੁੰਦੀਆਂ ਹਨ ਕਿ ਇਸ ਨਾਲ ਉਹ ਵਧੇਰੇ ਸੁੰਦਰ, ਆਕਰਸ਼ਕ, ਤੰਦਰੁਸਤ ਅਤੇ ਖੁਸ਼ ਰਹਿ ਸਕਦੀਆਂ ਹਨ। ਇਸ ਦੇ ਉਲਟ ਜਦੋਂ ਸਾਈਜ਼ ਜ਼ੀਰੋ ਦੀ ਇੱਛਾ ’ਚ ਕੁਝ ਵੀ ਖਾਣ ਤੋਂ ਪਹਿਲਾਂ ਕੈਲੋਰੀ ਦੀ ਚਿੰਤਾ ਦਿਮਾਗ ’ਚ ਖਟਕਣ ਲੱਗੇ ਤਾਂ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਸੱਚਾਈ ’ਤੇ ਧਿਆਨ ਦੇਣਾ ਸ਼ੁਰੂ ਕਰ ਦੇਣ। ਇਹ ਸੰਕੇਤ ਹਨ ਕਿ ਉਨ੍ਹਾਂ ਨੂੰ ਤੁਰੰਤ ਡਾਇਟਿੰਗ ਬੰਦ ਕਰਕੇ ਆਪਣੇ ਸਰੀਰ ਨੂੰ ਜ਼ਰੂਰੀ ਰਾਹਤ ਦੇਣੀ ਚਾਹੀਦੀ ਹੈ।

ਲੱਛਣ

ਵਾਲਾਂ ਦਾ ਝੜਨਾ : ਖੁਰਾਕ ’ਚ ਭੋਜਨ ਦੀ ਕਮੀ ਹੋਣ ਜਾਂ ਆਪਣੀ ਖੁਰਾਕ ’ਚ ਬੇਹੱਦ ਤਬਦੀਲੀ ਕਰਨ ’ਤੇ ਇਸ ਦਾ ਅਸਰ ਵਾਲਾਂ ਦੇ ਝੜਣ ਦੇ ਰੂਪ ’ਚ ਸਾਹਮਣੇ ਆ ਸਕਦਾ ਹੈ।

ਬੁਢਾਪੇ ਦੇ ਲੱਛਣ : ਕ੍ਰੈਸ਼ ਡਾਇਟਿੰਗ ਬੁਢਾਪਾ ਆਉਣ ਦੀ ਰਫ਼ਤਾਰ ਵਧਾ ਦਿੰਦਾ ਹੈ, ਜਿਸ ਦੇ ਲੱਛਣਾਂ ’ਚ ਚਮੜੀ ਦਾ ਢਿਲਕਣਾ, ਚਮੜੀ ’ਤੇ ਰੇਖਾਵਾਂ ਅਤੇ ਝੁਰੜੀਆਂ ਦਾ ਉਭਰਨਾ ਆਦਿ ਸ਼ਾਮਲ ਹਨ।

ਡੀਹਾਈਡ੍ਰੇਸ਼ਨ : ਪਾਣੀ ਦੀ ਲੋੜੀਂਦੀ ਮਾਤਰਾ ਦੀ ਕਮੀ ਜਾਂ ਕਾਰਬੋਹਾਈਡ੍ਰੇਟਸ ਜਾਂ ਚਿਕਨਾਈ ’ਤੇ ਬਹੁਤ ਕੰਟਰੋਲ ਰੱਖਣ ਨਾਲ ਸਰੀਰ ’ਚ ਡੀਹਾਈਡ੍ਰੇਸ਼ਨ ਹੋ ਸਕਦਾ ਹੈ। ਇਸ ਨਾਲ ਦਿਲ ਜਾਂ ਗੁਰਦੇ ਜਵਾਬ ਦੇ ਸਕਦੇ ਹਨ। ਅਟੈਕ ਜਾਂ ਦਿਮਾਗ ਨੂੰ ਕਿਸੇ ਕਿਸਮ ਦੇ ਨੁਕਸਾਨ ਨਾਲ ਮੌਤ ਵੀ ਹੋ ਸਕਦੀ ਹੈ।



ਕਬਜ਼ : ਜਦੋਂ ਭੋਜਨ ਦੀ ਮਾਤਰਾ ’ਚ ਕਮੀ ਹੋਵੇਗੀ ਤਾਂ ਯਕੀਨਨ ਸਰੀਰ ’ਚ ਹਾਜਤ ਮਹਿਸੂਸ ਕਰਨ ਯੋਗ ਲੋੜੀਂਦੀ ਮਾਤਰਾ ’ਚ ਬੇਕਾਰ ਪਦਾਰਥ ਨਹੀਂ ਹੋਣਗੇ, ਜਿਸ ਨਾਲ ਗੰਭੀਰ ਕਬਜ਼ ਦੀ ਸਮੱਸਿਆ ਪੈਦਾ ਹੋ ਸਕਦੀ ਹੈ।

ਤਣਾਅ : ‘ਬੀ’ ਕੰਪਲੈਕਸ ਅਤੇ ‘ਸੀ’ ਵਿਟਾਮਿਨ ਅਤੇ ਖਣਿਜਾਂ ਦੀ ਕਮੀ ਨਾਲ ਵਿਅਕਤੀ ਤਣਾਅ ਦਾ ਸ਼ਿਕਾਰ ਹੋ ਸਕਦਾ ਹੈ।

ਭਾਰ ਵਧਣਾ : ਭਾਵੇਂ ਤੁਸੀਂ ਕ੍ਰੈਸ਼ ਡਾਇਟਿੰਗ ਕਰ ਰਹੇ ਹੋਵੋ ਪਰ ਇਕ ਹੱਣ ਪਾਰ ਕਰਨ ਪਿੱਛੋਂ ਸਰੀਰ ਦਾ ਭਾਰ ਘੱਟ ਹੋਣ ਦੀ ਬਜਾਏ ਕ੍ਰੈਸ਼ ਡਾਇਟਿੰਗ ਕਾਰਨ ਹੀ ਵਧਣਾ ਸ਼ੁਰੂ ਹੋ ਸਕਦਾ ਹੈ।

ਹੋਰ ਲੱਛਣ : ਮਾਹਵਾਰੀ ਦੀ ਅਨਿਯਮਿਤ ਹੋਣਾ, ਆਸਟੀਓਪੋਰੋਸਿਸ, ਮਾਸਪੇਸ਼ੀਆਂ ਅਤੇ ਕੋਸ਼ਿਕਾਵਾਂ ਨੂੰ ਨੁਕਸਾਨ, ਕੁਪੋਸ਼ਣ ਆਦਿ।

ਕ੍ਰੈਸ਼ ਡਾਇਟਿੰਗ ਦੀ ਆਦਤ ਤੋਂ ਬਾਅਦ : ਇਕ ਵਾਰ ਕ੍ਰੈਸ਼ ਡਾਇਟਿੰਗ ਦੀ ਆਦਤ ਪੈ ਜਾਣ ਪਿੱਛੋਂ ਇਸ ’ਤੇ ਕਾਬੂ ਕਰਨ ਲਈ ਕਾਫੀ ਮਿਹਨਤ ਕਰਨੀ ਪੈ ਸਕਦੀ ਹੈ। ਅਸਾਨੀ ਨਾਲ ਡਾਇਟਿੰਗ ਬੰਦ ਕਰਕੇ ਸਧਾਰਨ ਖੁਰਾਕ ਲੈਣੀ ਸ਼ੁਰੂ ਕਰਨਾ ਸੰਭਵ ਨਹੀਂ ਹੋ ਸਕਦਾ। ਭਾਰ ਘਟਾਉਣ ਨੂੰ ਜੀਵਨ ਸ਼ੈਲੀ ’ਚ ਤਬਦੀਲੀ ਸਮਝੋ, ਨਾ ਕਿ ਖੁਰਾਕ ’ਚ ਤਬਦੀਲੀ ਕਿਉਂਕਿ ਕੋਈ ਵੀ ਸਾਰੀ ਜ਼ਿੰਦਗੀ ਤਾਂ ਡਾਇਟਿੰਗ ਨਹੀਂ ਕਰ ਸਕਦਾ।

ਸਹੀ ਖੁਰਾਕ ਯੋਜਨਾ ਉਸ ਨੂੰ ਕਹਾਂਗੇ, ਜਦੋਂ 6 ਦਿਨਾਂ ਤੱਕ ਤੁਸੀਂ ਸੰਤੁਲਿਤ ਭੋਜਨ ਖਾਓ ਅਤੇ ਇਕ ਦਿਨ ਤੁਸੀਂ ਜੋ ਚਾਹੇ ਖਾਓ। ਹੌਲੀ-ਹੌਲੀ ਇਸ ਤਰ੍ਹਾਂ ਤਬਦੀਲੀ ਲਿਆਓ, ਜਿਨ੍ਹਾਂ ਨੂੰ ਤੁਸੀਂ ਸੰਭਾਲ ਸਕੋ। ਆਪਣੀ ਸਿਹਤ ਨੂੰ ਸੁਧਾਰਨ ਲਈ ਤੁਹਾਨੂੰ ਪ੍ਰੈਕਟੀਕਲ ਟੀਚਾ ਮਿੱਥਣਾ ਚਾਹੀਦੈ।

ਸਰੀਰ ਨੂੰ ਤੰਦਰੁਸਤ ਰੱਖਣ ਲਈ ਤੈਅ ਮਾਤਰਾ ’ਚ ਕੈਲੋਰੀਜ਼ ਅਤੇ ਪੋਸ਼ਣ ਦੀ ਲੋੜ ਹੁੰਦੀ ਹੈ। ਇਸ ਤੋਂ ਬਿਨਾਂ ਸਰੀਰ ਨੂੰ ਨੁਕਸਾਨ ਹੋਵੇਗਾ। ਤੰਦਰਸਤ ਰਹਿਣ ਅਤੇ ਭਾਰ ’ਤੇ ਕੰਟਰੋਲ ਲਈ ਤੁਹਾਨੂੰ ਆਪਣੀ ਸਾਰੀ ਜੀਵਨ ਸ਼ੈਲੀ ’ਚ ਤਬਦੀਲੀ ਕਰਨ ਦੀ ਲੋੜ ਹੈ, ਜਿਸ ’ਚ ਸੰਤੁਲਿਤ ਖੁਰਾਕ, ਕਸਰਤ ਅਤੇ ਚੰਗੀਆਂ ਆਦਤਾਂ ਦੀ ਪਾਲਣਾ ਸ਼ਾਮਲ ਹੋਣੀ ਚਾਹੀਦੀ ਹੈ।

ਮਹੱਤਵਪੂਰਨ ਟਿਪਸ

ਸਾਰੇ ਦਿਨ ਦੌਰਾਨ ਥੋੜ੍ਹਾ-ਥੋੜ੍ਹਾ ਕਰਕੇ 5 ਤੋਂ 6 ਵਾਰ ਖਾਓ। ਇਕ ਸਮੇਂ ’ਤੇ ਸਰੀਰ ਨੂੰ ਥੋੜ੍ਹੀ ਊਰਾ ਦੀ ਲੋੜ ਹੁੰਦੀ ਹੈ। ਇਕੋ ਵੇਲੇ ਜ਼ਿਆਦਾ ਖਾਣ ਨਾਲ ਸਰੀਰ ਦੇ ਪਾਚਣ ਤੰਤਰ ’ਤੇ ਦਬਾਅ ਪੈਂਦਾ ਹੈ।

ਪੋਸ਼ਣ ਭਰਪੂਰ ਹਲਕਾ ਭੋਜਨ ਖਾਓ, ਇਸ ਦੇ ਲਈ ਨਿਊਟ੍ਰੀਸ਼ਨਿਸਟ ਦੀ ਸਲਾਹ ਲਓ ਅਤੇ ਨਾਕਾਰਾਤਮਕ ਵਿਚਾਰਾਂ ’ਤੇ ਕਾਬੂ ਕਰੋ। ਸ਼ੀਸ਼ੇ ’ਚ ਦੇਖਦਿਆਂ ਅਤੇ ਸਰੀਰ ਦੀਆਂ ਖੂਬੀਆਂ ’ਤੇ ਗੌਰ ਕਰੋ ਨਾ ਕਿ ਕਮੀਆਂ ’ਤੇ।



# ਚੰਗੀ ਸਿਹਤ ਦੀ ਲੋੜ ਹੈ ਸੋਇਆਬੀਨ

ਸਾਡੇ ਖਾਣ-ਪੀਣ ਨਾਲ ਸਾਡੀ ਸਿਹਤ ਪ੍ਰਭਾਵਿਤ ਹੁੰਦੀ ਹੈ। ਗਲਤ ਖਾਣ-ਪੀਣ ਕਾਰਨ ਪਿਛਲੇ ਕੁਝ ਸਮੇਂ ’ਚ ਦਿਲ ਦੇ ਰੋਗ, ਸ਼ੂਗਰ, ਕੈਂਸਰ ਆਦਿ ਰੋਗਾਂ ਤੋਂ ਪੀੜਤ ਮਰੀਜ਼ਾਂ ਦੀ ਗਿਣਤੀ ਵਧੀ ਹੈ। ਇਸ ਕਾਰਨ ਅੱਜ ਹਰ ਵਿਅਕਤੀ ਆਪਣੀ ਖੁਰਾਕ ਪ੍ਰਤੀ ਸੁਚੇਤ ਹੈ।

ਅਸੀਂ ਆਪਣੇ ਭੋਜਨ ’ਚ ਕੀ ਸ਼ਾਮਲ ਕਰੀਏ, ਕੀ ਨਾ, ਇਸ ਬਾਰੇ ਲੋਕਾਂ ’ਚ ਜਿਗਿਆਸ ਵੀ ਵਧੀ ਹੈ। ਵੱਖ-ਵੱਖ ਖੋਜਾਂ ਦੇ ਨਤੀਜੇ ਵਜੋਂ ਇਹ ਸਾਹਮਣੇ ਆਇਆ ਹੈ ਕਿ ਸੋਇਆਬੀਨ ਅਤੇ ਹੋਰ ਸੋਇਆ ਖਾਧ ਪਦਾਰਥਾਂ ਨੂੰ ਆਪਣੀ ਖੁਰਾਕ ’ਚ ਸ਼ਾਮਲ ਕਰਕੇ ਅਸੀਂ ਸਿਹਤ ਸਬੰਧੀ ਬਹੁਤ ਸਾਰੇ ਲਾਭ ਪ੍ਰਾਪਤ ਕਰ ਸਕਦੇ ਹਾਂ। ਸੋਇਆਬੀਨ ਸ਼ਾਕਾਹਾਰੀ ਖਾਧ ਪਦਾਰਥਾਂ ’ਚੋਂ ਸਭ ਤੋਂ ਵਧੇਰੇ ਪ੍ਰੋਟੀਨ ਭਰਪੂਰ ਪਦਾਰਥ ਹੈ। ਪ੍ਰੋਟੀਨ ਸਾਡੇ ਸਰੀਰ ਦੀ ਪਹਿਲੀ ਲੋੜ ਹੈ। ਇਹ ਸਰੀਰ ’ਚ ਵੱਖ-ਵੱਖ ਕਿਰਿਆਵਾਂ ਕਰਦਾ ਹੈ। ਸੋਇਆਬੀਨ ਕਾਰਬੋਹਾਈਡ੍ਰੇਟ, ਫਾਈਬਰ, ਵਿਟਾਮਿਨ, ਆਇਰਨ ਅਤੇ ਖਣਿਜ ਲੂਣਾਂ ਦੀ ਵੀ ਚੰਗਾ ਸਰੋਤ ਹੈ। ਵੱਖ-ਵੱਖ ਖੋਜਾਂ ਤੋਂ ਇਹ ਪਤਾ ਲੱਗਾ ਹੈ ਕਿ ਸੋਇਆ ਦਿਲ ਸਬੰਧੀ ਰੋਗਾਂ ਦੀ ਸੰਭਾਵਨਾ ਨੂੰ ਦੂਰ ਕਰਦਾ ਹੈ। ਜਿਹੜੇ ਦੇਸ਼ਾਂ ’ਚ ਸੋਇਆ ਦੀ ਬਹੁਤੀ ਵਰਤੋਂ ਕੀਤੀ ਜਾਂਦੀ ਹੈ, ਉਥੇ ਦਿਲ ਸਬੰਧੀ ਰੋਗੀਆਂ ਦੀ ਗਿਣਤੀ ਨਾਂਹ ਦੇ ਬਰਾਬਰ ਦੇਖੀ ਗਈ ਹੈ।

ਇਹੀ ਨਹੀਂ, ਕੋਲੈਸਟ੍ਰਾਲ ਦੇ ਪੱਧਰ ’ਚ 25 ਫੀਸਦੀ ਕਮੀ ਲਿਆਉਂਦੀ ਹੈ। ਸੋਇਆ ਖਾਧ ਪਦਾਰਥ ਕੋਲੈਸਟ੍ਰਾਲ ਰਹਿਤ ਹੁੰਦੇ ਹਨ। ਸੋਇਆ ਪ੍ਰੋਟੀਨ ’ਚ ਉਹ ਸਾਰੇ ਅਮੀਨੋ ਐਸਿਡ ਵੀ ਹੁੰਦੇ ਹਨ, ਜਿਨ੍ਹਾਂ ਦੀ ਸਾਡੇ ਸਰੀਰ ਨੂੰ ਲੋੜ ਹੁੰਦੀ ਹੈ। ਇਹ ਨੈਚੁਰਲ ਐਂਟੀ ਆਕਸੀਡੈਂਟ ਦਾ ਵਧੀਆ ਸ੍ਰੋਤ ਹੈ।

ਸੋਇਆਬੀਨ ’ਚ ਚੰਗੀ ਕਿਸਮ ਦੇ ਪ੍ਰੋਟੀਨ ਦੀ ਮਾਤਰਾ ਪਾਈ ਜਾਂਦੀ ਹੈ। ਮੀਟ ਅਤੇ ਡੇਅਰੀ ਉਤਪਾਦਾਂ ’ਚ ਵੀ ਪ੍ਰੋਟੀਨ ਦੀ ਵਧੀਆ ਮਾਤਰਾ ਪਾਈ ਜਾਂਦੀ ਹੈ ਪਰ ਉਹ ਕੋਲੈਸਟ੍ਰਾਲ ਅਤੇ ਚਿਕਨਾਈ ਨਾਲ ਭਰੇ ਹੁੰਦੇ ਹਨ ਅਤੇ ਕੋਲੈਸਟ੍ਰਾਲ ਤੇ ਚਿਕਨਾਈ ਦੀ ਵਰਤੋਂ ਸਿਹਤ ਲਈ ਲਾਭਦਾਇਕ ਨਹੀਂ। ਸੋਇਆ ਦੀ ਖਾਸੀਅਤ ਇਹੀ ਹੈ ਕਿ ਇਸ ’ਚ ਕੋਲੈਸਟ੍ਰਾਲ ਅਤੇ ਚਿਕਨਾਈ ਸਿਫਰ ਹੁੰਦੀ ਹੈ, ਇਸ ਲਈ ਇਹ ਕੋਈ ਅਸੰਤੁਲਨ ਪੈਦਾ ਨਹੀਂ ਕਰਦਾ।

ਇਸ ਤੋਂ ਇਲਾਵਾ ਸੋਇਆ ’ਚ ਫਾਇਟੋਕੈਮਿਕ ਕੰਪਾਊਂਡ ਆਈਸੋਫਲੇਵੋਨੋਇਡਸ ਦੀ ਵੀ ਖਾਸੀ ਮਾਤਰਾ ਪਾਈ ਜਾਂਦੀ ਹੇ। ਸੋਇਆ ਆਈਸੋਫਲੇਵੋਨਾਇਡਸ ਛਾਤੀ ਦੇ ਕੈਂਸਰ ਦੀ ਸੰਭਾਵਨਾ ਨੂੰ ਘੱਟ ਕਰਦੇ ਹਨ ਕਿਉਂਕਿ ਇਹ ਹਾਰਮੋਨ ਐਸਟ੍ਰੋਜਨ ਦੇ ਪੱਧਰ ਨੂੰ ਘੱਟ ਕਰਦਾ ਹੈ।

ਇਸ ਐਸਟ੍ਰੋਜਨ ਹਾਰਮੋਨ ਦਾ ਵਧੇਰੇ ਔਰਤਾਂ ’ਚ ਛਾਤੀਆਂ ਦੇ ਕੈਂਸਰ ਦਾ ਕਾਰਨ ਬਣਦਾ ਹੈ। ਇਕ ਖੋਜ ਮੁਤਾਬਿਕ ਸੋਇਆ ਦੀ ਵਰਤੋਂ ਛਾਤੀਆਂ ਦੇ ਕੈਂਸਰ ਦੀ ਸੰਭਾਵਨਾ ਨੂੰ 50 ਫੀਸਦੀ ਘੱਟ ਕਰਦੀ ਹੈ।

ਔਰਤਾਂ ’ਚ ਮੇਨੋਰਾਜ਼ ਵੇਲੇ ਬਹੁਤ ਸਾਰੇ ਅਸਧਾਰਨ ਲੱਛਣ ਜਿਵੇਂ ਪਸੀਨਾ ਵਧੇਰੇ ਆਉਣਾ ਆਦਿ ’ਚ ਵੀ ਸੋਇਆ ਦੀ ਵਰਤੋਂ ਨਾਲ ਲਾਭ ਮਿਲਦਾ ਹੈ। ਚੀਨ ਅਤੇ ਜਾਪਾਨ ’ਚ ਜਿੱਥੇ ਸੋਇਆ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ, ਉਥੋਂ ਦੀਆਂ ਔਰਤਾਂ ਨੂੰ ਮੇਨੋਪਾਜ਼ ਦੌਰਾਨ ਅਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

ਹੱਡੀਆਂ ਦੀ ਤੰਦਰੁਸਤੀ ਲਈ ਵੀ ਸੋਇਆ ਦੀ ਵਰਤੋਂ ਲਾਭਦਾਇਕ ਹੈ। ਸੋਇਆ ਪ੍ਰੋਟੀਨ ਖੂਨ ’ਚ ਸ਼ੂਗਰ ਦੇ ਪੱਧਰ ਨੂੰ ਵੀ ਕੰਟਰੋਲ ’ ਰੱਖਦਾ ਹੈ, ਇਸ ਲਈ ਸ਼ੂਗਰ ਤੋਂ ਵੀ ਸੁਰੱਖਿਆ ਦਿੰਦਾ ਹੈ।

ਸੋਇਆਬੀਨ ਦੇ ਵੱਖ-ਵੱਖ ਉਤਪਾਦ ਬਾਜ਼ਾਰ ’ਚ ਮੌਜੂਦ ਹਨ। ਬੇਕਰੀ ਪਦਾਰਥਾਂ ’ਚ ਸੋਇਆਬੀਨ ਦੇ ਆਟੇ ਦੀ ਵਰਤੋਂ ਕੀਤੀ ਜਾਂਦੀ ਹੈ। ਸੋਇਆਬੀਨ ਦੁੱਧ, ਸੋਇਆਬੀਨ ਦਾ ਤੇਲ, ਨਿਊਟ੍ਰੀ ਨਗੇਟ, ਸੋਇਆ ਨਟਸ ਆਦਿ ਕਈ ਉਤਪਾਦ ਹਨ, ਜਿਨ੍ਹਾਂ ਦੀ ਵਰਤੋਂ ਨਾਲ ਪੌਸ਼ਟਿਕਤਾ ਮਿਲਦੀ ਹੈ। ਮਾਹਿਰਾਂ ਮੁਤਾਬਿਕ ਰੋਜ਼ਾਨਾ 25 ਗ੍ਰਾਮ ਸੋਇਆ ਪ੍ਰੋਟੀਨ ਦੀ ਮਾਤਰਾ ਦੀ ਵਰਤੋਂ ਸਿਹਤ ਲਈ ਚੰਗੀ ਹੁੰਦੀ ਹੈ।

– ਐਸ. ਮਲਹੋਤਰਾ

# ਸਮਰ ਹੈਲਥ ਕੇਅਰ ਟਿਪਸ

ਪਸੀਨੇ ਦੀ ਬਦਬੂ ਤੋਂ ਬਚਾਅ

- ਗਰਮੀਆਂ ’ਚ ਘੱਟੋ-ਘੱਟ ਦਿਨ ’ਚ ਦੋ ਵਾਰ ਇਸ਼ਨਾਨ ਕਰੋ।
- ਪਸੀਨੇ ਦੇ ਕੀਟਾਣੂ ਦੂਰ ਕਰਨ ਲਈ ਮੈਡੀਕੇਟਿਡ ਸਾਬਣ ਦੀ ਵਰਤੋਂ ਕਰੋ।
- ਨਹਾਉਣ ਪਿੱਛੋਂ ਤੋਲੀਏ ਨਾਲ ਸਰੀਰ ਨੂੰ ਚੰਗੀ ਤਰ੍ਹਾਂ ਸੁਕਾ ਕੇ ਵਧੀਆ ਜਿਹਾ ਟੈਲਕਮ ਪਾਊਡਰ ਪਾਓ ਜਾਂ ਡਿਓ ਲਗਾਓ।
- ਆਪਣੇ ਖਾਣ-ਪੀਣ ਤੇ ਸਾਫ-ਸਫਾਈ ਦਾ ਪੂਰਾ ਧਿਆਨ ਰੱਖੋ।
- ਵਾਲਾਂ ’ਚ ਪਸੀਨੇ ਨਾਲ ਗੰਦਗੀ ਅਤੇ ਜੂੰਆਂ ਦਾ ਵਾਸ ਹੁੰਦਾ ਹੈ, ਇਸ ਲਈ ਹਫ਼ਤੇ ’ਚ 3-4 ਵਾਰ ਵਾਲਾਂ ’ਚ ਸ਼ੈਂਪੂ ਜ਼ਰੂਰ ਲਗਾਓ। ਦਿਮਾਗ ਠੰਡਾ ਰੱਖਣ ਲਈ ਵਾਲਾਂ ’ਚ ਮਹਿੰਦੀ ਦਾ ਲੇਪ ਲਗਾਓ।
- ਨਹਾਉਣ ਤੋਂ ਪਹਿਲਾਂ ਪਾਣੀ ਦੀ ਬਾਲਟੀ ’ਚ ਗੁਲਾਬ ਜਲ, ਨਿੰਬੂ ਦਾ ਰਸ ਜਾਂ ਗੁਲਾਬ ਦੀਆਂ ਤਾਜ਼ਾ ਪੱਤੀਆਂ ਪਾਓ। ਨਹਾਉਣ ਪਿੱਛੋਂ ਤੁਸੀਂ ਖੁਦ ਨੂੰ ਸਾਰਾ ਦਿਨ ਤਰੋ-ਤਾਜ਼ਾ ਮਹਿਸੂਸ ਕਰੋਗੇ।

ਧੁੱਪ ਨਾਲ ਅੱਖਾਂ ’ਚ ਜਲਣ

- ਰੂੰ ਦੇ ਤੂੰਬੇ ਨੂੰ ਠੰਡੇ ਦੁੱਧ ’ਚ ਭਿਓਂ ਕੇ ਅੱਖਾਂ ’ਤੇ ਰੱਖੋ।
- ਦੁੱਧ ਦੀ ਠੰਡੀ ਮਲਾਈ ਦਾ ਅੱਖਾਂ ’ਤੇ ਲੇਪ ਕਰਨ ਨਾਲ ਠੰਡਕ ਮਿਲਦੀ ਹੈ।
- ਗੁਲਾਬ ਜਲ ’ਚ ਭਿੱਜੇ ਰੂੰ ਦੇ ਤੂੰਬੇ ਅੱਖਾਂ ’ਤੇ ਰੱਖੋ।
- ਠੰਡਕ ਵਾਲੀ ਥਾਂ ’ਤੇ ਥੋੜ੍ਹੀ ਦੇਰ ਅੱਖਾਂ ਬੰਦ ਕਰਕੇ ਲੇਟ ਜਾਓ ਅਤੇ ਬਰਫ ਦੇ ਪਾਣੀ ਦੀ ਪੱਟੀ ਮੱਥੇ ਦੇ ਨਾਲ-ਨਾਲ ਅੱਖਾਂ ’ਤੇ ਰੱਖੋ।

ਲੂ ਲੱਗਣ ’ਤੇ

- ਇਮਲੀ ਨੂੰ ਉਬਾਲ ਕੇ ਪੁਣ ਲਓ, ਉਸ ’ਚ ਲੋੜ ਮੁਤਾਬਿਕ ਖੰਡ, ਕਾਲੀ ਮਿਰਚ ਦਾ ਪਾਊਡਰ, ਭੁੰਨਿਆ ਜੀਰਾ ਪੀਸ ਕੇ ਪਾ ਕੇ ਚੱਮਚ ਨਾਲ ਚੰਗੀ ਤਰ੍ਹਾਂ ਘੋਲ ਲਓ, ਚਾਹੋ ਤਾਂ ਬਰਫ ਪਾ ਕੇ ਠੰਡਾ ਕਰ ਲਓ ਅਤੇ ਪੀਓ।
- ਕੱਚੇ ਅੰਬ ਦਾ ਪੰਨਾ ਪੀਓ, ਇਸ ਦੇ ਲਈ ਕੱਚੇ ਅੰਬ ਉਬਾਲ ਲਓ। ਛਿਲਕਾ ਲਾਹ ਕੇ ਗੁੱਦੇ ’ਚ ਠੰਡਾ ਪਾਣੀ, ਖੰਡ, ਪੁਦੀਨੇ ਦੇ ਪੱਤੇ, ਕਾਲਾ ਨਮਕ, ਪੀਸੀ ਕਾਲੀ ਮਿਰਚ ਪਾ ਕੇ ਮਿਕਸੀ ’ਚ ਬਲੈਂਡ ਕਰ ਲਓ ਅਤੇ ਪੀਓ। ਇਹ ਸੁਆ ’ਚ ਤਾਂ ਮਜ਼ੇਦਾਰ ਹੁੰਦਾ ਹੀ ਹੈ ਪਰ ਇਸ ਦੀ ਰੋਜ਼ਾਨਾ ਵਰਤੋਂ ਸਰੀਰ ’ਚੋਂ ਗਰਮੀ ਨੂੰ ਦੂਰ ਕਰਕੇ ਠੰਡਾ ਰੱਖਦੀ ਹੈ।
- ਪਿਆਜ਼ ਨੂੰ ਭੁੰਨ ਕੇ ਉਸ ’ਚ ਜੀਰੇ ਦਾ ਪਾਊਡਰ ਅਤੇ ਮਿਸ਼ਰੀ ਮਿਲਾ ਕੇ ਖਾਣ ਨਾਲ ਲੂ ਦੂਰ ਹੁੰਦੀ ਹੈ।

ਜਦੋਂ ਨੀਂਦ ਨਾ ਆਵੇ

- ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ ’ਚ ਬਰਫ ਪਾ ਕੇ ਠੰਡਾ ਦੁੱਧ ਪੀਓ।
- ਪੈਰਾਂ ਦੀਆਂ ਤਲੀਆਂ ’ਤੇ ਕੱਦੂ ਦਾ ਲੇਪ ਜਾਂ ਮਹਿੰਦੀ ਦਾ ਲੇਪ ਲਗਾਓ।
- ਸਰ੍ਹੋਂ ਦੇ ਤੇਲ ਨਾਲ ਪੈਰਾਂ ਦੀਆਂ ਤਲੀਆਂ ਦੀ ਮਾਲਸ਼ ਉਦੋਂ ਤੱਕ ਕਰੋ, ਜਦੋਂ ਤੱਕ ਤਲੀਆਂ ’ਚੋਂ ਸੇਕ ਨਾਲ ਨਿਕਲਣ ਲੱਗੇ।
- ਮਨ ’ਚੋਂ ਸਾਰੀਆਂ ਪ੍ਰੇਸ਼ਾਨੀਆਂ ਕੱਢ ਦਿਓ। ਸਿਰ ’ਚ ਕਿਸੇ ਵੀ ਆਯੁਰਵੈਦਿਕ ਤੇਲ ਨਾਲ ਮਾਲਿਸ਼ ਕਰੋ। ਬਾਜ਼ਾਰ ’ਚ ਕਈ ਤਰ੍ਹਾਂ ਦੇ ਤੇਲ ਮੌਜੂਦ ਹਨ, ਜੋ ਤੁਹਾਨੂੰ ਠੰਡਾ-ਠੰਡਾ ਕੂਲ-ਕੂਲ ਰੱਖਦੇ ਹਨ।
- ਕਮਰੇ ਦੀਆਂ ਸਾਰੀਆਂ ਲਾਈਟਾਂ ਆਫ਼ ਕਰ ਦਿਓ ਅਤੇ ਹੌਲੀ ਆਵਾਜ਼ ’ਚ ਆਪਣਾ ਮਨਪਸੰਦ ਮਿਊਜ਼ਿਕ ਸੁਣੋ। ਬਿਸਤਰੇ ’ਤੇ ਹਲਕੇ ਰੰਗ ਦੀ ਸਾਫ ਅਤੇ ਸੂਤੀ ਚਾਦਰ ਵਿਛਾ ਦਿਓ। ਚਾਹੋ ਤਾਂ ਆਪਣੀ ਪਸੰਦ ਦੀ ਮੈਗਜ਼ੀਨ ਪੜ੍ਹੋ। ਨੀਂਦ ਕਦੋਂ ਆਵੇਗੀ, ਪਤਾ ਹੀ ਨਹੀਂ ਲੱਗੇਗਾ।

ਡੀਹਾਈਡ੍ਰੇਸ਼ਨ ਹੋਣ ’ਤੇ

- ਸਾਰੇ ਦਿਨ ’ਚ ਖੂਬ ਸਾਰਾ ਪਾਣੀ ਪੀਓ ਤਾਂ ਕਿ ਜ਼ਹਿਰੀਲੇ ਪਦਾਰਥ ਬਾਹਰ ਨਿਕਲ ਜਾਣ।
- ਜਿੰਨਾ ਹੋ ਸਕੇ ਫਲਾਂ ਦਾ ਜੂਸ, ਨਿੰਬੂ ਦੀ ਸ਼ਿਕੰਜਵੀ, ਲੱਸੀ ਆਦਿ ਪੀਓ।



- ਸਲਾਦ ਨੂੰ ਭੋਜਨ ਦਾ ਅਹਿਮ ਹਿੱਸਾ ਬਣਾਓ ਅਤੇ ਖਾਣੇ ’ਚ ਘੱਟ ਨਮਕ ਵਰਤੋ।
- ਰੇਸ਼ੇਦਾਰ ਅਤੇ ਰਸ ਭਰੇ ਫਲ ਜਿਵੇਂ ਹਦਵਾਣਾ, ਖਰਬੂਜਾ, ਨਾਸ਼ਪਾਤੀ, ਅੰਗੂਰ ਆਦਿ ਖਾਓ।
- ਆਂਵਲਾ, ਚੰਦਨ, ਖਸਖਸ ਅਤੇ ਸਞੰਤੂ ਦਾ ਸ਼ਰਬਤ ਪੀਣ ਨਾਲ ਗਰਮੀਆਂ ’ਚ ਹੋਣ ਵਾਲੀ ਘਬਰਾਹਟ ਤੋਂ ਰਾਹਤ ਮਿਲਦੀ ਹੈ।
- ਬਹੁਤੀ ਦੇਰ ਤੱਕ ਧੁੱਪ ’ਚ ਨਾ ਰਹੋ, ਘਰੋਂ ਬਾਹਰ ਨਿਕਲਣ ਵੇਲੇ ਪਾਣੀ ਪੀ ਕੇ ਨਿਕਲੋ ਅਤੇ ਛੱਤਰੀ ਦੀ ਵਰਤੋਂ ਕਰੋ। – ਸਰਿਤਾ

# ਵਿਟਾਮਿਨ- ਸੀ ਭਰਪੂਰ ਸੰਤਰਾ

ਰਸ ਭਰਪੂਰ ਸੰਤਰੇ ’ਚ ਉਹ ਸਾਰੇ ਜ਼ਰੂਰੀ ਪੌਸ਼ਟਿਕ ਤੱਤ ਪਾਏ ਜਾਂਦੇ ਹਨ, ਜੋ ਬਾਡੀ ਦੀ ਗ੍ਰੋਥ, ਡਿਵੈਲਪਮੈਂਟ ਅਤੇ ਸਿਹਤ ਲਈ ਜ਼ਰੂਰੀ ਹਨ। ਸੰਤਰੇ ਦੀਆਂ ਮੁੱਖ ਤੌਰ ’ਤੇ ਤਿੰਨ ਕਿਸਮਤਾਂ ਹੁੰਦੀਆਂ ਹਨ –ਖੱਟਾ, ਮਿੱਠਾ ਅਤੇ ਢਿੱਲੇ ਛਿਲਕੇ ਵਾਲਾ। ਖੱਟੇ ਸੰਤਰੇ ਦੀ ਵਰਤੋਂ ਜ਼ਿਆਦਾਤਰ ਕੈਂਡੀ ਜਾਂ ਕੁਕਿੰਗ ’ਚ ਕੀਤੀ ਜਾਂਦੀ ਹੈ, ਜਦਕਿ ਕੱਚਾ ਖਾਣ ਲਈ ਸਭ ਤੋਂ ਵਧੇਰੇ ਮਿੱਠੇ ਸੰਤਰੇ ਦੀ ਵਰਤੋਂ ਹੁੰਦੀ ਹੈ। ਢਿੱਲੇ ਛਿਲਕੇ ਵਾਲਾ ਸੰਤਰਾ ਆਸਾਨੀ ਨਾਲ ਛਿਲਿਆ ਜਾਂਦਾ ਹੈ। ਜਦੋਂ ਵੀ ਸੰਤਰਾ ਖਰੀਦੋ ਤਾਂ ਉਸ ਦੇ ਵੇਟ ਅਤੇ ਸਾਈਜ਼ ਦੀ ਤੁਲਨਾ ਕਰੋ। ਆਕਾਰ ’ਚ ਛੋਟਾ ਅਤੇ ਭਾਰ ’ਚ ਵਧੇਰੇ ਭਾਰਾ ਸੰਤਰਾ ਮਿੱਠਾ ਹੁੰਦਾ ਹੈ। ਜਦੋਂ ਵੀ ਆਰੇਂਜ ਭਾਵ ਸੰਤਰੇ ਦੀ ਗੱਲ ਆਉਂਦੀ ਹੈ ਤਾਂ ਸਭ ਤੋਂ ਪਹਿਲਾਂ ਉਸ ’ਚ ਪਾਏ ਜਾਣ ਵਾਲੇ ਵਿਟਾਮਿਨ-ਸੀ ਦਾ ਧਿਆਨ ਆਉਂਦਾ ਹੈ। ਇਸ ’ਚ ਕੋਈ ਸ਼ੱਕ ਨਹੀਂ ਕਿ ਸੰਤਰੇ ’ਚ ਵਿਟਾਮਿਨ-ਸੀ ਭਰਪੂਰ ਮਾਤਰਾ ’ਚ ਹੁੰਦਾ ਹੈ ਪਰ ਇਸ ਦੇ ਨਾਲ ਹੀ ਇਸ ਫਲ ’ਚ ਕਈ ਹੋਰ ਵੀ ਲਾਹਵੰਦ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਹ ਕਈ ਦੂਜੇ ਮਿਨਰਲਸ ਜਿਵੇਂ ਫੋਲਿਕ ਐਸਿਡ ਅਤੇ ਪੋਟਾਸ਼ੀਅਮ ਦਾ ਬਿਹਤਰੀਨ ਸਰੋਤ ਹੁੰਦਾ ਹੈ।

ਵਿਟਾਮਿਨ-ਸੀ : ਸੰਤਰਾ ਵਿਟਾਮਿਨ-ਸੀ ਦਾ ਅਹਿਮ ਸਰੋਤ ਹੈ। ਜੇਕਰ ਸੰਤਰੇ ਦਾ ਰਸ ਕੱਢਣ ਜਾਂ ਛਿੱਲਣ ਪਿੱਛੋਂ ਉਸ ਨੂੰ ਅੱਠ ਘੰਟਿਆਂ ਤੱਕ ਰੱਖ ਦਿੱਤਾ ਜਾਵੇ ਤਾਂ ਉਸ ਦਾ ਲੱਗਭਗ 20 ਫੀਸਦੀ ਵਿਟਾਮਿਨ ਨਸ਼ਟ ਹੋ ਜਾਂਦਾ ਹੈ।

ਦੂਜੇ ਵਿਟਾਮਿਨ ਅਤੇ ਮਿਨਰਲਸ : ਸੰਤਰੇ ’ਚ ਵਿਟਾਮਿਨ-ਬੀ ਅਤੇ ਏ ਵੀ ਪਾਇਆ ਜਾਂਦਾ ਹੈ। ਇਹ ਮਿਨਰਲਸ ਜਿਵੇਂ ਫਾਈਬਰ, ਪੋਟਾਸ਼ੀਅਮ, ਮੈਗਨੀਸ਼ੀਅਮ, ਕੈਲਸ਼ੀਅਮ ਅਤੇ ਫਾਸਫੋਰਸ ਦਾ ਬਿਹਤਰੀਨ ਸਰੋਤ ਹੈ।

ਰੁੱਖ ’ਤੇ ਨਹੀਂ ਪੱਕਦਾ : ਸੰਤਰਾ ਹੀ ਕੁਝ ਅਜਿਹੇ ਫਲਾਂ ’ਚੋਂ ਹੈ, ਜੋ ਰੁੱਖ ’ਤੇ ਲੱਗਾ ਰਹਿਣ ਦੇਣ ਨਾਲ ਪੱਕਦਾ ਨਹੀਂ।

ਮੁੱਖ ਫਸਲ : ਸੰਤਰਾ ਅਮੇਰਿਕਾ ਦੀਆਂ ਮੁੱਖ ਫਸਲਾਂ ’ਚ ਸ਼ਾਮਲ ਹੈ, ਜਦਕਿ ਪੂਰੀ ਦੁਨੀਆਂ ਦੇ ਮੁਕਾਬਲੇ ਬ੍ਰਾਜ਼ੀਲ ’ਚ ਸੰਤਰੇ ਦੀ ਸਭ ਤੋਂ ਵਧੇਰੇ ਪੈਦਾਵਾਰ ਹੁੰਦੀ ਹੈ। ਇਤਿਹਾਸ : ਸਬੂਤ ਦੱਸਦੇ ਹਨ ਕਿ ਸੰਤਰੇ ਦੀ ਪੈਦਾਵਾਰ 2500 ਬੀ. ਸੀ. ਤੋਂ ਵੀ ਪਹਿਲਾਂ ਚੀਨ ’ਚ ਸ਼ੁਰੂ ਹੋਈ ਸੀ।– ਸੁਮਨ ਰਾਣੀ

# ਯੋਗਾਪੈਥੀ ਰਾਹੀਂ ਪ੍ਰਾਪਤ ਕਰੋ ਸੁਡੌਲ ਸਰੀਰ

ਮਾਰਜਰੀ ਭਾਲ ਬਿਲੀ, ਜਿਸ ਤਰ੍ਹਾਂ ਬਿਲੀ ਆਕੜ ਭੰਨ ਕੇ ਆਪਣੀ ਸਾਰੀ ਥਕਾਵਟ ਲਾਹੁੰਦਿਆਂ ਤਰੋ-ਤਾਜ਼ਾ ਮਹਿਸੂਸ ਕਰਦੀ ਹੈ, ਬਿਲਕੁਲ ਉਸੇ ਤਰ੍ਹਾਂ ਤੁਸੀਂ ਵੀ ਮਾਰਜਰੀ-ਆਸਣ ਦੇ ਅਭਿਆਸ ਨਾਲ ਨਾ ਸਿਰਫ ਤਰੋ-ਤਾਜ਼ਾ ਮਹਿਸੂਸ ਕਰੋਗੇ, ਸਗੋਂ ਸਰੀਰ ਦੀ ਥਕਾਵਟ ਅਤੇ ਦਰਦਾਂ ਤੋਂ ਵੀ ਮੁਕਤੀ ਪ੍ਰਾਪਤ ਕਰੋਗੇ ਅਤੇ ਖੁਦ ਨੂੰ ਹਰ ਵੇਲੇ ਤੰਦਰੁਸਤ ਮਹਿਸੂਸ ਕਰੋਗੇ।

ਵਿਧੀ : ਜ਼ਮੀਨ ’ਤੇ ਯੋਗਾ ਮੈਟ ਵਿਛਾ ਕੇ ਗੋਡਿਆਂ ਪਰਨੇ ਖੜ੍ਹੇ ਹੋ ਕੇ ਸਰੀਰ ਦਾ ਉਪਰਲਾ ਹਿਸਾ ਅੱਗੇ ਵੱਲ ਝੁਕਾਓ ਅਤੇ ਹੱਥਾਂ ਦੀਆਂ ਮੁੱਠੀਆਂਬਣਾ ਕੇ ਉਂਗਲੀਆਂ ਦੀਆਂ ਗੰਢਾਂ ਨੂੰ ਜ਼ਮੀਨ ਨਾਲ ਸਪਰਸ਼ ਕਰੋ।

ਇਹ ਆਸਣ ਦੋ ਹਿਸਿਆ ’ਚ ਵੰਡਿਆ ਹੋਇਆ ਹੈ।

ਪਹਿਲਾ ਹਿਸਾ : ਗਰਦਨ ਨੂੰ ਹੇਠਾਂ ਵੱਲ ਝੁਕਾਉਂਦਿਆਂ Chin ਨੂੰ ਗਲੇ ਦੇ Pit ਨਾਲ ਜੋੜੋ ਅਤੇ ਪੱਟਾਂ ਨੂੰ ਅੰਦਰ ਵੱਲ ਧੱਕੋ, ਅਜਿਹਾ ਕਰਨ ਨਾਲ ਤੁਹਾਡੀ ਪਿੱਠ ’ਚ ਇਕ ਮਹਿਰਾਬ ਦੀ ਸ਼ੇਪ ਬਣੇਗੀ।

ਦੂਜਾ ਹਿਸਾ : ਲੰਬਾ ਸਾਹ ਭਰੋ। ਆਕੜ ਭੰਨਦਿਆਂ ਗਰਦਨ ਉਪਰ ਵੱਲ ਅਤੇ ਪੱਟ ਬਾਹਰ ਵੱਲ ਧੱਕਦਿਆਂ ਜਿੰਨੀ ਦੇਰ ਸਾਹ ਰੋਕ ਸਕੋ, ਇਸ ਸਥਿਤੀ ’ਚ ਰਹੋ। ਅਜਿਹਾ ਕਰਨ ਵੇਲੇ ਤੁਹਾਡਾ ਰੀੜ੍ਹ ਅੰਦਰ ਵੱਨ ਮੁੜ ਜਾਵੇਗੀ ਅਤੇ ਇਕ ਕਰਵ ਬਣੇਗਾ।

ਫਿਰ ਸਾਹ ਛੱਡਦਿਆਂ ਵਾਪਸ ਪਹਿਲਾਂ ਵਾਲੀ ਅਵਸਥਾ ’ਚ ਆ ਜਾਓ, ਅਜਿਹਾ ਪੰਜ ਤੋਂ ਸੱਤ ਵਾਰ ਦੁਹਰਾਓ।

ਲਾਭ : (1) ਪਿੱਠ ਦਰਦ ਅਤੇ ਗਰਦਨ ਦਰਦ ਦੇ ਮਰੀਜ਼ਾਂ ਲਈ ਇਹ ਆਸਣ ਸੰਜੀਵਨੀ ਬੂਟੀ ਦਾ ਕੰਮ ਕਰਦਾ ਹੈ।
(2) ਬਾਂਹ ਦੇ ਉਪਰਲੇ ਹਿੱਸੇ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤੀ ਪ੍ਰਦਾਨ ਕਰਦਾ ਹੈ।
(3) ਪੇਟ ਦੀਆਂ ਮਾਸਪੇਸ਼ੀਆਂ ’ਚ ਖਿਚਾਅ ਆਉਣ ਨਾਲ ਪੇਟ ਨੂੰ ਸਹੀ ਆਕਾਰ ਮਿਲਦਾ ਹੈ।
(4) ਸਰੀਰ ਨੂੰ ਚੁਸਤ-ਦਰੁਸਤ ਕਰਕੇ ਤੁਰੰਤ ਊਰਜਾ ਭਰ ਦਿੰਦਾ ਹੈ।
(5) ਕੋਮਲ ਸਰੀਰ ਦੇ ਚਾਹਵਾਨਾਂ ਲਈ ਇਹ ਆਸਣ ਇਕ ਵਰਦਾਨ ਹੈ।

ਸਾਵਧਾਨੀਆਂ : ਇਸ ਆਸਣ ਨੂੰ ਕਰਨ ਵੇਲੇ ਲੱਤਾਂ ਨੂੰ ਹਿੱਲਣ ਨਹੀਂ ਦੇਣਾ ਚਾਹੀਦਾ, ਸਿਰਫ ਗਰਦਨ ਦੀ ਮਦਦ ਨਾਲ ਹੀ ਪਹਿਲੇ ਅਤੇ ਦੂਜੇ ਹਿੱਸੇ ਦਾ ਅਭਿਆਸਸ ਕਰੋ।

ਖਾਸ ਕਰ : ਪਿੱਠ ਦਰਦ ਅਤੇ ਗਰਦਨ ਦਰਦ ਦੇ ਮਰੀਜ਼ਾਂ ਲਈ ਜੋ ਹਰ ਤਰ੍ਹਾਂ ਦਾ ਆਸਣ ਨਹੀਂ ਕਰ ਸਕਦੇ, ਇਸ ਆਸਣ ਅਭਿਆਸ ਨਾਲ ਦਰਦਾਂ ਤੋਂ ਮੁਕਤੀ ਦੇ ਨਾਲ-ਨਾਲ ਉਹ ਆਪਣੇ ਸਰੀਰ ’ਚ ਲਚਕੀਲਾ, ਸੁਡੌਲਤਾ ਅਤੇ ਸਹੀ ਆਕਾਰ ਵੀ ਪ੍ਰਾਪਤ ਕਰੋਗੇ।

ਨੋਟ : ਕਿਸੇ ਵੀ ਤਰ੍ਹਾਂ ਦੀ ਕਸਰਤ ਜਾਂ ਯੋਗ ਅਭਿਆਸ ਕਰਨ ਤੋਂ ਪਹਿਲਾਂ ਆਪਦੇ ਡਾਕਟਰ ਤੋਂ ਸਲਾਹ ਜ਼ਰੂਰ ਲਓ।

– ਯੋਗ ਥੈਰੇਪਿਸਟ ਅਨੁਪ੍ਰਿਯਾ



# ਲੋਕ ਸਭਾ ਚੋਣਾਂ ਤੋਂ ਪਹਿਲਾਂ ਸੀਏਏ ਲਾਗੂ ਕਰ ਦਿੱਤਾ ਜਾਵੇਗਾ, ਭਾਜਪਾ 370 ਸੀਟਾਂ ਜਿੱਤੇਗੀ: ਸ਼ਾਹ

**ਨਵੀਂ ਦਿੱਲੀ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ਨੀਵਾਰ ਨੂੰ ਦਾਅਵਾ ਕੀਤਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ 370 ਸੀਟਾਂ ਮਿਲਣਗੀਆਂ ਅਤੇ ਉਸ ਦੀ ਅਗਵਾਈ ਵਾਲੇ ਰਾਸ਼ਟਰੀ ਜਨਤਾਂਤਰਿਕ ਗਠਜੋੜ (ਐਨ.ਡੀ.ਏ.) ਨੂੰ 400 ਤੋਂ ਵੱਧ ਸੀਟਾਂ ਮਿਲਣਗੀਆਂ ਅਤੇ ਕੇਂਦਰ ਵਿਚ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਸਰਕਾਰ ਬਣੇਗੀ। ਸ਼ਾਹ ਨੇ ਕਿਹਾ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ 'ਤੇ ਕੋਈ ਸ਼ੱਕ ਨਹੀਂ ਹੈ ਅਤੇ ਇੱਥੋਂ ਤੱਕ ਕਿ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਉਨ੍ਹਾਂ ਨੂੰ ਦੁਬਾਰਾ ਵਿਰੋਧੀ ਧਿਰ 'ਚ ਬੈਠਣਾ ਪਵੇਗਾ। ਉਨ੍ਹਾਂ ਨੇ 'ਈਟੀ ਨਾਓ ਗਲੋਬਲ ਬਿਜ਼ਨੈੱਸ ਸਮਿਟ 2024' 'ਚ ਕਿਹਾ,÷ਅਸੀਂ (ਜਿਸ ਨੇ ਜੰਮੂ ਅਤੇ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੇ ਸੰਵਿਧਾਨ ਦੇ) ਧਾਰਾ 370 ਨੂੰ ਰੱਦ



ਕਰ ਦਿੱਤਾ ਹੈ, ਇਸ ਲਈ ਸਾਨੂੰ ਭਰੋਸਾ ਹੈ ਕਿ ਦੇਸ਼ ਦੇ ਲੋਕ ਭਾਜਪਾ ਨੂੰ 370 ਸੀਟਾਂ ਅਤੇ ਰਾਜਗ ਨੂੰ 400 ਤੋਂ ਵੱਧ ਸੀਟਾਂ 'ਤੇ ਜਿੱਤ ਦਿਵਾ ਕੇ ਆਪਣਾ ਆਸ਼ੀਰਵਾਦ ਦੇਵੇਗੀ।"

**ਲੋਕ ਸਭਾ ਚੋਣਾਂ ਤੋਂ ਪਹਿਲਾਂ ਲਾਗੂ ਕੀਤਾ ਜਾਵੇਗਾ ਸੀ.ਏ.ਏ.**

ਉਨ੍ਹਾਂ ਨੇ ਕਾਂਗਰਸ ਨੇਤਾ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਬਾਰੇ ਪੁੱਛੇ ਜਾਣ 'ਤੇ ਕਿਹਾ ਕਿ ਨਹਿਰੂ-ਗਾਂਧੀ ਵੰਸ਼ਜ ਨੂੰ ਇਸ ਤਰ੍ਹਾਂ ਦੀ ਯਾਤਰਾ ਕਰਨ ਦਾ ਕੋਈ ਅਧਿਕਾਰ ਨਹੀਂ ਹੈ, ਕਿਉਂਕਿ 1947 'ਚ ਦੇਸ਼ ਦੀ ਵੰਡ ਲਈ ਉਨ੍ਹਾਂ ਦੀ ਪਾਰਟੀ ਜ਼ਿੰਮੇਵਾਰ ਸੀ। ਸ਼ਾਹ ਨੇ ਅਯੁੱਧਿਆ 'ਚ ਰਾਮ ਮੰਦਰ ਨੂੰ ਲੈ ਕੇ ਕਿਹਾ ਕਿ ਇਸ ਤੋਂ ਪਹਿਲਾਂ ਤੁਸ਼ਟੀਕਰਨ ਦੀ ਰਾਜਨੀਤੀ ਕਾਰਨ ਅਤੇ ਕਾਨੂੰਨ ਵਿਵਸਥਾ ਦਾ ਹਵਾਲਾ ਦੇ ਕੇ ਰਾਮ ਮੰਦਰ ਨਹੀਂ ਬਣਨ ਦਿੱਤਾ ਗਿਆ। ਸ਼ਾਹ ਨੇ ਸੋਧ ਨਾਗਰਿਕਤਾ ਕਾਨੂੰਨ (ਸੀ.ਏ.ਏ.) 'ਤੇ ਕਿਹਾ ਕਿ 2019 'ਚ ਬਣਿਆ ਕਾਨੂੰਨ ਇਸ ਸੰਬੰਧ 'ਚ ਨਿਯਮ ਜਾਰੀ ਕਰਨ ਤੋਂ ਬਾਅਦ ਲੋਕ ਸਭਾ ਚੋਣਾਂ ਤੋਂ ਪਹਿਲਾਂ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ,"ਸਾਡੇ ਮੁਸਲਿਮ ਭਰਾਵਾਂ ਨੂੰ (ਸੀ.ਏ.ਏ. ਖ਼ਿਲਾਫ਼) ਗੁੰਮਰਾਹ ਕੀਤਾ ਜਾ ਰਿਹਾ ਹੈ ਅਤੇ ਭੜਕਾਇਆ ਜਾ ਰਿਹਾ ਹੈ। ਸੀ.ਏ.ਏ. ਸਿਰਫ਼ ਉਨ੍ਹਾਂ ਲੋਕਾਂ ਨੂੰ ਨਾਗਰਿਕਤਾ ਦੇਣ ਲਈ ਹੈ ਜੋ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾਦੇਸ਼ 'ਚ ਉਤਪੀੜਨ ਦਾ ਸਾਹਮਣਾ ਕਰਨ ਤੋਂ ਬਾਅਦ ਭਾਰਤ ਆਏ ਸਨ। ਇਹ ਕਿਸੇ ਵੀ ਭਾਰਤੀ ਨਾਗਰਿਕਤਾ ਨੂੰ ਖੋਹਣ ਲਈ ਨਹੀਂ ਹੈ।" ਸ਼ਾਹ ਨੇ ਸਮਾਨ ਸਿਵਲ ਕੋਡ (ਯੂ.ਸੀ.ਸੀ.) 'ਤੇ ਕਿਹਾ ਕਿ ਇਹ ਇਕ ਸੰਵਿਧਾਨਕ ਏਜੰਡਾ ਹੈ, ਜਿਸ 'ਤੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰਲਾਲ ਨਹਿਰੂ ਅਤੇ ਹੋਰ ਨੇ ਦਸਤਖ਼ਤ ਕੀਤੇ ਹਨ।

# 'ਘਰ-ਘਰ ਮੁਫ਼ਤ ਰਾਸ਼ਨ' ਪਹੁੰਚਾਉਣ ਦੀ ਪਹਿਲਕਦਮੀ ਨਾਲ ਦੇਸ਼ ਵਿੱਚ ਚਾਨਣ ਮੁਨਾਰਾ ਬਣ ਕੇ ਉਭਰੇਗਾ ਪੰਜਾਬ : ਭਗਵੰਤ ਸਿੰਘ ਮਾਨ ਤੇ ਅਰਵਿੰਦ ਕੇਜਰੀਵਾਲ

**ਖੰਨਾ (ਲੁਧਿਆਣਾ), 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ 'ਸੁਚੱਜਾ ਸ਼ਾਸਨ, ਮੁਫ਼ਤ ਰਾਸ਼ਨ' ਦੀ ਗਾਰੰਟੀ ਨੂੰ ਅਮਲੀਜਾਮਾ ਪਹਿਨਾਉਂਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਕਿਹਾ ਕਿ ਲੋਕਾਂ ਨੂੰ ਘਰ-ਘਰ ਜਾ ਕੇ ਰਾਸ਼ਨ ਮੁਹੱਈਆ ਕਰਵਾਉਣ ਦੀ ਸਹੂਲਤ ਸ਼ੁਰੂ ਕਰਨ ਨਾਲ ਪੰਜਾਬ ਦੇਸ਼ ਵਿੱਚ ਚਾਨਣ-ਮੁਨਾਰਾ ਬਣ ਕੇ ਉਭਰੇਗਾ।

ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਪੂਰੇ ਸੂਬੇ ਲਈ ਅੱਜ ਇਤਿਹਾਸਕ ਦਿਨ ਹੈ ਕਿਉਂਕਿ ਸੂਬੇ ਵਿੱਚ ਨਵੇਂ ਇਨਕਲਾਬ ਦੀ ਸ਼ੁਰੂਆਤ ਹੋ ਗਈ ਹੈ। ਉਨ੍ਹਾਂ ਕਿਹਾ, ਜਦੋਂ ਤੋਂ ਮੈਂ ਅਹੁਦਾ ਸੰਭਾਲਿਆ ਹੈ, ਹਰ ਦੂਜੇ ਜਾਂ ਤੀਜੇ ਦਿਨ ਪੰਜਾਬ ਵਿੱਚ ਖ਼ੁਸ਼ਖ਼ਬਰੀ



ਦੇਖਣ ਨੂੰ ਮਿਲ ਰਹੀ ਹੈ। ਪੰਜਾਬ ਵਾਸੀਆਂ ਨੂੰ ਮਿਆਰੀ ਸਿਹਤ ਸਹੂਲਤਾਂ ਅਤੇ ਮੁਫ਼ਤ ਸਿੱਖਿਆ ਮੁਹੱਈਆ ਕਰਵਾਈ ਜਾ ਰਹੀ ਹੈ, ਨੌਜਵਾਨਾਂ ਨੂੰ ਨੌਕਰੀਆਂ ਮਿਲ ਰਹੀਆਂ ਹਨ, ਲੋਕਾਂ ਨੂੰ ਮੁਫਤ ਬਿਜਲੀ ਮਿਲ ਰਹੀ ਹੈ। ਮੈਂ ਮਾਣ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਨੂੰ ਸਹੀ ਮਾਅਨਿਆਂ ਵਿੱਚ 'ਰੰਗਲਾ ਪੰਜਾਬ' ਬਣਾਉਣ ਦੀ ਸ਼ੁਰੂਆਤ ਹੋ ਚੁੱਕੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਲੋਕਾਂ ਦੀ ਭਲਾਈ ਬਾਰੇ ਨਹੀਂ ਸੋਚਿਆ ਪਰ ਅੱਜ ਹਰ ਕੰਮ ਆਮ ਆਦਮੀ ਦੀ ਭਲਾਈ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਦਾ ਸਿਹਰਾ ਅਰਵਿੰਦ ਕੇਜਰੀਵਾਲ ਜੀ ਨੂੰ ਜਾਂਦਾ ਹੈ, ਜੋ ਆਮ ਲੋਕਾਂ ਨੂੰ ਸਿਆਸਤ ਦਾ ਕੇਂਦਰ ਬਿੰਦੂ ਬਣਾਉਣ ਲਈ ਪ੍ਰੇਰਨਾ ਸਰੋਤ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਘਰ-ਘਰ ਰਾਸ਼ਨ ਦੀ ਨਵੀਂ ਸਕੀਮ ਤਹਿਤ ਇਕ ਕਰੋੜ ਤੋਂ ਵੱਧ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਘਰ ਰਾਸ਼ਨ ਮਿਲੇਗਾ।ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਨੇ ਇੱਕ ਨੱਜੀ ਕੰਪਨੀ ਜੀ.ਵੀ.ਕੇ. ਪਾਵਰ ਦੀ ਮਲਕੀਅਤ ਵਾਲੇ ਗੋਇੰਦਵਾਲ ਪਾਵਰ ਪਲਾਂਟ ਨੂੰ ਖਰੀਦ ਕੇ ਇਤਿਹਾਸ ਰਚਿਆ ਹੈ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਇਹ ਉਲਟਾ ਰੁਝਾਨ ਸ਼ੁਰੂ ਹੋਇਆ ਹੈ ਕਿ ਸਰਕਾਰ ਨੇ ਕੋਈ ਪ੍ਰਾਈਵੇਟ ਪਾਵਰ ਪਲਾਂਟ ਖਰੀਦਿਆ ਹੈ ਜਦੋਂ ਕਿ ਪਹਿਲਾਂ ਸਰਕਾਰਾਂ ਆਪਣੀਆਂ ਜਾਇਦਾਦਾਂ ਚਹੇਤੇ ਵਿਅਕਤੀਆਂ ਨੂੰ ਕੌਡੀਆਂ ਦੇ ਭਾਅ ਵੇਚਦੀਆਂ ਸਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਿਉਂ ਜੋ ਪਛਵਾੜਾ ਕੋਲਾ ਖਾਣ ਤੋਂ ਨਿਕਲਣ ਵਾਲੇ ਕੋਲੇ ਦੀ ਵਰਤੋਂ ਸਰਕਾਰੀ ਥਰਮਲ ਪਲਾਂਟਾਂ ਲਈ ਹੀ ਕੀਤੀ ਜਾ ਸਕਦੀ ਹੈ, ਇਸ ਲਈ ਪਾਵਰ ਪਲਾਂਟ ਦੀ ਖਰੀਦ ਨਾਲ ਇਸ ਕੋਲੇ ਨੂੰ ਬਿਜਲੀ ਪੈਦਾ ਕਰਨ ਲਈ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਵੇਰਕਾ ਛੇਤੀ ਹੀ ਦੇਸ਼ ਭਰ ਵਿੱਚ ਕਾਰੋਬਾਰ ਫੈਲਾਏਗਾ ਅਤੇ ਪਹਿਲੀ ਵਾਰ ਦਿੱਲੀ ਵਿੱਚ ਵੇਰਕਾ ਆਊਟਲੈੱਟ ਖੋਲ੍ਹੇ ਜਾਣਗੇ ਜਿਸ ਲਈ ਸਰਕਾਰ ਨੇ ਇਜਾਜ਼ਤ ਦੇ ਦਿੱਤੀ ਹੈ।

# ਅਨੁਰਾਗ ਠਾਕੁਰ ਨੇ ਭਗਵਾ ਰੰਗ ਦੀ ਨਮੋ ਹੈਟ੍ਰਿਕ ਹੁੱਡੀ ਪਾ ਕੇ ਸੰਸਦ ਵਿਚ ਮਚਾਇਆ ਤਹਿਲਕਾ

**ਨਵੀਂ ਦਿੱਲੀ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਸੂਚਨਾ ਤੇ ਪ੍ਰਸਾਰਣ ਅਤੇ ਯੁਵਾ ਤੇ ਖੇਡ ਮਾਮਲਿਆਂ ਬਾਰੇ ਮੰਤਰੀ, ਸ਼੍ਰੀ ਅਨੁਰਾਗ ਸਿੰਘ ਠਾਕੁਰ ਅੱਜ 17ਵੀਂ ਲੋਕ ਸਭਾ ਦੇ ਆਖਰੀ ਦਿਨ ਸੰਸਦ ਭਵਨ ਵਿੱਚ ਇੱਕ ਵਿਲੱਖਣ ਅੰਦਾਜ਼ ਵਿੱਚ ਨਜ਼ਰ ਆਏ। ਅੱਜ ਸ਼੍ਰੀ ਅਨੁਰਾਗ ਠਾਕੁਰ ਨੇ ਇੱਕ ਖਾਸ ਭਗਵੇਂ ਰੰਗ ਦੀ ਹੁਡੀ ਪਾਈ ਹੋਈ ਸੀ ਜਿਸ ਉੱਤੇ ਨਮੋ ਹੈਟ੍ਰਿਕ ਲਿਖਿਆ ਹੋਇਆ ਸੀ।

ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ, ਨਮੋ ਹੈਟ੍ਰਿਕ ਦਾ ਮਤਲਬ ਤੀਸਰੀ ਵਾਰ ਮੋਦੀ ਸਰਕਾਰ ਹੈ ਅਤੇ ਇਸ ਵਾਰ ਅਸੀਂ 400 ਨੂੰ ਪਾਰ ਕਰਾਂਗੇ।

ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਜਿੱਤਾਂ ਦੀ ਤੀਸਰੀ ਹੈਟ੍ਰਿਕ ਲਗਾਉਣਗੇ ਅਤੇ ਭਾਰਤ ਨੂੰ ਦੁਨੀਆ ਦੀ ਤੀਸਰੀ ਸਭ ਤੋਂ ਵੱਡੀ ਅਰਥਵਿਵਸਥਾ ਬਣਾਉਣਗੇ। ਉਨ੍ਹਾਂ




ਕਿਹਾ ਨਰੇਂਦਰ ਮੋਦੀ ਜੀ ਦੇ ਤੀਸਰੇ ਕਾਰਜਕਾਲ ਵਿੱਚ ਦੇਸ਼ ਦੇ ਵੰਚਿਤ ਲੋਕਾਂ ਨੂੰ ਵਧੇਰੇ ਤਰਜੀਹ ਮਿਲੇਗੀ ਅਤੇ ਦੇਸ਼ ਤੇਜ਼ੀ ਨਾਲ ਵਿਕਾਸ ਕਰੇਗਾ।

ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇਸ਼ ਦੀ ਇਕਲੌਤੀ ਪਾਰਟੀ ਹੈ ਜੋ ਆਪਣੇ ਵਾਅਦੇ ਪੂਰੇ ਕਰਦੀ ਹੈ। ਅਸੀਂ ਜੋ ਕਿਹਾ ਸੀ ਉਹੀ ਕੀਤਾ ਹੈ। ਅਸੀਂ ਬਹੁ-ਆਯਾਮੀ ਵਿਕਾਸ ਦੇ ਨਾਲ-ਨਾਲ, ਧਾਰਾ 370 ਅਤੇ 35ਏ ਨੂੰ ਹਮੇਸ਼ਾ ਲਈ ਖ਼ਤਮ ਕੀਤਾ, ਦੇਸ਼ ਦੀਆਂ ਮੁਸਲਿਮ ਮਾਤਾਵਾਂ ਅਤੇ ਭੈਣਾਂ ਨੂੰ ਤਿੰਨ ਤਲਾਕ ਤੋਂ ਨਿਜਾਤ ਦਿਵਾਈ। ਅੱਜ ਅਯੁੱਧਿਆ ਧਾਮ ਵਿੱਚ, ਸਾਡੇ ਸ਼੍ਰੀ ਰਾਮ ਲੱਲਾ ਆਪਣੇ ਬ੍ਰਹਮ ਸਵਰੂਪ ਵਿੱਚ ਬਿਰਾਜਮਾਨ ਹਨ।ਭਗਵਾ ਹੁੱਡੀ ਅਤੇ ਸੰਸਦ 'ਚ ਰਾਮ ਮੰਦਰ 'ਤੇ ਚਰਚਾ 'ਤੇ ਸਵਾਲ ਦੇ ਜਵਾਬ 'ਚ ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ, ਦੇਸ਼ ਦੇ ਦਿਲ ਅਤੇ ਦਿਮਾਗ ਵਿੱਚ ਅੱਜ ਭਗਵਾ ਹੈ। ਦੇਸ਼ ਦਾ ਮੂਡ ਭਗਵਾ ਹੈ। ਪਹਿਲਾਂ ਵਿਰੋਧੀ ਧਿਰ ਸਾਡੇ 'ਤੇ ਦੋਸ਼ ਲਾਉਂਦੀ ਸੀ ਕਿ ਭਾਜਪਾ ਵਾਲੇ ਮੰਦਿਰ ਤਾਂ ਬਣਾਉਣਗੇ ਪਰ ਤਰੀਕ ਨਹੀਂ ਦੱਸਣਗੇ। ਪਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਆਈ, ਰਾਮ ਮੰਦਿਰ ਵੀ ਬਣਿਆ, ਤਰੀਕ ਵੀ ਦੱਸੀ ਗਈ ਤੇ ਅੱਜ ਪ੍ਰਾਣ ਪ੍ਰਤਿਸ਼ਠਾ ਵੀ ਹੋ ਚੁੱਕੀ ਹੈ। ਆਉਣ ਵਾਲੀਆਂ ਚੋਣਾਂ ਵਿੱਚ ਅਸੀਂ ਗਰੀਬਾਂ ਦੀ ਭਲਾਈ ਅਤੇ ਦੇਸ਼ ਦੇ ਵਿਕਾਸ ਨੂੰ ਲੈ ਕੇ ਜਨਤਾ ਵਿੱਚ ਜਾਵਾਂਗੇ। ਅਸੀਂ ਜਨਤਾ ਤੋਂ ਮੋਦੀ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਵੋਟਾਂ ਮੰਗਾਂਗੇ। ਪ੍ਰਭੂ ਸ਼੍ਰੀ ਰਾਮ ਦਾ ਆਸ਼ੀਰਵਾਦ ਸਾਡੇ 'ਤੇ ਪਹਿਲਾਂ ਵੀ ਸੀ ਅਤੇ ਹਮੇਸ਼ਾ ਰਹੇਗਾ।

# ਇਮਰਾਨ ਨੂੰ ਸੱਤਾ ਤੋਂ ਦੂਰ ਰੱਖਣ ਲਈ ਸ਼ਰੀਫ਼ ਤੇ ਜ਼ਰਦਾਰੀ ਸਾਂਝੀ ਹਕੂਮਤ ਖੜ੍ਹੀ ਕਰਨ ਦੀ ਤਿਆਰੀ 'ਚ

**ਇਸਲਾਮਾਬਾਦ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੀਆਂ ਆਮ ਚੋਣਾਂ ਦੇ ਅੰਤਿਮ ਨਤੀਜਿਆਂ ਦੀ ਉਡੀਕ ਹੋਣ ਦੇ ਬਾਵਜੂਦ ਪੀਟੀਆਈ ਦੇ ਸੰਸਥਾਪਕ ਇਮਰਾਨ ਖਾਨ ਅਤੇ ਪੀਐੱਮਐੱਲ (ਐੱਨ) ਦੇ ਸੁਪਰੀਮੋ ਨਵਾਜ਼ ਸ਼ਰੀਫ਼ ਨੇ ਜਿੱਤ ਦੇ ਦਾਅਵੇ ਕੀਤੇ ਹਨ ਤੇ ਜੇਤੂ ਹੋਣ ਬਾਰੇ ਭਾਸ਼ਨ ਦਿੱਤੇ। ਪੀਐੱਮਐੱਲ(ਐੱਨ) ਚੋਣਾਂ 'ਚ ਬਹੁਮਤ ਹਾਸਲ ਕਰਨ 'ਚ ਅਸਫਲ ਰਹੀ ਹੈ ਪਰ ਇਕੱਲੀ ਸਭ ਤੋਂ ਵੱਡੀ ਪਾਰਟੀ ਦੇ ਰੂਪ 'ਚ ਉਭਰੀ ਹੈ। ਹੁਣ ਉਹ ਸਰਕਾਰ ਬਣਾਉਣ ਲਈ ਪਾਕਿਸਤਾਨ ਪੀਪਲਜ਼ ਪਾਰਟੀ ਦੇ ਚੇਅਰਮੈਨ ਬਿਲਾਵਲ ਭੁੱਟੋ ਜ਼ਰਦਾਰੀ ਨਾਲ ਗੱਲਬਾਤ ਕਰ ਰਹੀ ਹੈ। ਰੇਡੀਓ ਪਾਕਿਸਤਾਨ ਦੀ ਰਿਪੋਰਟ ਮੁਤਾਬਕ ਇਮਰਾਨ ਨੂੰ ਸੱਤਾ ਤੋਂ ਦੂਰ ਰੱਖਣ ਲਈ ਬੀਤੀ ਰਾਤ ਸਾਬਕਾ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ ਅਤੇ ਬਿਲਾਵਲ ਨੇ ਸਾਬਕਾ ਪ੍ਰਧਾਨ ਮੰਤਰੀ ਅਤੇ





ਪੀਐੱਮਐੱਲ(ਐੱਨ) ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ ਨਾਲ ਲਾਹੌਰ 'ਚ ਮੁਲਾਕਾਤ ਕੀਤੀ ਅਤੇ ਸਰਕਾਰ ਬਣਾਉਣ ਬਾਰੇ ਵਿਚਾਰ ਸਾਂਝੇ ਕੀਤੇ।

# ਮੁਰਮੂ ਵੱਲੋਂ ਕਿਸਾਨਾਂ ਨੂੰ ਗਰੀਬੀ 'ਚੋਂ ਕੱਢਣ ਲਈ ਵਧੇਰੇ ਯਤਨਾਂ ਦਾ ਸੱਦਾ



**ਨਵੀਂ ਦਿੱਲੀ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਕਿਸਾਨਾਂ ਨੂੰ ਗਰੀਬੀ 'ਚੋਂ ਬਾਹਰ ਕੱਢਣ ਲਈ ਵਧੇਰੇ ਯਤਨ ਕਰਨ ਦਾ ਸੱਦਾ ਦਿੰਦਿਆਂ ਕਿਹਾ ਕਿ ਫ਼ਸਲਾਂ ਦਾ ਢੁੱਕਵਾਂ ਮੁੱਲ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਕਿਸਾਨਾਂ ਦੀ ਆਮਦਨ ਵਧਾਉਣ ਲਈ ਹੰਭਲੇ ਮਾਰ ਰਹੀ ਹੈ। ਰਾਸ਼ਟਰਪਤੀ ਦੀ ਇਹ ਟਿੱਪਣੀ ਉਸ ਸਮੇਂ ਆਈ ਹੈ ਜਦੋਂ ਦਿੱਲੀ-ਐੱਨਸੀਆਰ ਖ਼ਿੱਤੇ ਦੇ ਹਜ਼ਾਰਾਂ ਕਿਸਾਨ ਸਰਕਾਰ ਵੱਲੋਂ ਐਕੁਆਇਰ ਕੀਤੀ ਗਈ ਜ਼ਮੀਨ ਦਾ ਵਧੇਰੇ ਮੁਆਵਜ਼ਾ ਲੈਣ ਲਈ ਸੜਕਾਂ 'ਤੇ ਆ ਗਏ ਸਨ। ਉਨ੍ਹਾਂ ਦੀਆਂ ਕਈ ਮੰਗਾਂ ਮੰਨ ਲਈਆਂ ਗਈਆਂ ਹਨ ਜਿਨ੍ਹਾਂ 'ਚ ਫ਼ਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਗਾਰੰਟੀ ਸਬੰਧੀ ਕਾਨੂੰਨ ਲਾਗੂ ਕਰਨ ਸਮੇਤ ਹੋਰ ਮੰਗਾਂ ਸ਼ਾਮਲ ਹਨ। ਆਈਸੀਏਆਰ-ਭਾਰਤੀ ਖੇਤੀ ਖੋਜ ਸੰਸਥਾਨ (ਆਈਏਆਰਆਈ) ਦੀ 62ਵੀਂ ਕਾਨਵੋਕੇਸ਼ਨ ਨੂੰ ਸੰਬੋਧਨ ਕਰਦਿਆਂ ਮੁਰਮੂ ਨੇ ਕਿਹਾ ਕਿ ਕਿਸਾਨ ਸਿਰਫ਼ 'ਅੰਨਦਾਤਾ' ਹੀ ਨਹੀਂ ਸਗੋਂ ਉਹ 'ਜੀਵਨਦਾਤਾ' ਵੀ ਹੈ ਜੋ ਦੇਸ਼ ਦੇ ਅਰਥਚਾਰੇ ਦੀ ਮਜ਼ਬੂਤੀ ਲਈ ਯੋਗਦਾਨ ਪਾ ਰਿਹਾ ਹੈ। 'ਅਸੀਂ ਕਿਸਾਨਾਂ ਦੀਆਂ ਮੁਸ਼ਕਲਾਂ ਤੋਂ ਜਾਣੂ ਹਾਂ। ਅੱਜ ਵੀ ਕਈ ਕਿਸਾਨ ਗਰੀਬੀ 'ਚ ਜੀਵਨ ਬਸਰ ਕਰ ਰਹੇ ਹਨ। ਫ਼ਸਲਾਂ ਦਾ ਢੁੱਕਵਾਂ ਮੁੱਲ ਦੇਣ ਅਤੇ ਉਨ੍ਹਾਂ ਦੇ ਜੀਵਨ ਪੱਧਰ 'ਚ ਸੁਧਾਰ ਲਈ ਸਾਨੂੰ ਹੋਰ ਸਖ਼ਤ ਮਿਹਨਤ ਕਰਨ ਦੀ ਲੋੜ ਹੈ।'

# ਦੇਵੇਂਦਰ ਰਾਜਪੂਤ ਦੇ ਘਰ 'ਤੇ ਹਮਲਾ ਵੱਡੀ ਘਟਨਾ ਦਾ ਸੰਕੇਤ ਪਟਿਆਲਾ ਪੁਲਿਸ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਕਰੇ : ਹਰੀਸ਼ ਸਿੰਗਲਾ

**ਪਟਿਆਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਬਾਲ ਠਾਕਰੇ ਪੰਜਾਬ ਦੇ ਪ੍ਰਧਾਨ ਹਰੀਸ਼ ਸਿੰਗਲਾ ਨੇ ਦੱਸਿਆ ਕਿ ਬੀਤੀ ਵੀਰਵਾਰ ਰਾਤ ਸਾਡੇ ਸ਼ਿਵ ਸੈਨਾ ਦੇ ਲੀਗਲ ਸੈੱਲ ਦੇ ਪੰਜਾਬ ਪ੍ਰਧਾਨ ਐਡਵੋਕੇਟ ਦਵਿੰਦਰ ਰਾਜਪੂਤ ਦੇ ਘਰ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਦਾਖਲ ਹੋ ਕੇ ਹਮਲਾ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਦੇ ਵਾਹਨਾਂ ਦੀ ਭੰਨ-ਤੋੜ ਕੀਤੀ ਗਈ ਅਤੇ ਗੋਲੀਆਂ ਚਲਾਈਆਂ ਗਈਆਂ। ਵੀ ਗੋਲੀਬਾਰੀ ਕੀਤੀ।ਜੋ ਕਿ ਬਹੁਤ ਨਿੰਦਣਯੋਗ ਹੈ। ਸਿੰਗਲਾ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਬੁਰੀ ਤਰ੍ਹਾਂ ਵਿਗੜ ਚੁੱਕੀ ਹੈ, ਕੋਈ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ, ਗੈਂਗਸਟਰਾਂ ਅਤੇ ਗੁੰਡਿਆਂ ਦੇ ਹੌਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਉਨ੍ਹਾਂ ਨੂੰ ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ ਦਾ ਕੋਈ ਡਰ ਨਹੀਂ ਰਿਹਾ।

ਹਰੀਸ਼ ਸਿੰਗਲਾ ਨੇ ਦੱਸਿਆ ਕਿ ਦਵਿੰਦਰ ਰਾਜਪੂਤ ਸ਼ਿਵ ਸੈਨਾ



ਸੀ.ਐਮ.ਸ਼ਿੰਦੇ ਗਰੁੱਪ ਦਾ ਸੀਨੀਅਰ ਆਗੂ ਹੈ ਅਤੇ ਉਸ ਨੂੰ ਪਹਿਲਾਂ ਵੀ ਖਾਲਿਸਤਾਨੀ ਅੱਤਵਾਦੀਆਂ ਵੱਲੋਂ ਧਮਕੀਆਂ ਮਿਲੀਆਂ ਹਨ, ਜਿਸ ਕਾਰਨ ਜ਼ਿਲ੍ਹਾ ਪਟਿਆਲਾ ਪੁਲਿਸ ਨੇ ਉਸ ਨੂੰ ਗੰਨਮੈਨ ਵੀ ਦਿੱਤਾ ਹੋਇਆ ਹੈ ਪਰ ਸ਼ਾਮ ਨੂੰ ਗੰਨਮੈਨ ਚਲਾ ਜਾਂਦਾ ਹੈ । ਉਨ੍ਹਾਂ ਦੇ ਘਰ ਅਤੇ ਦਵਿੰਦਰਾ ਰਾਜਪੂਤ ਦੀ ਸੁਰੱਖਿਆ ਵਿੱਚ ਕੋਈ ਕਮੀ ਹੋ ਸਕਦੀ ਹੈ, ਇਸ ਲਈ ਮੈਂ ਪੰਜਾਬ ਦੇ ਡੀਜੀਪੀ ਅਤੇ ਪਟਿਆਲਾ ਦੇ ਐਸਐਸਪੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਸ਼ਿਵ ਸੈਨਿਕਾਂ ਦੀ ਸੁਰੱਖਿਆ ਲਈ ਉਚਿਤ ਪ੍ਰਬੰਧ ਕੀਤੇ ਜਾਣ।

ਸਿੰਗਲਾ ਨੇ ਦੱਸਿਆ ਕਿ ਜੇਕਰ ਐਡਵੋਕੇਟ ਦੇਵੇਂਦਰ ਰਾਜਪੂਤ ਘਟਨਾ ਸਮੇਂ ਉਕਤ ਲੋਕਾਂ ਦੇ ਸਾਹਮਣੇ ਆ ਜਾਂਦੇ ਤਾਂ ਦਵਿੰਦਰ ਰਾਜਪੂਤ ਦਾ ਗੰਭੀਰ ਨੁਕਸਾਨ ਹੋ ਸਕਦਾ ਸੀ।ਹਰੀਸ਼ ਸਿੰਗਲਾ ਨੇ ਦੱਸਿਆ ਕਿ ਸਾਡੇ ਪਟਿਆਲਾ ਦੇ ਐਸਪੀ ਵਰੁਣ ਸ਼ਰਮਾ ਅਤੇ ਉਨ੍ਹਾਂ ਦੀ ਟੀਮ ਨੇ ਬਹੁਤ ਵੱਡਾ ਕਦਮ ਚੁੱਕਿਆ ਹੈ। ਅਸੀਂ ਪੰਜਾਬ ਵਿੱਚ ਵੱਡੇ ਕਤਲਾਂ ਅਤੇ ਅਣਸੁਲਝੇ ਕੇਸਾਂ ਨੂੰ ਟਰੇਸ ਕਰਕੇ ਆਪਣੀ ਤਾਕਤ ਦਾ ਸਬੂਤ ਦਿੱਤਾ ਹੈ, ਹੁਣ ਸਾਨੂੰ ਉਮੀਦ ਹੈ ਕਿ ਦਵਿੰਦਰ ਰਾਜਪੂਤ ਦੇ ਘਰ 'ਤੇ ਹਮਲਾ ਕਰਨ ਵਾਲਿਆਂ ਨੂੰ ਵੀ ਜਲਦੀ ਗ੍ਰਿਫਤਾਰ ਕਰਕੇ ਸਲਾਖਾਂ ਪਿੱਛੇ ਸੁੱਟਿਆ ਜਾਵੇਗਾ।

# ਕਮਿਸ਼ਨਰੇਟ ਪੁਲਿਸ ਨੇ 14 ਸ਼ਰਾਬ ਦੀਆਂ ਪੇਟੀਆਂ ਸਮੇਤ ਦੋ ਨੂੰ ਗ੍ਰਿਫਤਾਰ ਕੀਤਾ



**ਜਲੰਧਰ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਕਮਿਸ਼ਨਰ ਸ੍ਰੀ ਸਵਪਨ ਸ਼ਰਮਾ ਦੀ ਅਗਵਾਈ ਹੇਠ ਜਲੰਧਰ ਕਮਿਸ਼ਨਰੇਟ ਪੁਲਿਸ ਨੇ ਸ਼ਰਾਬ ਦੀ ਤਸਕਰੀ ਕਰਨ ਵਾਲੇ ਇੱਕ ਰੈਕੇਟ ਦਾ ਪਰਦਾਫਾਸ਼ ਕਰਦਿਆਂ ਦੋ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਪਾਸੋਂ 14 ਪੇਟੀਆਂ ਸ਼ਰਾਬ ਬਰਾਮਦ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਤਲਾਹ ਮਿਲੀ ਸੀ ਕਿ ਸ਼ਹਿਰ ਵਿੱਚ ਸ਼ਰਾਬ ਦੀ ਤਸਕਰੀ ਕਰਨ ਵਾਲਾ ਗਰੋਹ ਸਰਗਰਮ ਹੈ। ਉਨ੍ਹਾਂ ਦੱਸਿਆ ਕਿ ਸੂਚਨਾ ਦੇ ਆਧਾਰ 'ਤੇ ਪੁਲਿਸ ਪਾਰਟੀ ਨੇ ਬਸ਼ੀਰਪੁਰਾ ਦੇ ਮੇਨ ਬਜ਼ਾਰ ਕੋਲ ਇੱਕ ਹੁੰਡਈ ਸੈਂਟਰੋ ਨੂੰ ਰਜਿਸਟ੍ਰੇਸ਼ਨ ਨੰਬਰ ਪੀ.ਬੀ.08 ਏ.ਯੂ.4295 ਰੋਕ ਕੇ ਚੈੱਕ ਕੀਤਾ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਪੁਲੀਸ ਨੇ ਕਾਰ ਦੀ ਤਲਾਸ਼ੀ ਦੌਰਾਨ ਕਾਰ ਵਿੱਚੋ 14 ਪੇਟੀਆਂ ਪੰਜਾਬ ਦੀ ਸ਼ਰਾਬ ਦੀਆਂ ਬਰਾਮਦ ਕੀਤੀਆਂ।

ਪੁਲਿਸ ਕਮਿਸ਼ਨਰ ਨੇ ਦੱਸਿਆ ਕਿ ਪੁਲਿਸ ਪਾਰਟੀ ਨੇ ਤੁਰੰਤ ਕਾਰ ਵਿਚ ਸਵਾਰ ਵਰਿੰਦਰ ਕੁਮਾਰ ਪੁੱਤਰ ਕਾਂਤਾ ਪਰਸ਼ਾਦ ਵਾਸੀ ਮਕਾਨ ਨੰ: 128 ਕਮਲ ਵਿਹਾਰ ਬਸ਼ੀਰਪੁਰਾ ਜਲੰਧਰ ਅਤੇ ਨਰੇਸ਼ ਕੁਮਾਰ ਪੁੱਤਰ ਰਾਮ ਅਵਤਾਰ ਵਾਸੀ ਗੁਰੂ ਨਾਨਕ ਪੁਰਾ ਜਲੰਧਰ ਨੂੰ ਕਾਬੂ ਕਰ ਲਿਆ ।

ਉਨ੍ਹਾਂ ਦੱਸਿਆ ਕਿ ਤਫ਼ਤੀਸ਼ ਦੌਰਾਨ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਇਸ ਵਾਰਦਾਤ ਵਿੱਚ ਇੱਕ ਹੋਰ ਮੁਲਜ਼ਮ ਬਲਦੇਵ ਸਿੰਘ ਪੁੱਤਰ ਰਤਨ ਲਾਲ ਵਾਸੀ ਕਮਲ ਵਿਹਾਰ ਜਲੰਧਰ ਵੀ ਸ਼ਾਮਲ ਸੀ। ਸ੍ਰੀ ਸਵਪਨ ਸ਼ਰਮਾ ਨੇ ਦੱਸਿਆ ਕਿ ਮੁਲਜ਼ਮਾਂ ਖ਼ਿਲਾਫ਼ ਥਾਣਾ ਰਾਮਾ ਮੰਡੀ ਜਲੰਧਰ ਵਿਖੇ ਮੁਕੱਦਮਾ ਨੰਬਰ 41 ਮਿਤੀ 08-02-2024 ਅਧੀਨ 61-1-14, 78(2) ਆਬਕਾਰੀ ਐਕਟ ਦਰਜ ਕੀਤਾ ਗਿਆ ਹੈ।

# ਜ਼ਮੀਨੀ ਦਸਤਾਵੇਜ਼ ਘੁਟਾਲੇ ਵਿੱਚ ਪੁਲਿਸ ਵਲੋਂ ਗਲਾਡਾ ਅਧਿਕਾਰੀਆਂ ਸਮੇਤ 11 ਲੋਕ ਨਾਮਜ਼ਦ

**ਲੁਧਿਆਣਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗਲਾਡਾ ਦਫਤਰ 'ਚ ਚੱਲ ਰਹੇ ਜ਼ਮੀਨਾਂ ਦੇ ਫ਼ਰਜ਼ੀ ਦਸਤਾਵੇਜ਼ਾਂ ਦੇ ਵੱਡੇ ਘੁਟਾਲੇ ਬਾਰੇ ਖ਼ੁਲਾਸਾ ਹੋਣ ਤੋਂ ਬਾਅਦ ਪੁਲਿਸ ਨੇ ਵਿਭਾਗ ਦੇ ਅਧਿਕਾਰੀਆਂ ਸਮੇਤ 11 ਲੋਕਾਂ ਨੂੰ ਨਾਮਜ਼ਦ ਕਰ ਦਿੱਤਾ ਹੈ। ਮੁਲਜ਼ਮਾਂ ਨੇ ਸੈਟਿੰਗ ਦੇ ਨਾਲ ਵਿਭਾਗ ਦੀਆਂ 88 ਫਾਈਲਾਂ ਚੋਰੀ ਕਰ ਕੇ ਉਨ੍ਹਾਂ ਦੀ ਥਾਂ 'ਤੇ ਫ਼ਰਜ਼ੀ ਦਸਤਾਵੇਜ਼ਾਂ ਦੀਆਂ ਫਾਈਲਾਂ ਲਗਾ ਦਿੱਤੀਆਂ।ਇਨ੍ਹਾਂ 'ਚ 28 ਫਾਈਲਾਂ ਪੁਲਿਸ ਨੂੰ ਮਿਲ ਗਈਆਂ ਹਨ ਪਰ 60 ਫਾਈਲਾਂ ਹਾਲੇ ਤਕ ਗਾਇਬ ਹਨ। ਇਸ ਸਾਰੇ ਮਾਮਲੇ 'ਚ ਲੁਧਿਆਣਾ ਦੇ ਕਈ ਵੱਡੇ ਭੂ-ਮਾਫੀਆ, ਸਿਆਸਤਦਾਨਾਂ ਤੇ ਅਧਿਕਾਰੀਆਂ ਦੀ ਸ਼ਮੂਲੀਅਤ ਦਾ ਪਤਾ ਲੱਗਾ ਹੈ। ਇਨ੍ਹਾਂ ਦੀ ਜਾਂਚ ਚੱਲ ਰਹੀ ਹੈ। ਪੁਲਿਸ ਨੇ ਇਸ ਮਾਮਲੇ 'ਚ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਕਿਹਾ ਕਿ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ। ਫੜੇ ਗਏ ਮੁਲਜ਼ਮਾਂ ਤੋਂ ਪੁੱਛਗਿੱਛ ਜਾਰੀ ਹੈ।

ਗਲਾਡਾ ਦੇ ਮੁਲਾਜ਼ਮਾਂ ਨੂੰ ਵੀ ਜਾਂਚ 'ਚ ਸ਼ਾਮਲ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਰੈਸਟੋਰੈਂਟ ਮਾਲਕ ਦੀਪਕ ਨੂੰ 331 ਗਜ਼ ਦਾ ਦੁੱਗਰੀ ਇਲਾਕੇ 'ਚ ਐੱਸ ਸੀ ਓ ਦਿਖਾ ਕੇ ਉਸ ਤੋਂ 1.25 ਕਰੋੜ ਰੁ ਪਏ ਦਾ ਬਿਆਨਾ ਲਿਆ ਸੀ। ਉਕਤ ਮਾਮਲੇ 'ਚ ਮੁਲਜ਼ਮਾਂ ਨੇ ਸਾਢੇ 5 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਸੀ। ਇਸ ਤੋਂ ਬਾਅਦ ਮੁਲਜ਼ਮ ਪ੍ਰਾਪਰਟੀ ਡੀਲਰ ਹਰਵਿੰਦਰ ਸਿੰਘ ਸਚਦੇਵਾ, ਉਸ ਦੇ ਭਰਾ ਪਰਮਿੰਦਰ ਸਿੰਘ ਸਚਦੇਵਾ, ਮਨਦੀਪ ਸਿੰਘ, ਉਪਜੀਤ ਸਿੰਘ, ਨਰੇਸ਼ ਕੁਮਾਰ, ਹਰਜਿੰਦਰ ਸਿੰਘ, ਵਿਜੇ ਕੁਮਾਰ ਉਰਫ਼ ਸੋਨੂੰ, ਦੀਪਕ ਆਹੂਜਾ, ਲਾਡੀ, ਮਨੀਸ਼ ਪੁਰੀ, ਗਲਾਡਾ ਦੇ ਕਲਰਕ ਅਮਿਤ ਕੁਮਾਰ ਤੇ ਹੋਰਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਸੀ। ਇਸ ਤੋਂ ਬਾਅਦ ਹੀ ਇਸ ਫ਼ਰਜ਼ੀਵਾੜੇ ਦੀ ਜਾਂਚ ਅੱਗੇ ਵਧੀ ਹੈ। ਇਸ ਮਾਮਲੇ 'ਚ ਪੁਲਿਸ ਨੇ ਮਨਦੀਪ ਸਿੰਘ ਬਾਵਾ, ਉਪਜੀਤ ਤੇ ਕਲਰਕ ਅਮਿਤ ਕੁਮਾਰ ਦੀ ਪਤਨੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਸ ਦੀ ਪਤਨੀ ਤੋਂ ਪੰਜ ਲੱਖ ਕੈਸ਼ ਬਰਾਮਦ ਹੋਇਆ ਸੀ।

**ਮਰ ਚੁੱਕੇ ਤੇ ਵਿਦੇਸ਼ ਗਏ ਲੋਕਾਂ ਦੀਆਂ ਫ਼ਰਜ਼ੀ ਪਾਵਰ ਆਫ ਅਟਾਰਨੀ ਤਿਆਰ ਕਰ ਕੇ ਬਣਾਉਂਦੇ ਸਨ ਦਸਤਾਵੇਜ਼**

ਇਸ ਮਾਮਲੇ 'ਚ ਮੁਲਜ਼ਮਾਂ ਨੇ ਖ਼ੁਲਾਸਾ ਕੀਤਾ ਹੈ ਕਿ ਉਹ ਅਖ਼ਬਾਰਾਂ 'ਚ ਲੱਗਣ ਵਾਲੇ ਗਲਾਡਾ ਦੇ ਇਸ਼ਤਿਹਾਰਾਂ 'ਤੇ ਨਜ਼ਰ ਰੱਖਦੇ ਸਨ ਕਿ ਵਿਭਾਗ ਕੋਲ ਕਿਹੜੇ-ਕਿਹੜੇ ਐੱਸਸੀਓ ਹਨ, ਜੋ ਅਲਾਟ ਹੋਣੇ ਹਨ। ਇਸ ਤੋਂ ਇਲਾਵਾ ਦਫ਼ਤਰ ਦੇ ਅਫਸਰਾਂ ਦੇ ਸੰਪਰਕ 'ਚ ਵੀ ਰਹਿੰਦੇ ਸਨ। ਜਦ ਉਨ੍ਹਾਂ ਨੂੰ ਜਾਇਦਾਦ ਦਾ ਪਤਾ ਲੱਗਾ ਸੀ ਤਾਂ ਪਤਾ ਕਰਦੇ ਸਨ ਕਿ ਉਸ ਦਾ ਮਾਲਕ ਕੌਣ ਹੈ ? ਉਹ ਮਰ ਚੁੱਕਾ ਹੈ ਜਾਂ ਫਿਰ ਵਿਦੇਸ਼ 'ਚ ਹੈ।

ਇਸ ਤੋਂ ਬਾਅਦ ਉਹ ਭੂ-ਮਾਫੀਆ ਦੇ ਲੋਕਾਂ ਨਾਲ ਸੰਪਰਕ ਕਰਦੇ ਸਨ। ਜੋ ਫ਼ਰਜ਼ੀ ਦਸਤਾਵੇਜ਼ ਤਿਆਰ ਕਰਨ ਦਾ ਕਾਰੋਬਾਰ ਕਰਦੇ ਹਨ। ਗਲਾਡਾ ਦੇ ਅਧਿਕਾਰੀਆਂ ਦੀ ਮਦਦ ਨਾਲ ਉਨ੍ਹਾਂ ਉਕਤ ਐੱਸਸੀਓ ਦੀਆਂ ਪੁਰਾਣੀਆਂ ਫਾਈਲਾਂ ਨੂੰ ਕਢਵਾਇਆ ਜਾਂਦਾ ਸੀ ਤੇ ਬਾਅਦ 'ਚ ਭੂ-ਮਾਫੀਆ ਨੂੰ ਇਕ ਤੋਂ ਦੋ ਲੱਖ ਰੁਪੇ 'ਚ ਵੇਚ ਦਿੱਤੀਆਂ ਜਾਂਦੀਆਂ ਸਨ। ਉਕਤ ਫਾਈਲਾਂ ਦੇ ਆਧਾਰ 'ਤੇ ਬੈਕਡੇਟ 'ਚ ਫ਼ਰਜ਼ੀ ਪਾਵਰ ਆਫ ਅਟਾਰਨੀ ਤਿਆਰ ਕੀਤੀ ਜਾਂਦੀ ਸੀ। ਫਿਰ ਮੁਲਜ਼ਮ ਉਸੇ ਪ੍ਰਾਪਰਟੀ ਦੀ ਨਵੀਂ ਫਾਈਲ ਤਿਆਰ ਕਰਦੇ ਸਨ। ਪੁਰਾਣੀ ਫਾਈਲ ਨੂੰ ਸਾੜ ਦਿੱਤਾ ਜਾਂਦਾ ਸੀ ਤੇ ਫ਼ਰਜ਼ੀ ਫਾਈਲ ਨੂੰ ਅਸਲ ਫਾਈਲ ਦੀ ਜਗ੍ਹਾ ਲਗਾ ਦਿੱਤਾ ਜਾਂਦਾ ਸੀ। ਇਸ 'ਚ ਫ਼ਰਜ਼ੀ ਮਾਲਕ ਰਾਹੀਂ ਅਲਾਟਮੈਂਟ ਕਿਸੇ ਹੋਰ ਨੂੰ ਦਿਵਾ ਦਿੱਤੀ ਜਾਂਦੀ ਸੀ। ਇਸ ਬਦਲੇ ਕਰੋੜਾਂ ਦੀ ਕਮਾਈ ਕੀਤੀ ਜਾਂਦੀ ਸੀ। ਅਜਿਹੀਆਂ 88 ਫਾਈਲਾਂ ਵਿਭਾਗ ਤੋਂ ਗਾਇਬ ਸਨ, ਜਿਨ੍ਹਾਂ 'ਚੋਂ 28 ਬਰਾਮਦ ਹੋ ਚੁੱਕੀਆਂ ਹਨ।

**28 ਫਾਈਲਾਂ ਦੀ ਜਾਂਚ ਸ਼ੁਰੂ**

ਜਾਂਚ ਦੌਰਾਨ ਪੁਲਿਸ ਨੇ ਜੋ 28 ਫਾਈਲਾਂ ਬਰਾਮਦ ਕੀਤੀਆਂ ਹਨ, ਉਨ੍ਹਾਂ ਦੀ ਜਾਂਚ ਲਈ ਟੀਮ ਦਾ ਗਠਨ ਕੀਤਾ ਗਿਆ ਹੈ। ਪੁਲਿਸ ਅਸਲ ਮਾਲਕਾਂ ਜਾਂ ਉਨ੍ਹਾਂ ਦੇ ਮੈਂਬਰਾਂ ਨੂੰ ਬੁਲਾਏਗੀ।

ਇਹੀ ਨਹੀਂ ਮਾਮਲੇ 'ਚ ਗਲਾਡਾ ਦੇ ਕਈ ਅਧਿਕਾਰੀਆਂ ਦੇ ਨਾਮ ਸਾਹਮਣੇ ਆ ਰਹੇ ਹਨ। ਹਾਲਾਂਕਿ ਪੁਲਿਸ ਨੇ ਗਲਾਡਾ ਵਿਭਾਗ ਤੋਂ ਉਹ ਨਾਮ ਮੰਗੇ ਹਨ, ਜਿਨ੍ਹਾਂ ਦੀ ਇਸ 'ਚ ਭੂਮਿਕਾ ਹੈ।

# 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਜਾ ਰਹੇ ਕੈਂਪਾਂ ਦਾ ਵਧੇਰੇ ਨਾਗਰਿਕਾਂ ਨੇ ਲਿਆ ਲਾਭ : ਹਰਜੋਤ ਬੈਂਸ

**ਸ੍ਰੀ ਅਨੰਦਪੁਰ ਸਾਹਿਬ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਆਪ ਦੀ ਸਰਕਾਰ, ਆਪ ਦੇ ਦੁਆਰ ਤਹਿਤ ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਨੂੰ ਇੱਕੋ ਛੱਤ ਹੇਠ ਵੱਖ-ਵੱਖ ਸੇਵਾਵਾਂ ਮੁਹੱਈਆ ਕਰਵਾਉਣ ਅਤੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਲਗਾਏ ਜਾ ਰਹੇ ਕੈਂਪਾਂ ਨੂੰ ਲੋਕਾਂ ਦਾ ਭਰਵਾਂ ਸਹਿਯੋਗ ਮਿਲ ਰਿਹਾ ਹੈ ਅਤੇ ਇਨ੍ਹਾਂ ਕੈਂਪਾਂ ਦਾ ਵਧੇਰੇ ਨਾਗਰਿਕਾਂ ਨੇ ਲਾਭ ਲਿਆ ਹੈ।

ਇਹ ਜਾਣਕਾਰੀ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ ਤੇ ਭਾਸ਼ਾ ਵਿਭਾਗ ਪੰਜਾਬ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਅੱਜ ਸ੍ਰੀ ਅਨੰਦਪੁਰ ਸਾਹਿਬ ਵਿੱਚ ਵਾਰਡ ਨੰ:1, ਵਾਰਡ ਨੰ:2, ਵਾਰਡ ਨੰ:3 ਤੇ ਵਾਰਡ ਨੰ.4



ਵਿੱਚ ਵਿੱਚ ਲੋਕਾਂ ਦੀਆਂ ਸਮੱਸਿਆਵਾ ਸੁਣਨ ਲਈ ਕੈਂਪ ਲਗਾਏ ਗਏ ਹਨ। ਇਨ੍ਹਾਂ ਕੈਂਪਾਂ ਦੌਰਾਨ ਪ੍ਰਾਪਤ ਹੋਣ ਵਾਲੀਆਂ ਸ਼ਿਕਾਇਤਾਂ ਦੇ ਨਿਪਟਾਰੇ ਨੂੰ ਯਕੀਨੀ ਬਣਾਇਆ ਗਿਆ ਹੈ ਤਾਂ ਜੋ ਕੋਈ ਵੀ ਨਾਗਰਿਕ ਸੇਵਾਵਾਂ ਹਾਸਲ ਕਰਨ ਤੋਂ ਵਾਂਝਾ ਨਾ ਰਹੇ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ 44 ਤਰਾਂ ਦੀਆਂ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਵੱਲੋਂ ਇਨ੍ਹਾਂ ਕੈਂਪਾਂ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਤਿਆਰ ਕਰਵਾਈਆਂ ਗਈਆਂ ਪ੍ਰਚਾਰ ਵੈਨਾਂ ਦਾ ਵੀ ਲੋਕਾਂ ਨੂੰ ਕਾਫੀ ਲਾਭ ਮਿਲ ਰਿਹਾ ਹੈ, ਕਿਉਂਕਿ ਇਨ੍ਹਾਂ ਵੈਨਾਂ ਰਾਹੀਂ ਜਿਥੇ ਲੋਕਾਂ ਨੂੰ ਕੈਂਪ ਲੱਗਣ ਤੋਂ ਪਹਿਲਾਂ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ, ਉਥੇ ਹੀ ਸਰਕਾਰ ਦੀਆਂ ਵੱਖ-ਵੱਖ ਲੋਕ ਭਲਾਈ ਸਕੀਮਾਂ ਬਾਰੇ ਵੀ ਦੱਸਿਆ ਜਾਂਦਾ ਹੈ ਤਾਂ ਜੋ ਸਾਰੇ ਯੋਗ ਲਾਭਪਾਤਰੀ ਇਨ੍ਹਾਂ ਸਕੀਮਾਂ ਤੋਂ ਲਾਭ ਉਠਾ ਸਕਣ।

ਕੈਬਨਿਟ ਮੰਤਰੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪ ਦੀ ਸਰਕਾਰ ਆਪ ਦੇ ਦੁਆਰ ਤਹਿਤ ਰੋਜ਼ਾਨਾਂ ਕੈਂਪ ਲਗਾਏ ਜਾ ਰਹੇ ਹਨ ਤਾਂ ਜੋ ਸਾਰੇ ਨਾਗਰਿਕ ਆਪਣੀ ਲੋੜ ਦੀਆਂ ਸੇਵਾਵਾਂ ਹਾਸਲ ਕਰ ਸਕਣ। ਇਸ ਲਈ ਸਮੂਹ ਨਾਗਰਿਕ ਆਪੋ ਆਪਣੇ ਪਿੰਡਾਂ ਤੇ ਸ਼ਹਿਰਾਂ ਵਿੱਚ ਲੱਗਣ ਵਾਲੇ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਕੈਂਪਾਂ ਵਿੱਚ ਪਹੁੰਚਣ ਤਾਂ ਜੋ ਸਰਕਾਰ ਵੱਲੋਂ ਸ਼ੁਰੂ ਕੀਤਾ ਗਿਆ ਇਹ ਪ੍ਰੋਗਰਾਮ ਸਫਲਤਾ ਪੂਰਵਕ ਨੇਪਰੇ ਚੜ੍ਹ ਸਕੇ।

ਇਸ ਮੌਕੇ ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ, ਇੰਦਰਜੀਤ ਸਿੰਘ ਅਰੋੜਾ ਪ੍ਰਧਾਨ ਵਪਾਰ ਮੰਡਲ, ਦੀਪਕ ਆਂਗਰਾ ਪ੍ਰਧਾਨ ਵਪਾਰ ਮੰਡਲ, ਜਸਪਾਲ ਸਿੰਘ ਢਾਹੇ ਬਲਾਕ ਪ੍ਰਧਾਨ, ਜਗਜੀਤ ਸਿੰਘ ਜੱਗੀ ਬਲਾਕ ਪ੍ਰਧਾਨ, ਸੱਮੀ ਬਰਾਰੀ ਯੂਥ ਪ੍ਰਧਾਨ, ਕੈਮੀ ਅਰੋੜਾ, ਸ਼ੈਪੀ ਅਰੋੜਾ, ਦਲਜੀਤ ਸਿੰਘ ਕੈਂਥ ਕੌਂਸਲਰ, ਮਨਪ੍ਰੀਤ ਕੌਰ ਅਰੋੜਾ, ਬਲਵੀਰ ਕੌਰ, ਪ੍ਰਵੀਨ ਕੌਸ਼ਲ, ਜਸਵੀਰ ਕੌਰ ਗਰਚਾ, ਇੰਦਰਜੀਤ ਸਿੰਘ ਰਾਜੂ, ਜਸਵੀਰ ਸਿੰਘ ਗਰਚਾ, ਇੰਦਰਜੀਤ ਸਿੰਘ ਕੌਸ਼ਲ, ਜਸਵਿੰਦਰ ਪਾਲ ਸਿੰਘ ਤੇ ਵੱਡੀ ਗਿਣਤੀ ਵਿਚ ਕੌਸਲਰ ਤੇ ਪਤਵੰਤੇ ਹਾਜ਼ਰ ਸਨ।

# ਕਿਸਾਨਾਂ ਦੇ ਦਿੱਲੀ ਕੂਚ ਦਾ ਖ਼ੌਫ਼ ਹਰਿਆਣਾ ਵੱਲੋਂ ਪੰਜਾਬ ਨਾਲ ਲੱਗਦੀਆਂ ਸਰਹੱਦਾਂ ਸੀਲ, ਅੰਬਾਲਾ ਜਾਣ ਲਈ ਬਦਲਵੇਂ ਰੂਟ ਤੈਅ

**ਪਟਿਆਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਹੈ ਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ 13 ਫਰਵਰੀ ਨੂੰ ਦਿੱਲੀ ਮਾਰਚ ਕਰਨ ਦੇ ਕੀਤੇ ਐਲਾਨ ਦੇ ਮੱਦੇਨਜ਼ਰ ਹਰਿਆਣਾ ਪੁਲੀਸ ਨੇ ਸ਼ੰਭੂ ਟੌਲ ਪਲਾਜ਼ਾ ਰਾਹੀਂ ਅੰਬਾਲਾ ਜਾਣ ਵਾਲੀ ਟ੍ਰੈਫਿਕ ਨੂੰ 11 ਫਰਵਰੀ ਦੀ ਸਵੇਰ ਤੋਂ ਬਦਲਵੇਂ ਰਸਤੇ ਤੋਂ ਆਉਣ ਲਈ ਕਿਹਾ ਹੈ। ਅੰਬਾਲਾ ਦੇ ਐੱਸਐੱਸਪੀ ਵੱਲੋਂ ਲਿਖੇ ਪੱਤਰ ਦੇ ਹਵਾਲੇ ਨਾਲ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਅੰਬਾਲਾ ਪੁਲੀਸ ਵਲੋਂ ਅੰਬਾਲਾ-ਦਿੱਲੀ ਆਉਣ ਵਾਲੀ ਟ੍ਰੈਫਿਕ ਨੂੰ ਬਦਲਵੇਂ ਰੂਟ ਨੂੰ ਅਪਣਾਉਣ ਦੀ ਸਲਾਹ ਦਿੱਤੀ ਗਈ ਹੈ। ਸ਼ੰਭੂ ਤੋਂ ਅੰਬਾਲਾ ਵਾਲੀ ਆਵਾਜਾਈ ਨੂੰ ਸ਼ੰਭੂ-ਰਾਜਪੁਰਾ-ਬਨੂੜ ਏਅਰਪੋਰਟ ਰੋਡ-ਡੇਰਾਬਸੀ-ਅੰਬਾਲਾ-ਦਿੱਲੀ ਰੂਟ ਤੋਂ ਇਲਾਵਾ ਸ਼ੰਭੂ-ਰਾਜਪੁਰਾ-ਬਨੂੜ-



ਪੰਚਕੂਲਾ-ਨਾਢਾ ਸਾਹਿਬ-ਬਰਵਾਲਾ-ਸਹਿਜਾਦਪੁਰ-ਸਾਹਾ-ਸ਼ਾਹਬਾਦ-ਦਿੱਲੀ ਦਾ ਰੂਟ ਲਿਆ ਜਾ ਸਕਦਾ ਹੈ। ਤੀਜਾ ਰੂਟ ਰਾਜਪੁਰਾ-ਪਟਿਆਲਾ-ਪਿਹੋਵਾ-ਕੁਰੂਕਸ਼ੇਤਰਾ-ਦਿੱਲੀ ਜਾਂ ਚੌਥਾ ਰੂਟ ਰਾਜਪੁਰਾ-ਪਟਿਆਲਾ-ਪਿਹੋਵਾ-152ਡੀ ਐਕਸਪ੍ਰੈਸਵੇਅ-ਰੋਹਤਕ-ਦਿੱਲੀ ਵਾਲਾ ਰਸਤਾ ਅਪਣਾਇਆ ਜਾ ਸਕਦਾ ਹੈ। 11 ਫਰਵਰੀ ਤੋਂ ਅਗਲੀ ਸੂਚਨਾ ਤੱਕ ਪਟਿਆਲਾ-ਰਾਜਪੁਰਾ-ਸ਼ੰਭੂ ਰਸਤੇ ਅੰਬਾਲਾ-ਦਿੱਲੀ ਜਾਣ ਵਾਲੇ ਰਾਹਗੀਰਾਂ ਨੂੰ ਉਪਰੋਕਤ ਦਰਸਾਏ ਬਦਲਵੇਂ ਰਸਤੇ ਅਪਨਾਉਣ ਦੀ ਸਲਾਹ ਦਿੱਤੀ ਹੈ।

ਇਸ ਦੌਰਾਨ ਬਦਲਵੇਂ ਰੂਟਾਂ ਕਾਰਨ ਪਟਿਆਲਾ-ਚੰਡੀਗੜ੍ਹ ਆਵਾਜਾਈ 'ਤੇ ਮਾੜਾ ਅਸਰ ਪੈ ਗਿਆ ਹੈ। ਜਾਮ ਲੱਗਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

# ਪਿਛਲੀਆਂ ਸਰਕਾਰਾਂ ਨੇ ਪੰਜਾਬ ਨੂੰ ਬਰਬਾਦ ਕੀਤਾ, ਹੁਣ ਮੌਜੂਦਾ ਸਰਕਾਰ ਪੰਜਾਬ ਨੂੰ ਖਤਮ ਕਰਨ ਤੇ ਤੁਲੀ ਹੋਈ : ਕਾਕਾ

**ਪਟਿਆਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮੇਂ—ਸਮੇਂ ਦੀਆਂ ਸਰਕਾਰਾਂ ਤੋਂ ਲੈ ਕੇ ਮੌਜੂਦਾ ਸੂਬਾ ਸਰਕਾਰ ਦੌਰਾਨ ਪੰਜਾਬ ਤੇ ਲਗਾਤਾਰ ਵੱਧ ਰਹੇ ਕਰਜੇ ਦੇ ਭਾਰ ਨੂੰ ਖਤਰੇ ਦੀ ਘੰਟੀ ਮੰਨਦਿਆਂ ਨਿਊ ਪਟਿਆਲਾ ਵੈਲਫੇਅਰ ਕਲੱਬ ਦੇ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਦੀ ਅਗਵਾਈ ਹੇਠ ਰੋਸ ਪ੍ਰਗਟ ਕੀਤਾ ਗਿਆ ਇਸ ਦੌਰਾਨ ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਪੰਜਾਬ ਦੀ ਮੌਜੂਦਾ ਸਥਿਤੀ ਤੇ ਗੰਭੀਰ ਚਿੰਤਾ ਜਾਹਿਰ ਕਰਦਿਆਂ ਕਿਹਾ ਕਿ ਮਾਨ ਸਰਕਾਰ ਨੇ ਲੋਕਾਂ ਨੂੰ ਮੁਫ਼ਤ ਦੇ ਲਾਲਚ ਅਤੇ ਐਲਾਨਾ ਵਿੱਚ ਉਲਝਾ ਕੇ ਮੁੱਖ ਮੰਗਾਂ ਤੇ ਮਸਲਿਆਂ ਤੋਂ ਧਿਆਨ ਹਟਾਉਣ ਦਾ ਕੰਮ ਕੀਤਾ ਜਾ ਰਿਹਾ ਹੈ ਤੇ ਦੂਜੇ ਪਾਸੇ ਗੁਆਢੀ ਸੂਬਿਆਂ *ਚ ਰੈਲੀਆਂ ਪ੍ਰਚਾਰਾਂ ਤੇ ਪੰਜਾਬ ਦਾ ਪੈਸਾ ਪਾਣੀ ਵਾਂਗ ਵਹਾਇਆ ਜਾ ਰਿਹਾ ਹੈ ਜਿਸ ਨਾਲ ਪੰਜਾਬ ਦਾ ਵਿੱਤੀ ਤੌਰ ਤੇ ਭੱਠਾ ਬੈਠ ਰਿਹਾ ਹੈ। ਜਿਸ ਨੇ ਪੰਜਾਬ ਦੀ ਅੰਦਰਲੀ ਆਰਥਿਕਤਾ ਨੂੰ ਕਮਜ਼ੋਰ ਕੀਤਾ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅੱਜ ਪੰਜਾਬ ਦੇ 3 ਕਰੋੜ ਲੋਕਾਂ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ ਹੈ ਨਾ ਹਸਪਤਾਲ ਬਣੇ ਨਾ ਡਾਕਟਰ ਹਨ ਤੇ ਨਾ ਹੀ ਦਵਾਈਆਂ ਹਨ ਤੇ ਨਾ ਹੀ ਸਕੂਲਾਂ *ਚ ਅਧਿਆਪਕਾ ਦੀ ਵੀ ਬਹੁਤ ਘਾਟ ਹੈ ਕਈ ਕਾਲਜ ਬੰਦ ਹੋਣ ਦੇ ਕਿਨਾਰੇ ਤੇ ਹਨ ਨਾ ਰੋਜ਼ਗਾਰ ਨੌਕਰੀਆਂ ਦਾ ਪ੍ਰਬੰਧ ਹੋਇਆ ਤੇ ਇੰਡਸਟਰੀਆਂ ਵਾਲੇ ਪੰਜਾਬ ਨੂੰ ਛੱਡ ਕੇ ਭੱਜ ਰਹੇ ਹਨ ਤੇ ਨਾ ਹੀ ਕੋਈ ਵਿਕਾਸ ਹੋਇਆ ਹੈ। ਬਿਜਲੀ ਦਾ ਬੁਰਾ ਹਾਲ ਹੈ। ਪੰਜਾਬ ਦੇ ਹਲਾਤ ਖਸਤਾ ਅਤੇ ਨਾਜ਼ੁਰ ਹੋਣ ਦੇ ਬਾਵਜੂਦ ਉੱਤੋ 750 ਕਰੋੜ ਰੁਪਏ ਫੋਕੀ ਇਸ਼ਤਿਹਾਰਬਾਜੀ ਵਿੱਚ ਪਾਣੀ ਵਾਂਗ ਵਹਾ ਬਰਬਾਦ ਕੀਤੇ ਜਾ ਰਹੇ ਹਨ ਅਤੇ ਸਰਕਾਰ ਵੱਲੋਂ ਸਟੇਜ਼ਾਂ ਤੇ ਖੜ ਕੇ ਪਾਰਟੀ ਮੈਂਬਰਾਂ ਤੋਂ ਤਾੜੀਆਂ ਬਜਵਾਈਆਂ ਜਾ ਰਹੀਆਂ ਹਨ ਕੇਵਲ ਪੰਜਾਬ ਚੁਟਕਲੀਆਂ ਨਾਲ ਨਹੀਂ ਚਲਦਾ ਇਸ ਲਈ ਕੰਮ ਕਰਨ ਦੀ ਲੋੜ ਹੁੰਦੀ ਹੈ। ਪੰਜਾਬ ਦੀ ਸੱਤਾ ਪਰਿਵਰਤਨ ਤੋਂ ਬਾਅਦ ਵੀ ਕਈ ਹਜਾਰਾਂ ਕਰੋੜਾਂ ਰੁਪਏ ਦਾ ਕਰਜਾ ਲੈਣ ਦਾ ਸਿਲਸਿਲਾ ਆਪ ਸਰਕਾਰ ਵੱਲੋਂ ਲਗਾਤਾਰ ਜਾਰੀ ਹੈ। ਵਿਕਾਸ ਕਰਨ ਵਾਲਾ ਪੈਸਾ ਇਸ ਪਾਰਟੀ ਦੇ ਪ੍ਰਚਾਰਾਂ ਤੇ ਰੈਲੀਆਂ ਵਿੱਚ ਲਗ ਰਿਹਾ ਹੈ। ਆਮ ਆਦਮੀ ਪਾਰਟੀ ਪੰਜਾਬ ਨੂੰ ਕਰਜਾ ਮੁਫ਼ਤ ਬਣਾਉਣ ਦੇ ਨਾਮ ਤੇ ਬਣੀ ਸੀ ਹੁਣ ਇਹ ਸਰਕਾਰ ਪੰਜਾਬ ਨੂੰ ਕਰਜਾਈ ਤੇ ਕੰਗਾਲ ਕਰਨ ਤੇ ਲੱਗੀ ਹੋਈ ਹੈ। ਪਿਛਲੀਆਂ ਸਰਕਾਰਾਂ ਨੇ ਪੰਜਾਬ ਨੂੰ ਬਰਬਾਦ ਕੀਤਾ ਹੁਣ ਮੌਜੂਦਾ ਸਰਕਾਰ ਪੰਜਾਬ ਨੂੰ ਖਤਮ ਕਰਨ ਤੇ ਤੁਲੀ ਹੋਈ ਹੈ। ਅੱਜ ਲੋੜ ਹੈ ਕਰਜਾ ਤੇ ਨਸ਼ਾ ਮੁਕਤ ਪੰਜਾਬ ਨੂੰ ਬਣਾਉਣ ਦੀ ਜੇਕਰ ਪੰਜਾਬ ਦੇ ਲੋਕ ਅੱਜ ਵੀ ਨਾ ਜਾਗਣਗੇ ਤਾਂ ਇਨ੍ਹਾਂ ਸਿਆਸੀ ਪਾਰਟੀਆਂ ਦੀ ਬੇਇਮਾਨੀ ਇਸੇ ਤਰ੍ਹਾਂ ਚਲਦੀ ਰਹੇਗੀ। ਪ੍ਰਧਾਨ ਅਰਵਿੰਦਰ ਕੁਮਾਰ ਕਾਕਾ ਨੇ ਪੰਜਾਬ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਰਜੇ ਦਾ ਭਾਰ ਹਰ ਵਿਅਕਤੀ ਦੇ ਉੱਪਰ ਪੈ ਰਿਹਾ ਹੈ ਜਿਸ ਦੇ ਵਿਰੁੱਧ ਹਰ ਇੱਕ ਵਿਅਕਤੀ ਪੰਜਾਬ ਨੂੰ ਕਰਜ਼ਾ ਮੁਕਤ ਕਰਵਾਉਣ ਲਈ ਆਪਣੀ ਅਵਾਜ ਬੁਲੰਦ ਕਰਨ ਤਾਂ ਜੋ ਪੰਜਾਬ ਦੇ ਲੋਕਾਂ ਲਈ ਮਹਿੰਗਾਈ, ਭੁੱਖਮਰੀ ਅਤੇ ਆਰਥਿਕ ਸਮੱਸਿਆਵਾਂ ਹੋਰ ਵੱਧ ਖੜੀਆਂ ਨਾ ਹੋਣ। ਇਸ ਮੌਕੇ ਪ੍ਰਭਜੀਤ ਸਿੰਘ, ਹੁਕਮ ਸਿੰਘ, ਜਗਜੀਤ ਸਿੰਘ, ਹਰਜੀਤ ਸਿੰਘ, ਸੋਨੂੰ ਕੁਮਾਰ, ਕਰਮ ਸਿੰਘ ਮਾਨ ਸਿੰਘ, ਅਮਜੀਤ ਸਿੰਘ, ਸਰਵਨ ਕੁਮਾਰ, ਰਾਮ ਪ੍ਰਸਾਦ, ਰਾਜਪਤ, ਯਸ਼ ਕੁਮਾਰ, ਚਰਨਜੀਤ ਚੌਹਾਨ, ਸੰਤ ਸਿੰਘ, ਪ੍ਰਕਾਸ਼ ਸਿੰਘ, ਸ਼ੌਕਤ ਅਲੀ, ਜਗਤਾਰ ਸਿੰਘ, ਪਾਲਾ ਸਿੰਘ ਆਦਿ ਹਾਜਰ ਸਨ।

# ਭਾਜਪਾ ਸਰਕਾਰ ਹਜ਼ੂਰ ਸਾਹਿਬ ਗੁਰਦੁਆਰਾ ਕਾਨੂੰਨ 'ਚ ਬੇਲੋੜੀਆਂ ਸੋਧਾਂ ਤੁਰੰਤ ਵਾਪਸ ਲਵੇ : ਗਲੋਬਲ ਸਿੱਖ ਕੌਂਸਲ ਵੱਲੋਂ ਮੰਗ

## ➢ ਪ੍ਰਧਾਨ ਮੰਤਰੀ ਮੋਦੀ ਨੂੰ ਤੁਰੰਤ ਦਖਲ ਦੇਣ ਤੇ ਸਿੱਖ ਭਾਵਨਾਵਾਂ ਦਾ ਸਤਿਕਾਰ ਕਰਨ ਦੀ ਅਪੀਲ
## ➢ ਰਾਜਸੀ ਪਾਰਟੀਆਂ ਨੂੰ ਗੁਰਦੁਆਰਾ ਮਾਮਲਿਆਂ 'ਚ ਦਖ਼ਲਅੰਦਾਜ਼ੀ ਬੰਦ ਕਰਨ ਦੀ ਤਾਕੀਦ

**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਸ਼ਵ ਭਰ ਦੀਆਂ ਕੌਮੀ ਪੱਧਰ ਦੀਆਂ ਸਿੱਖ ਜਥੇਬੰਦੀਆਂ ਦੀ ਕਨਫੈਡਰੇਸ਼ਨ ਵਜੋਂ ਕਾਰਜਸ਼ੀਲ, ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਭਾਜਪਾ ਦੀ ਅਗਵਾਈ ਵਾਲੀ ਮਹਾਰਾਸ਼ਟਰ ਸਰਕਾਰ ਵੱਲੋਂ ਤਖ਼ਤ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਬੋਰਡ ਨਾਂਦੇੜ ਕਾਨੂੰਨ, 1956 ਵਿੱਚ ਪ੍ਰਸਤਾਵਿਤ ਸੋਧਾਂ ਕਰਨ ਦੀ ਸਖ਼ਤ ਨਿਖੇਧੀ ਕਰਦਿਆਂ ਚੇਤਾਵਨੀ ਦਿੱਤੀ ਹੈ ਕਿ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਦੇ ਅਜਿਹੇ ਇਕਪਾਸੜ ਤੇ ਬੇਲੋੜੇ ਫੈਸਲੇ ਸਿੱਖ ਗੁਰਦੁਆਰਾ ਪ੍ਰਬੰਧਾਂ ਦੀ ਘੋਰ ਉਲੰਘਣਾ ਹੈ ਅਤੇ ਸਿੱਖ ਕੌਮ ਵੱਲੋਂ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇੱਕ ਬਿਆਨ ਵਿੱਚ ਜੀ.ਐਸ.ਸੀ. ਦੀ ਪ੍ਰਧਾਨ ਲੇਡੀ ਸਿੰਘ ਡਾ. ਕੰਵਲਜੀਤ ਕੌਰ, ਓ.ਬੀ.ਈ., ਨੇ ਮਹਾਰਾਸ਼ਟਰ ਵਿੱਚ ਭਾਜਪਾ ਸਰਕਾਰ ਵੱਲੋਂ ਸਿੱਖ ਭਾਵਨਾਵਾਂ ਪ੍ਰਤੀ ਕੀਤੀ ਜਾ ਰਹੀ ਲਗਾਤਾਰ ਅਣਦੇਖੀ ਨੂੰ ਉਜਾਗਰ ਕਰਦਿਆਂ ਅਫ਼ਸੋਸ ਪ੍ਰਗਟ ਕੀਤਾ ਕਿ ਇਸ ਕਾਨੂੰਨ ਵਿੱਚ ਸੋਧਾਂ ਸਿਰਫ਼ ਦੱਖਣੀ ਰਾਜਾਂ ਵਿੱਚ ਸਥਿਤ ਸਿੱਖਾਂ ਦੇ ਪੰਜਵੇਂ ਪਾਵਨ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਪ੍ਰਬੰਧਾਂ ਉੱਤੇ ਕਬਜ਼ਾ ਕਰਨ ਦੀ ਮਾੜੀ ਨੀਅਤ ਨਾਲ ਕੀਤੀਆਂ ਗਈਆਂ ਹਨ।

ਡਾ ਕੰਵਲਜੀਤ ਕੌਰ ਨੇ ਕਿਹਾ ਕਿ ਪਹਿਲਾਂ, ਭਾਜਪਾ ਪਾਰਟੀ ਨੇ ਨਾਂਦੇੜ ਸਾਹਿਬ ਬੋਰਡ ਦੇ ਪ੍ਰਧਾਨ ਦੀ ਨਿਯੁਕਤੀ ਲਈ ਲੋਕਤੰਤਰੀ ਚੋਣ ਪ੍ਰਕਿਰਿਆ ਨੂੰ ਕਮਜ਼ੋਰ ਕਰਦਿਆਂ ਆਪਣੇ ਪਸੰਦੀਦਾ ਬੋਰਡ ਪ੍ਰਧਾਨ ਥੋਪਣ ਲਈ ਕਾਨੂੰਨ ਦੀ ਧਾਰਾ 11 ਵਿੱਚ ਸੋਧ ਕੀਤੀ ਸੀ। ਹੁਣ, ਮੌਜੂਦਾ ਭਾਜਪਾ ਸ਼ਾਸਕ ਬੋਰਡ ਵਿਚ ਸਿੱਖ ਸੰਸਥਾਵਾਂ ਵੱਲੋਂ ਨਾਮਜ਼ਦ ਕੀਤੇ ਜਾਂਦੇ ਮੈਂਬਰਾਂ ਦੀ ਗਿਣਤੀ ਨੂੰ ਸੀਮਤ ਕਰਦਿਆਂ ਸਰਕਾਰ ਦੁਆਰਾ ਨਾਮਜ਼ਦ ਮੈਂਬਰਾਂ ਦੀ ਗਿਣਤੀ ਵਿਚ ਵਾਧਾ ਕੀਤਾ ਜਾ ਰਿਹਾ ਹੈ ਜੋ ਕਿ ਪਾਵਨ ਸਿੱਖ ਧਾਰਮਿਕ ਅਸਥਾਨਾਂ 'ਤੇ ਕਬਜ਼ਾ ਕਰਨ ਦੀ ਸ਼ਰੇਆਮ ਧੱਕੇਸ਼ਾਹੀ ਕੀਤੀ ਜਾ ਰਹੀ ਹੈ।

ਭਾਜਪਾ ਵੱਲੋਂ ਸਿੱਖ ਗੁਰਦਵਾਰਾ ਸੰਸਥਾਵਾਂ 'ਤੇ ਗੈਰਜਮਹੂਰੀ ਤਰੀਕਿਆਂ ਨਾਲ ਕੀਤੇ ਜਾ ਰਹੇ ਬੇਰਹਿਮ ਹਮਲੇ ਦਾ ਡਟ ਕੇ ਵਿਰੋਧ ਕਰਨ ਲਈ ਵਿਸ਼ਵ ਭਰ ਦੇ ਸਿੱਖਾਂ ਨੂੰ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੰਦਿਆਂ ਲੇਡੀ ਸਿੰਘ ਨੇ ਭਾਜਪਾ ਪਾਰਟੀ ਵੱਲੋਂ 67 ਸਾਲ ਪੁਰਾਣੇ ਇਸ ਸਿੱਖ ਗੁਰਦਵਾਰਾ ਕਾਨੂੰਨ ਵਿੱਚ ਸੋਧਾਂ ਕਰਨ ਤੋਂ ਪਹਿਲਾਂ ਸਿੱਖ ਆਗੂਆਂ ਅਤੇ ਸਿੱਖਾਂ ਦੀਆਂ ਸਥਾਪਤ ਸੰਸਥਾਵਾਂ ਨਾਲ ਸਾਰਥਕ ਸਲਾਹ-ਮਸ਼ਵਰਾ ਨਾ ਕਰਨ ਦੀ ਵੀ ਨਿਖੇਧੀ ਕੀਤੀ। ਗਲੋਬਲ ਸਿੱਖ ਕੌਂਸਲ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੂੰ ਬਿਨਾਂ ਕਿਸੇ ਦੇਰੀ ਦੇ ਇਸ ਕਾਨੂੰਨ ਵਿੱਚ ਗੈਰ-ਜ਼ਰੂਰੀ, ਅਨੈਤਿਕ, ਗੈਰ-ਕਾਨੂੰਨੀ ਅਤੇ ਗੈਰ-ਸੰਵਿਧਾਨਕ ਸੋਧਾਂ ਨੂੰ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ ਹੈ।

# ਭਾਰਤੀ ਕਿਸਾਨ ਯੂਨੀਅਨ ਵੱਲੋਂ ਨਵੀਂ ਖੇਤੀ ਨੀਤੀ ਅਤੇ ਭਖਦੇ ਕਿਸਾਨੀ ਮਸਲਿਆਂ ਨੂੰ ਲੈ ਕੇ ਪੰਜਾਬ ਸਰਕਾਰ ਵਿਰੁੱਧ ਰੋਸ ਮੁਜ਼ਾਹਰਾ

**ਮਲੇਰਕੋਟਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਜ਼ਿਲ੍ਹਾ ਮਾਲੇਰਕੋਟਲਾ ਵੱਲੋਂ ਨਵੀਂ ਖੇਤੀ ਨੀਤੀ ਅਤੇ ਭਖਦੇ ਕਿਸਾਨੀ ਮਸਲਿਆਂ ਨੂੰ ਲੈ ਕੇ ਪੰਜਾਬ ਸਰਕਾਰ ਵਿਰੁੱਧ ਜ਼ਿਲ੍ਹਾ ਪੱਧਰੇ ਪੰਜ ਰੋਜ਼ਾ ਪੱਕੇ ਮੋਰਚੇ ਸੈਂਕੜਿਆਂ ਦੀ ਤਾਦਾਦ ਵਿੱਚ ਦੂਸਰੀ ਰਾਤ ਕੜਾਕੇ ਦੀ ਠੰਢ 'ਚ ਕੱਟਣ ਮਗਰੋਂ ਤੀਜੇ ਦਿਨ ਹੋਰ ਵੀ ਭਰਵੇਂ ਹੋ ਗਏ। ਪ੍ਰੈੱਸ ਦੇ ਨਾਂ ਇੱਥੇ ਜਾਰੀ ਕੀਤੇ ਗਏ ਸਾਂਝੇ ਬਿਆਨ ਰਾਹੀਂ ਇਹ ਜਾਣਕਾਰੀ ਦਿੰਦੇ ਹੋਏ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਸਿੰਘ ਭੂਦਨ ਅਤੇ ਜ਼ਿਲ੍ਹਾ ਜਰਨਲ ਸਕੱਤਰ ਕੇਵਲ ਸਿੰਘ ਭੜੀ ਨੇ ਦੱਸਿਆ ਕਿ ਅੱਜ ਵੀ ਜ਼ਿਲ੍ਹੇ ਵਿੱਚ ਸੈਂਕੜੇ ਔਰਤਾਂ ਅਤੇ ਭਾਰੀ ਗਿਣਤੀ ਨੌਜਵਾਨਾਂ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਮੋਰਚੇ ਵਿੱਚ ਸ਼ਾਮਲ ਹੋਏ। ਵਾਅਦਾਖਿਲਾਫੀ ਦੀ ਦੋਸ਼ੀ ਆਪ ਪਾਰਟੀ ਦੀ ਮਾਨ ਸਰਕਾਰ ਵਿਰੁੱਧ ਕਿਸਾਨਾਂ ਦਾ ਰੋਹ ਆਕਾਸ਼ ਗੁੰਜਾਊ ਨਾਹਰਿਆਂ ਰਾਹੀਂ ਜ਼ਾਹਰ ਹੋ ਰਿਹਾ ਸੀ। ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਇੱਕਸੁਰ ਹੋ ਕੇ ਜ਼ੋਰਦਾਰ ਮੰਗ ਕੀਤੀ ਕਿ ਕਿਸਾਨ ਮਜ਼ਦੂਰ ਪੱਖੀ ਖੇਤੀ ਨੀਤੀ ਤੁਰੰਤ ਜਾਰੀ ਕਰੋ; ਕਿਸਾਨਾਂ ਮਜ਼ਦੂਰਾਂ ਨੂੰ ਖ਼ੁਦਕੁਸ਼ੀਆਂ ਲਈ ਮਜਬੂਰ ਕਰ ਰਹੇ ਸਮੁੱਚੇ ਕਰਜ਼ਿਆਂ 'ਤੇ ਲੀਕ ਮਾਰੋ; ਕਰਜਾਗ੍ਰਸਤ ਖੁਦਕੁਸ਼ੀ ਪੀੜਤ ਪਰਿਵਾਰਾਂ ਨੂੰ 10-10 ਲੱਖ ਰੁਪਏ ਤੇ 1-1 ਪੱਕੀ ਨੌਕਰੀ ਅਤੇ ਮੁਕੰਮਲ ਕਰਜ਼ਾ ਮੁਕਤੀ ਦੀ ਰਾਹਤ ਤੁਰੰਤ ਦਿਓ; ਪੰਜਾਬ ਦੀ ਜਵਾਨੀ ਨੂੰ ਮੌਤ ਦੇ ਮੂੰਹ ਧੱਕ ਰਹੇ ਤੇ ਗੁੰਡਾਗਰਦੀ ਨੂੰ ਸਿਖਰੀਂ ਪਹੁੰਚਾ ਰਹੇ ਚਿੱਟੇ ਵਰਗੇ ਸਿੰਥੈਟਿਕ ਨਸ਼ਿਆਂ ਦੇ ਖਾਤਮੇ ਲਈ ਉਤਪਾਦਕ ਫੈਕਟਰੀਆਂ ਦੇ ਮਾਲਕਾਂ/ਥੋਕ ਵਪਾਰੀਆਂ/ਸਮਗਲਰਾਂ ਤੇ ਉਨ੍ਹਾਂ ਦੇ ਸਰਪ੍ਰਸਤ ਸਿਆਸਤਦਾਨਾਂ ਸਮੇਤ ਉੱਚ ਪੁਲਿਸ/ਸਿਵਲ ਅਫ਼ਸਰਸ਼ਾਹੀ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰੋ ਅਤੇ ਨਸ਼ਿਆਂ ਦੇ ਜਾਲ਼ ਵਿੱਚ ਫ਼ਸੇ ਨਸ਼ੇੜੀਆਂ ਦੇ ਇਲਾਜ ਦੇ ਪੁਖਤਾ ਪ੍ਰਬੰਧ ਕਰੋ; ਹੜ੍ਹਾਂ, ਫਸਲੀ ਰੋਗਾਂ, ਨਕਲੀ ਬੀਜਾਂ ਦਵਾਈਆਂ ਆਦਿ ਨਾਲ ਹੋਈ ਫ਼ਸਲੀ ਤਬਾਹੀ ਦੀ ਪੂਰੀ ਭਰਪਾਈ ਵਾਲਾ ਮੁਆਵਜ਼ਾ ਏਕੜ ਨੂੰ ਆਧਾਰ ਮੰਨ ਕੇ ਕਾਸ਼ਤਕਾਰਾਂ ਨੂੰ ਤੁਰੰਤ ਦਿਓ; ਕਾਸ਼ਤਕਾਰਾਂ ਦੀ ਜ਼ਮੀਨੀ ਤੋਟ ਪੂਰੀ ਕਰਨ ਤੇ ਆਬਾਦਕਾਰ ਕਿਸਾਨਾਂ ਮਜ਼ਦੂਰਾਂ ਨੂੰ ਕਾਬਜ਼ ਜ਼ਮੀਨਾਂ ਦੇ ਮਾਲਕੀ ਹੱਕ ਤੁਰੰਤ ਦਿਓ; ਹਰ ਬਾਲਗ ਪੰਜਾਬੀ ਨੂੰ ਪੱਕਾ ਰੁਜ਼ਗਾਰ ਦਿਓ; 60 ਸਾਲ ਤੋਂ ਵੱਧ ਉਮਰ ਦੇ ਹਰ ਕਿਸਾਨ ਮਜ਼ਦੂਰ ਮਰਦ ਔਰਤ ਨੂੰ 10000 ਰੁਪਏ ਮਹੀਨਾ ਪੈਨਸ਼ਨ ਦਿਓ; ਅਵਾਰਾ ਪਸ਼ੂਆਂ ਤੇ ਕੁੱਤਿਆਂ ਸਮੇਤ ਸੂਰਾਂ ਦਾ ਸਥਾਈ ਹੱਲ ਕਰੋ; ਸਰਕਾਰੀ ਪ੍ਰਬੰਧਾਂ ਦੀ ਘਾਟ ਕਾਰਨ ਪਰਾਲ਼ੀ ਸਾੜਨ ਲਈ ਮਜਬੂਰ ਕਿਸਾਨਾਂ ਉੱਤੇ ਮੜ੍ਹੇ ਗਏ ਜੁਰਮਾਨੇ, ਪੁਲਿਸ ਕੇਸ ਤੇ ਲਾਲ ਐਂਟਰੀਆਂ ਰੱਦ ਕਰੋ; ਹਰ ਖੇਤ ਤੱਕ ਨਹਿਰੀ ਪਾਣੀ ਪੁੱਜਦਾ ਕਰਨ ਅਤੇ ਫਾਲਤੂ ਦਰਿਆਈ ਪਾਣੀ ਸਮੇਤ ਹੜ੍ਹਾਂ ਦਾ ਪਾਣੀ ਧਰਤੀ ਵਿੱਚ ਮੁੜ-ਭਰਾਈ ਕਰਨ ਦੇ ਪ੍ਰਬੰਧ ਤੁਰੰਤ ਕਰੋ; ਗੰਨਾ ਉਤਪਾਦਕਾਂ ਦੇ ਮਿੱਲਾਂ ਵੱਲ ਖੜ੍ਹੇ ਕ੍ਰੋੜਾਂ ਰੁਪਏ ਦੇ ਬਕਾਏ ਤੁਰੰਤ ਅਦਾ ਕਰੋ ਅਤੇ ਗੰਨੇ ਦਾ ਰੇਟ 450 ਰੁਪਏ ਪ੍ਰਤੀ ਕੁਇੰਟਲ ਕਰੋ; ਕਿਸਾਨ ਦੇ ਵੱਸੋਂ ਬਾਹਰੀ ਹਰ ਕਿਸਮ ਦੀ ਫਸਲੀ ਤਬਾਹੀ ਦੀ ਪੂਰੀ ਭਰਪਾਈ ਵਾਲ਼ਾ ਫ਼ਸਲੀ ਬੀਮਾ ਸਰਕਾਰੀ ਖਰਚੇ 'ਤੇ ਲਾਗੂ ਕਰੋ; ਖੇਤੀ ਮੋਟਰਾਂ ਅਤੇ ਘਰੇਲੂ ਬਿਜਲੀ ਸਪਲਾਈ ਵਿੱਚ ਸਮਾਰਟ ਮੀਟਰ ਲਾਉਣੇ ਬੰਦ ਕਰੋ। ਮਾਲੇਰਕੋਟਲਾ ਤੋਂ ਆਦਮਵਾਲ ਰੋਡ ਉਪਰ ਇੱਕ ਹੱਡਾ ਰੋੜੀ ਹੈ ਜਿੱਥੇ ਠੇਕੇਦਾਰ ਵੱਲੋਂ ਬਾਹਰੋਂ ਮਰੇ ਹੋਏ ਪਸ਼ੂ ਲਿਆ ਕੇ ਛੁੱਟੇ ਜਾਂਦੇ ਹਨ ਜਿਸ ਕਾਰਨ ਕਾਫੀ ਬਦਬੂ ਆਉਂਦੀ ਹੈ ਨਾਲ ਹੀ ਕੌਨਵੈਂਟ ਸਕੂਲ ਹੈ ਜਿਸ ਵਿਚ ਹਜ਼ਾਰਾਂ ਬੱਚੇ ਪੜ੍ਹਦੇ ਹਨ ਮਰੇ ਹੋਏ ਪਸ਼ੂਆਂ ਦੀ ਬਦਬੂ ਕਾਰਨ ਬੱਚੇ ਬਿਮਾਰ ਹੋ ਸਕਦੇ ਹਨ ਅਤੇ ਰਾਹਗੀਰਾਂ ਨੂੰ ਕਾਫੀ ਸਮੱਸਿਆ ਆਉਂਦੀ ਹੈ ਪ੍ਰਸ਼ਾਸਨ ਵੱਲੋਂ ਜਲਦੀ ਧਿਆਨ ਦਿੱਤਾ ਜਾਵੇ ਨਹੀਂ ਜਥੇਬੰਦੀ ਨੂੰ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ।ਇਕੱਠਾਂ ਨੂੰ ਸੰਬੋਧਨ ਕਰਨ ਵਾਲੇ ਹੋਰ ਮੁੱਖ ਬੁਲਾਰਿਆਂ ਵਿੱਚ ਨਿਰਮਲ ਅਲੀਪੁਰ, ਰਜਿੰਦਰ ਸਿੰਘ ਭੋਗੀਵਾਲ, ਰਵਿੰਦਰ ਸਿੰਘ ਕਾਸਾਮਪੁਰ, ਸਰਬਜੀਤ ਸਾਬਰੀ, ਗੁਰਮੇਲ ਕੌਰ ਦੁੱਲਮਾਂ, ਗੁਰਮੀਤ ਕੌਰ ਕੁਠਾਲਾ, ਹਰਬੰਸ ਕੌਰ ਭੋਗੀਵਾਲ,ਚਰਨਜੀਤ ਸਿੰਘ ਹਥਨ, ਜਗਤਾਰ ਸਿੰਘ ਸਰੌਦ, ਚਮਕੌਰ ਸਿੰਘ ਚੌਂਦਾਂ,ਗੁਰਪ੍ਰੀਤ ਸਿੰਘ ਹਥਨ, ਇਕਾਈ ਪੱਧਰੇ ਸਥਾਨਕ ਆਗੂ ਸ਼ਾਮਲ ਸਨ। ਉਨ੍ਹਾਂ ਦੋਸ਼ ਲਾਇਆ ਕਿ ਫ਼ਸਲੀ ਤਬਾਹੀਆਂ ਦੇ ਮੁਆਵਜ਼ੇ ਤੇ ਸ਼ਹੀਦ ਕਿਸਾਨਾਂ ਮਜ਼ਦੂਰਾਂ ਦੇ ਵਾਰਸਾਂ ਨੂੰ ਨੌਕਰੀਆਂ ਲੈਣ ਲਈ ਅਤੇ ਜ਼ਮੀਨਾਂ ਤੇ ਘਰ ਜ਼ਬਰਦਸਤੀ ਅਕਵਾਇਰ/ਨਿਲਾਮ ਕਰਨ ਵਿਰੁੱਧ ਮਹੀਨਿਆਂ ਬੱਧੀ ਚੱਲ ਰਹੇ ਪੱਕੇ ਮੋਰਚਿਆਂ ਨੂੰ ਨਜ਼ਰਅੰਦਾਜ਼ ਕਰਕੇ ਮਾਨ ਸਰਕਾਰ ਆਪਣੇ ਕਿਸਾਨ ਮਜ਼ਦੂਰ ਵਿਰੋਧੀ ਕਿਰਦਾਰ ਉੱਤੇ ਮੋਹਰ ਲਾ ਰਹੀ ਹੈ।

ਇਨ੍ਹਾਂ ਪੰਜ ਰੋਜ਼ਾ ਧਰਨਿਆਂ ਦੀ ਆਵਾਜ਼ ਨੂੰ ਵੀ ਮਾਨ ਸਰਕਾਰ ਵੱਲੋਂ ਅਣਸੁਣੀ ਕਰਨ ਦੀ ਸੂਰਤ ਵਿੱਚ ਮੋਰਚੇ ਦਾ ਅਗਲਾ ਪੜਾਅ ਚੰਡੀਗੜ੍ਹ ਵਿਖੇ ਪੱਕਾ ਮੋਰਚਾ ਲਾਉਣਾ ਹੋਵੇਗਾ, ਜਿਸਦੇ ਸਮਾਂ ਸਥਾਨ ਬਾਰੇ ਐਲਾਨ 10 ਫ਼ਰਵਰੀ ਨੂੰ ਕੀਤਾ ਜਾਵੇਗਾ

# ਝੂਠ ਦੇ ਮਹਿਲ ਉਸਾਰਨ ਵਾਲੀ ਭਾਜਪਾ ਨੂੰ ਦੂਰੋਂ ਸਲਾਮ: ਸਿੱਧੂ

**ਪਟਿਆਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਅੱਜ ਇੱਥੇ ਕਿਹਾ ਕਿ ਭਾਜਪਾ ਸਰਕਾਰ ਕੇਂਦਰ ਵਿੱਚ ਬੈਠ ਕੇ ਸਾਰੇ ਦੇਸ਼ ਵਿੱਚ ਝੂਠ ਦੇ ਮਹਿਲ ਉਸਾਰ ਰਹੀ ਹੈ ਅਤੇ ਉੱਥੇ ਉਨ੍ਹਾਂ ਵਰਗੇ ਖਰੀਆਂ-ਖਰੀਆਂ ਕਹਿਣ ਵਾਲੇ ਬੰਦੇ ਦੀ ਕੋਈ ਵੁੱਕਤ ਨਹੀਂ ਹੈ। ਸਿੱਧੂ ਨੇ ਕਿਹਾ ਕਿ ਉਹ ਕਾਂਗਰਸ ਕਦੇ ਨਹੀਂ ਛੱਡਣਗੇ ਤੇ ਨਾ ਹੀ ਝੂਠ ਬੋਲਣ ਵਾਲੀ ਭਾਜਪਾ ਨੂੰ ਮੂੰਹ ਲਾਉਣਗੇ।

ਮੀਡੀਆ ਨਾਲ ਗੱਲਬਾਤ ਕਰਦਿਆਂ ਨਵਜੋਤ ਸਿੱਧੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਉਨ੍ਹਾਂ ਦੇ ਸਵਾਲ ਸਦਾ ਖੜ੍ਹੇ ਰਹਿਣਗੇ ਕਿ ਉਨ੍ਹਾਂ ਹਰ ਭਾਰਤ ਵਾਸੀ ਦੇ ਖਾਤੇ ਵਿੱਚ 15 ਲੱਖ ਰੁਪਏ ਪਾਉਣ ਦਾ ਝੂਠ ਕਿਉਂ ਫੈਲਾਇਆ, ਨੌਜਵਾਨਾਂ ਨੂੰ ਹਰ ਸਾਲ 2 ਕਰੋੜ ਨੌਕਰੀਆਂ ਦੇਣ ਦਾ ਝੂਠਾ ਵਾਅਦਾ ਕਿਉਂ ਕੀਤਾ ਤੇ ਕਾਲਾ ਧਨ ਲਿਆਉਣ ਦਾ ਵਾਅਦਾ ਕਰਕੇ ਦੇਸ਼ ਨਾਲ ਧੋਖਾ ਕਿਉਂ ਕੀਤਾ। ਭਾਰਤੀ ਜਨਤਾ ਪਾਰਟੀ ਵਿੱਚ ਜਾਣ ਦੀਆਂ ਚਰਚਾਵਾਂ ਨੂੰ ਖਾਰਜ ਕਰਦਿਆਂ ਸਿੱਧੂ ਨੇ ਕਿਹਾ ਕਿ ਉਨ੍ਹਾਂ ਦੇ ਪਿਤਾ ਭਗਵੰਤ ਸਿੰਘ ਨੇ ਕਾਂਗਰਸ ਨੂੰ ਹੀ ਪਿਆਰ ਕੀਤਾ ਜੋ ਉਨ੍ਹਾਂ ਦੇ ਆਦਰਸ਼ ਹਨ ਕਿਉਂਕਿ ਸਿਰਫ਼ ਕਾਂਗਰਸ ਦੀ ਵਿਚਾਰਧਾਰਾ ਹੀ ਦੇਸ਼ ਨੂੰ ਏਕੇ ਵਿੱਚ ਰੱਖ ਸਕਦੀ ਹੈ, ਇਸ ਕਰਕੇ ਉਹ ਭਾਰਤੀ ਜਨਤਾ ਪਾਰਟੀ ਦਾ ਦਰ ਕਦੇ ਨਹੀਂ ਖੜਕਾਉਣਗੇ। 11 ਫਰਵਰੀ ਦੀ ਰੈਲੀ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਉਹ ਰੈਲੀ ਵਿੱਚ ਬਿਨਾਂ ਬੁਲਾਏ ਨਹੀਂ ਜਾਣਗੇ ਪਰ ਕੁੱਲ ਹਿੰਦ ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਦਾ ਸਵਾਗਤ ਅੱਖਾਂ ਵਿਛਾ ਕੇ ਕਰਨਗੇ। ਸਿੱਧੂ ਨੇ ਕਿਹਾ ਕਿ ਸਥਾਨਕ ਸਰਕਾਰਾਂ ਮੰਤਰੀ ਹੁੰਦਿਆਂ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਕੇਬਲ ਮਾਫ਼ੀਆ, ਰੇਤ ਮਾਫ਼ੀਆ ਸਮੇਤ ਕਈ ਫਾਈਲਾਂ ਤਿਆਰ ਕਰਕੇ ਦਿੱਤੀਆਂ ਸਨ, ਪਰ ਕਿਸੇ ਫਾਈਲ 'ਤੇ ਗੌਰ ਨਾ ਕੀਤਾ ਗਿਆ ਤੇ ਅਖੀਰ ਉਨ੍ਹਾਂ ਨੂੰ ਬੁਲਾ ਕੇ ਕੈਪਟਨ ਅਮਰਿੰਦਰ ਨੇ ਡਿਪਟੀ ਮੁੱਖ ਮੰਤਰੀ ਬਣਾਉਣ ਦੀ ਗੱਲ ਆਖੀ ਸੀ, ਜਿਸ ਨੂੰ ਉਨ੍ਹਾਂ ਠੁਕਰਾ ਦਿੱਤੀ ਸੀ। ਸਿੱਧੂ ਨੇ ਕਿਹਾ ਕਿ ਉਨ੍ਹਾਂ ਬਿਕਰਮ ਸਿੰਘ ਮਜੀਠੀਆ ਨੂੰ ਮੁਆਫ਼ ਨਹੀਂ ਕੀਤਾ, ਪਰ ਆਪਣੇ ਅੰਦਰੋਂ ਉਸ ਵਿਰੁੱਧ ਵੈਰ ਕੱਢ ਦਿੱਤਾ ਹੈ। ਜੇਕਰ ਮਜੀਠੀਆ ਮੁੜ ਪੰਜਾਬ ਦੇ ਵਿਰੋਧ ਵਿੱਚ ਬੋਲੇਗਾ ਤਾਂ ਉਹ ਮੁੜ ਉਸ ਦਾ ਵਿਰੋਧ ਕਰਨਗੇ।

# ਨਸ਼ੇ ਨੇ ਨਿਗਲਿਆ ਇੱਕ ਹੋਰ ਨੌਜਵਾਨ, ਪਰਿਵਾਰ ਦਾ ਇਕਲੌਤਾ ਪੁੱਤਰ ਸੀ

## ਕੂੰਮ ਕਲਾਂ ਥਾਣੇ 'ਚ ਪੈਂਦੇ ਸਤਲੁਜ ਦਰਿਆ ਕਿਨਾਰਿਓਂ ਮਿਲੀ ਸੀ ਲਾਸ਼

**ਮਾਛੀਵਾੜਾ ਸਾਹਿਬ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪਿਛਲੇ ਦੋ ਦਿਨ ਪਹਿਲਾਂ ਥਾਣਾ ਕੂੰਮ ਕਲਾਂ ਦੇ ਅਧੀਨ ਆਉਂਦੇ ਸਤਲੁਜ ਦਰਿਆ ਦੇ ਧੁੱਸੀ ਬੰਨ੍ਹ ਤੋਂ ਇਕ ਨੌਜਵਾਨ ਦੀ ਲਾਸ਼ ਮਿਲੀ ਸੀ, ਜਿਸਦੀ ਪੁਲਸ ਨੂੰ ਪਛਾਣ ਨਹੀਂ ਹੋ ਸਕੀ ਪਰ ਅੱਜ ਜਦੋਂ ਉਸਦੀ ਤਸਵੀਰ ਸੋਸ਼ਲ ਮੀਡੀਆ ਅਤੇ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੋਈ ਤਾਂ ਇਹ ਨੌਜਵਾਨ ਨੇੜਲੇ ਪਿੰਡ ਰਤੀਪੁਰ ਦਾ ਨਿਵਾਸੀ ਜਸ਼ਨਪ੍ਰੀਤ ਸਿੰਘ (28) ਨਿਕਲਿਆ।

ਪਿੰਡ ਰਤੀਪੁਰ ਦੇ ਕਿਸਾਨ ਰਣਜੋਧ ਸਿੰਘ ਦਾ ਇਕਲੌਤਾ ਪੁੱਤਰ ਜਸ਼ਨਪ੍ਰੀਤ ਸਿੰਘ ਮਾੜੀ ਸੰਗਤ ਵਿਚ ਪੈਣ ਕਾਰਨ ਨਸ਼ੇ ਕਰਨ ਦਾ ਆਦੀ ਹੋ ਗਿਆ ਸੀ। ਇਹ ਨੌਜਵਾਨ ਨਸ਼ੇ ਛੱਡਣਾ ਚਾਹੁੰਦਾ ਸੀ, ਜਿਸ ਕਾਰਨ ਉਸਦਾ ਨਸ਼ਾ ਛੁਡਾਓ ਕੇਂਦਰ ਵਿਚ ਇਲਾਜ ਵੀ ਚੱਲ ਰਿਹਾ ਸੀ ।

ਕੁਝ ਦਿਨ ਪਹਿਲਾਂ ਤੋਂ ਹੀ ਉਹ ਨਸ਼ਾ ਛੁਡਾਓ ਕੇਂਦਰ ਵਿਚੋਂ ਵਾਪਸ ਆਇਆ ਸੀ ਨੂੰ ਅਤੇ ਹੁਣ ਉਹ ਘਰੋਂ ਮਾਪਿਆਂ ਨੂੰ ਕਹਿ ਕੇ ਗਿਆ ਕਿ ਉਹ ਨਸ਼ੇ ਛੱਡਣਾ ਚਾਹੁੰਦਾ ਹੈ ਅਤੇ ਮੁੜ ਨਸ਼ਾ ਛੁਡਾਓ ਕੇਂਦਰ ਵਿਚ ਇਲਾਜ ਕਰਵਾਉਣ ਜਾ ਰਿਹਾ ਹੈ।

ਪਰਿਵਾਰਕ ਮੈਂਬਰਾਂ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਘਰੋਂ ਉਹ ਆਪਣੇ ਬੈਗ ਵਿਚ ਕੱਪੜੇ ਤੇ ਮੋਬਾਇਲ ਲੈ ਕੇ ਰਾੜਾ ਸਾਹਿਬ ਨੇੜ੍ਹੇ ਨਸ਼ਾ ਛੁਡਾਓ ਕੇਂਦਰ ਵਿਚ ਜਾਣ ਲਈ ਕਹਿ ਕੇ ਚਲਾ ਗਿਆ। ਪਰਿਵਾਰਕ ਮੈਂਬਰਾਂ ਅਨੁਸਾਰ ਉਨ੍ਹਾਂ ਦਾ ਪੁੱਤਰ ਨਸ਼ਾ ਛੁਡਾਓ ਕੇਂਦਰ ਵਿਚ ਆਪਣਾ ਇਲਾਜ ਕਰਵਾ ਰਿਹਾ ਹੈ ਪਰ ਦੋ ਦਿਨ ਪਹਿਲਾਂ ਉਸਦੀ ਲਾਸ਼ ਲਵਾਰਿਸ ਹਾਲਤ 'ਚ ਸਤਲੁਜ ਦਰਿਆ ਕਿਨਾਰਿਓਂ ਮਿਲੀ।

**ਪਰਿਵਾਰ ਨੇ ਉਸ ਦੇ ਸਾਥੀਆਂ ਤੇ ਸ਼ੱਕ ਜ਼ਾਹਿਰ ਕੀਤਾ**

ਅੱਜ ਜਦੋਂ ਮਾਪਿਆਂ ਨੇ ਆਪਣੇ ਨੌਜਵਾਨ ਪੁੱਤਰ ਦੀ ਤਸਵੀਰ ਅਖ਼ਬਾਰ ਵਿਚ ਦੇਖੀ ਤਾਂ ਉਨ੍ਹਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਕਿ ਉਨ੍ਹਾਂ ਦਾ ਇਕਲੌਤਾ ਪੁੱਤਰ ਇਸ ਜਹਾਨ ਤੋਂ ਜਾ ਚੁੱਕਾ ਹੈ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਸ਼ੱਕ ਹੈ ਕਿ ਉਨ੍ਹਾਂ ਦੇ ਪੁੱਤਰ ਜਸ਼ਨਪ੍ਰੀਤ ਸਿੰਘ ਨੂੰ ਉਸ ਨਾਲ ਨਸ਼ਾ ਕਰਨ ਵਾਲੇ ਸਾਥੀਆਂ ਨੇ ਨਸ਼ਾ ਦੇ ਕੇ ਮਾਰ ਦਿੱਤਾ ਅਤੇ ਫਿਰ ਲਾਸ਼ ਨੂੰ ਸਤਲੁਜ ਦਰਿਆ ਕਿਨਾਰੇ ਸੁੱਟ ਦਿੱਤਾ। ਮ੍ਰਿਤਕ ਕੋਲ ਜੋ ਉਸਦੇ ਕੱਪੜਿਆਂ ਵਾਲਾ ਬੈਗ, ਮੋਬਾਇਲ ਤੇ ਹੋਰ ਦਸਤਾਵੇਜ਼ ਸਨ, ਉਹ ਵੀ ਨਹੀਂ ਮਿਲੇ, ਤਾਂ ਜੋ ਉਸਦੀ ਪਛਾਣ ਨਾ ਹੋ ਸਕੇ।

ਫਿਲਹਾਲ ਪੁਲਸ ਵਲੋਂ ਮਾਪਿਆਂ ਦੇ ਬਿਆਨ ਦਰਜ ਕਰ ਕੇ ਧਾਰਾ-174 ਤਹਿਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ ਅਤੇ ਲਾਸ਼ ਦਾ ਪੋਸਟ ਮਾਰਟਮ ਕਰਵਾਇਆ ਜਾਵੇਗਾ, ਜਿਸ ਦੀ ਰਿਪੋਰਟ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਜਸ਼ਨਪ੍ਰੀਤ ਸਿੰਘ ਦੀ ਮੌਤ ਕਿਵੇਂ ਹੋਈ।

**ਨਸ਼ਿਆਂ ਦੀ ਦਲਦਲ ਵਿਚੋਂ ਨਿਕਲ ਕੇ ਵਿਦੇਸ਼ ਸੈਟਲ ਹੋਣਾ ਚਾਹੁੰਦਾ ਸੀ ਜਸ਼ਨਪ੍ਰੀਤ**

ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤਰ ਜਸ਼ਨਪ੍ਰੀਤ ਸਿੰਘ ਨਸ਼ਿਆਂ ਦੀ ਦਲਦਲ 'ਚੋਂ ਨਿਕਲ ਕੇ ਵਿਦੇਸ਼ ਜਾ ਕੇ ਸੈਟਲ ਹੋਣਾ ਚਾਹੁੰਦਾ ਸੀ । ਪਰਿਵਾਰ ਨੇ ਉਸਨੂੰ ਵਿਦੇਸ਼ ਭੇਜਣ ਦੀ ਕਿਸੇ ਏਜੰਟ ਕੋਲ ਫਾਈਲ ਵੀ ਲਾਈ ਹੋਈ ਸੀ ਪਰ ਹੋਣੀ ਅਜਿਹੀ ਵਾਪਰੀ ਕਿ ਨਾ ਤਾਂ ਜਸ਼ਨਪ੍ਰੀਤ ਸਿੰਘ ਨਸ਼ੇ ਦੀ ਦਲਦਲ 'ਚੋਂ ਨਿਕਲ ਸਕਿਆ ਅਤੇ ਨਾ ਹੀ ਵਿਦੇਸ਼ ਜਾ ਸਕਿਆ। ਮ੍ਰਿਤਕ ਜਸ਼ਨਪ੍ਰੀਤ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਜਿਸ ਦਾ ਕੋਈ ਵੀ ਭੈਣ ਜਾਂ ਭਰਾ ਨਹੀਂ, ਜਿਸ ਕਾਰਨ ਪਰਿਵਾਰ ਉੱਪਰ ਤਾਂ ਦੁੱਖਾਂ ਦਾ ਪਹਾੜ ਟੁੱਟ ਗਿਆ।

# ਯੂਨੀਵਰਸਿਟੀ ਕਾਲਜ ਘਨੌਰ ਵਿਖੇ ਪਲੇਸਮੈਂਟ ਕੈਂਪ 12 ਫਰਵਰੀ ਨੂੰ

**ਪਟਿਆਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵੱਲੋਂ ਯੂਨੀਵਰਸਿਟੀ ਕਾਲਜ ਘਨੌਰ ਵਿਖੇ 12 ਫਰਵਰੀ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਅਨੁਰਾਗ ਗੁਪਤਾ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਵਿੱਚ ਬੈਂਕ, ਹੈਲਥ ਕੇਅਰ, ਯਸ਼ੋਧਾ ਗਰੁੱਪ, ਸਕਾਈ ਇੰਟਰਨੈਸ਼ਨਲ ਵਿੱਚ ਵੈਲਨੇੱਸ ਐਡਵਾਈਜ਼ਰ, ਰਿਲੇਸ਼ਨਸ਼ਿਪ ਮੈਨੇਜਰ, ਮੈਨੇਜਮੈਂਟ ਟਰੇਨਿੰਗ, ਡਰਾਈਵਰ, ਸੈੱਲ ਕੰਸਲਟੈਂਟ, ਫ਼ੀਲਡ ਅਫ਼ਸਰ, ਟੈਲੀ ਕਾਲਰ, ਐਡਮਿਨ ਸੁਪਰਵਾਈਜ਼ਰ, ਵਰਕਸ਼ਾਪ ਮੈਨੇਜਰ ਦੀਆਂ ਅਸਾਮੀਆਂ ਲਈ ਉਮੀਦਵਾਰਾਂ ਦੀ ਇੰਟਰਵਿਊ ਲਈ ਜਾਵੇਗੀ। ਜਿਸ ਵਿੱਚ ਅੱਠਵੀਂ ਪਾਸ ਤੋਂ ਲੈ ਕੇ ਪੋਸਟ ਗ੍ਰੈਜੂਏਟ ਪਾਸ ਪ੍ਰਾਰਥੀ ਤੇ ਉਮਰ ਹੱਦ 18 ਸਾਲ ਤੋਂ 35 ਸਾਲ ਹੋਵੇ, ਭਾਗ ਲੈ ਸਕਦੇ ਹਨ।

ਇਸ ਕੈਂਪ ਵਿਚ ਸਵੈ ਰੋਜ਼ਗਾਰ ਸਬੰਧੀ ਵੱਖ-ਵੱਖ ਸਰਕਾਰੀ ਅਦਾਰਿਆਂ ਦੇ ਅਧਿਕਾਰੀ ਵੀ ਭਾਗ ਲੈਣਗੇ। ਸਵੈ ਰੋਜ਼ਗਾਰ ਦੇ ਚਾਹਵਾਨ ਉਮੀਦਵਾਰ ਇਸ ਕੈਂਪ ਵਿਚ ਸ਼ਾਮਲ ਹੋਕੇ ਸਵੈ ਰੋਜ਼ਗਾਰ ਅਤੇ ਸਰਕਾਰੀ ਸਕੀਮਾਂ ਦੇ ਲੋਨ ਸਬੰਧੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

ਇਸ ਕੈਂਪ ਵਿਚ ਪ੍ਰਾਰਥੀ ਆਪਣੇ ਹੁਨਰ ਜਾਂ ਕੌਸ਼ਲ ਵਿਚ ਵਾਧਾ ਕਰਨ ਲਈ ਸਕਿੱਲ ਦੇ ਕੋਰਸਾਂ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਸ ਸੁਵਿਧਾ ਲਈ ਪੰਜਾਬ ਸਕਿੱਲ ਡਿਵੈਲਪਮੈਂਟ ਮਿਸ਼ਨ ਦੇ ਅਧਿਕਾਰੀ ਵੀ ਇਸ ਕੈਂਪ ਵਿਚ ਭਾਗ ਲੈਣਗੇ।

ਡਿਪਟੀ ਡਾਇਰੈਕਟਰ ਨੇ ਨੌਕਰੀ ਦੇ ਇੱਛੁਕ ਉਮੀਦਵਾਰਾਂ ਨੂੰ ਕੈਂਪ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਚਾਹਵਾਨ ਉਮੀਦਵਾਰ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਫ਼ੋਟੋ ਕਾਪੀਆਂ, ਆਈ.ਡੀ. ਪਰੂਫ਼ ਅਤੇ ਰਜ਼ਿਊਮ ਨਾਲ ਲੈ ਕੇ ਆਉਣ ਅਤੇ ਇਸ ਕੈਂਪ ਵਿੱਚ ਵੱਧ ਤੋਂ ਵੱਧ ਭਾਗ ਲੈਣ। ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਬਿਊਰੋ ਦੇ ਹੈਲਪ ਲਾਈਨ ਨੰਬਰ 9877610877 ਤੇ ਸੰਪਰਕ ਕਰ ਸਕਦੇ ਹੋ।

# ਇੱਕ ਲੱਖ ਤੋਂ ਵੱਧ ਨਸ਼ੀਲੀਆਂ ਗੋਲੀਆਂ ਬਰਾਮਦ

**ਪਟਿਆਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਥਾਣਾ ਸਦਰ ਰਾਜਪੁਰਾ ਦੀ ਪੁਲੀਸ ਨੇ ਇੱਕ ਲੱਖ ਤੋਂ ਵੱਧ ਨਸ਼ੀਲੀਆਂ ਗੋਲੀਆਂ ਸਣੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਥਾਣਾ ਸਦਰ ਰਾਜਪੁਰਾ ਦੇ ਐੱਸਐੱਚਓ ਇੰਸਪੈਕਟਰ ਕਿਰਪਾਲ ਸਿੰਘ ਮੋਹੀ ਦੀ ਟੀਮ ਨੇ ਰਾਜਪੁਰਾ ਦੇ ਡੀਐੱਸਪੀ ਬਿਕਰਮਜੀਤ ਬਰਾੜ ਦੀ ਅਗਵਾਈ ਹੇਠ ਕਾਰਵਾਈ ਕਰਦਿਆਂ ਇੱਕ ਲੱਖ, ਪੰਜ ਹਜ਼ਾਰ (1.05 ਲੱਖ) ਨਸ਼ੀਲੀਆਂ ਗੋਲੀਆਂ ਦੀ ਖ਼ੇਪ ਬਰਾਮਦ ਕੀਤੀ ਹੈ।

ਇੱਥੇ ਪੁਲੀਸ ਲਾਈਨ 'ਚ ਐੱਸਐੱਸਪੀ ਵਰੁਣ ਸ਼ਰਮਾ ਤੇ ਐੱਸਪੀ (ਡੀ) ਯੋਗੇਸ਼ ਸ਼ਰਮਾ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਕੁਲਵਿੰਦਰ ਸਿੰਘ ਕਿੰਦੀ ਵਾਸੀ ਦੋਰਾਹਾ ਅਤੇ ਬਲਵਿੰਦਰ ਸਿੰਘ ਬਿੱਲਾ ਵਾਸੀ ਪਿੰਡ ਰਾਜਗੜ੍ਹ ਥਾਣਾ ਦੋਰਾਹਾ ਜ਼ਿਲ੍ਹਾ ਲੁਧਿਆਣਾ ਵਜੋਂ ਹੋਈ ਹੈ। ਉਨ੍ਹਾਂ ਮੁਤਾਬਕ ਥਾਣਾ ਸਦਰ ਰਾਜਪੁਰਾ ਦੀ ਪੁਲੀਸ ਨੇ ਕੁਲਵਿੰਦਰ ਸਿੰਘ ਕਿੰਦੀ ਅਤੇ ਬਲਵਿੰਦਰ ਸਿੰਘ ਬਿੱਲਾ ਨੂੰ ਕੌਮੀ ਮਾਰਗ 'ਤੇ ਲਾਏ ਨਾਕੇ 'ਤੇ ਕਾਬੂ ਕੀਤਾ, ਜਿੱਥੇ ਤਲਾਸ਼ੀ ਦੌਰਾਨ ਦੋਵਾਂ ਕੋਲੋਂ ਪਾਬੰਦੀਸ਼ੁਦਾ ਲੋਮੋਟਿਲ ਦੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ।

ਇੰਸਪੈਕਟਰ ਕਿਰਪਾਲ ਮੋਹੀ ਵੱਲੋਂ ਕੀਤੀ ਗਈ ਮੁੱਢਲੀ ਪੁੱਛ-ਪੜਤਾਲ ਦੇ ਹਵਾਲੇ ਨਾਲ ਐੱਸਐੱਸਪੀ ਨੇ ਦੱਸਿਆ ਕਿ ਪਿਛਲੇ ਸਮੇਂ ਤੋਂ ਨਸ਼ਾ ਤਸਕਰੀ 'ਚ ਲੱਗੇ ਦੋਵੇਂ ਮੁਲਜ਼ਮ ਮਾਲਵਾ ਖੇਤਰ ਵਿੱਚ ਵੱਡੇ ਪੱਧਰ 'ਤੇ ਨਸ਼ਿਆਂ ਦੀ ਸਪਲਾਈ ਕਰਦੇ ਸਨ। ਇਸ ਸਬੰਧੀ ਪਤਾ ਲੱਗਣ 'ਤੇ ਰਾਜਪੁਰਾ ਪੁਲੀਸ ਨੇ ਪੈੜ ਨੱਪਦਿਆਂ ਉਕਤ ਦੋਵਾਂ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਰਾਜਪੁਰਾ ਦੇ ਡੀਐੱਸਪੀ ਬਿਕਰਮਜੀਤ ਬਰਾੜ ਦਾ ਕਹਿਣਾ ਸੀ ਕਿ ਮੁਲਜ਼ਮ ਇਹ ਨਸ਼ੀਲੇ ਪਦਾਰਥ ਸਹਾਰਨਪੁਰ (ਉੱਤਰ ਪ੍ਰਦੇਸ਼) ਤੋਂ ਲਿਆ ਕੇ ਪੰਜਾਬ ਵਿੱਚ ਸਪਲਾਈ ਕਰਦੇ ਸਨ। ਇੰਸਪੈਕਟਰ ਕਿਰਪਾਲ ਮੋਹੀ ਨੇ ਦੱਸਿਆ ਕਿ ਦੋਵਾਂ ਖ਼ਿਲਾਫ ਕੇਸ ਦਰਜ ਕਰ ਕੇ ਰਿਮਾਂਡ ਹਾਸਲ ਕਰ ਲਿਆ ਗਿਆ ਹੈ।

# ਰੇਰਾ ਦੇ ਚੇਅਰਮੈਨ ਦੇ ਅਸਤੀਫ਼ੇ ਸਬੰਧੀ ਸੀਬੀਆਈ ਜਾਂਚ ਹੋਵੇ: ਮਜੀਠੀਆ



**ਚੰਡੀਗੜ੍ਹ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅੱਜ ਪੰਜਾਬ ਰੀਅਲ ਅਸਟੇਟ ਰੈਗੂਲੇਟਰੀ ਅਥਾਰਟੀ (ਰੇਰਾ) ਦੇ ਚੇਅਰਮੈਨ ਸਤਿਆ ਗੋਪਾਲ ਵੱਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦੇ ਮਾਮਲੇ ਦੀ ਸੀਬੀਆਈ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਅਰਵਿੰਦ ਕੇਜਰੀਵਾਲ ਦੇ ਨਿੱਜੀ ਸਹਾਇਕ ਤੋਂ ਕੀਤੀ ਗਈ ਪੁੱਛ-ਪੜਤਾਲ ਮਗਰੋਂ ਉਸ ਨੂੰ ਅਸਤੀਫਾ ਦੇਣ ਲਈ ਮਜਬੂਰ ਕੀਤਾ ਗਿਆ ਹੈ। ਮਜੀਠੀਆ ਨੇ ਕਿਹਾ ਕਿ ਦਿੱਲੀ ਦਾ ਸਾਬਕਾ ਅਫਸਰਸ਼ਾਹ ਸਤਿਆ ਗੋਪਾਲ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਚਹੇਤਾ ਸੀ। ਉਨ੍ਹਾਂ ਸਤਿਆ ਗੋਪਾਲ 'ਤੇ ਕੇਜਰੀਵਾਲ ਲਈ ਮਨੀ ਕਲੈਕਸ਼ਨ ਏਜੰਟ ਵਜੋਂ ਕੰਮ ਕਰਨ ਦੇ ਦੋਸ਼ ਵੀ ਲਗਾਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕੋਲੋਨਾਈਨਜ਼ਰਾਂ ਅਤੇ ਬਿਲਡਰਾਂ ਨੇ ਇਸ ਦੀ ਸ਼ਿਕਾਇਤ ਵੀ ਕੀਤੀ ਹੈ। ਮਜੀਠੀਆ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਉਹ ਦੱਸਣ ਕਿ ਸਤਿਆ ਗੋਪਾਲ ਦੀ ਯੋਗਤਾ ਕੀ ਹੈ, ਜੋ ਉਸ ਨੂੰ ਪੰਜਾਬ ਦੇ ਕਿਸੇ ਵੀ ਹੋਰ ਯੋਗ ਉਮੀਦਵਾਰਾਂ ਦੇ ਮੁਕਾਬਲੇ ਰੇਰਾ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ।

# ਮੁਲਜ਼ਮ ਚੋਰੀ ਦੇ ਮੋਟਰਸਾਈਕਲ ਸਣੇ ਕਾਬੂ



**ਸਮਾਣਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਮਨਗਰ ਪੁਲੀਸ ਨੇ ਕੁਝ ਦਿਨ ਪਹਿਲਾਂ ਪਿੰਡ ਕਰਹਾਲੀ ਦੇ ਖੇਤਾਂ ਵਿੱਚੋਂ ਚੋਰੀ ਕੀਤੇ ਗਏ ਮੋਟਰਸਾਈਕਲ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਹੈ ਜਦੋਂਕਿ ਉਸਦੇ ਤਿੰਨ ਹੋਰ ਸਾਥੀ ਹਾਲੇ ਪੁਲੀਸ ਦੀ ਗ੍ਰਿਫਤ ਤੋਂ ਬਾਹਰ ਹਨ। ਰਾਮਨਗਰ ਚੌਕੀ ਮੁਖੀ ਅੰਗਰੇਜ਼ ਸਿੰਘ ਨੇ ਦੱਸਿਆ ਕਿ ਕੁਲਵਿੰਦਰ ਸਿੰਘ ਵਾਸੀ ਸਸਾ ਗੁਜਰਾਂ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਹ ਕਰਹਾਲੀ ਨੇੜੇ ਜ਼ਮੀਨ ਠੇਕੇ 'ਤੇ ਲੈ ਕੇ ਖੇਤੀ ਕਰਦਾ ਹੈ। 17 ਦਸੰਬਰ ਨੂੰ ਉਹ ਮੋਟਰਸਾਈਕਲ 'ਤੇ ਖੇਤ 'ਚ ਫਸਲ ਨੂੰ ਪਾਣੀ ਲਾਉਣ ਗਿਆ ਸੀ। ਜਦੋਂ ਉਹ ਮੋਟਰ ਚਲਾ ਕੇ ਵਾਪਸ ਆਇਆ ਤਾਂ ਮੋਟਰਸਾਈਕਲ ਗਾਇਬ ਸੀ ਜਿਸ ਦੀ ਭਾਲ ਕਰਨ 'ਤੇ ਉਸ ਨੇ ਪੁਲੀਸ ਨੂੰ ਦੱਸਿਆ ਕਿ ਉਸ ਦਾ ਮੋਟਰਸਾਈਕਲ ਮਨਪ੍ਰੀਤ ਸਿੰਘ ਵਾਸੀ ਰਾਮ ਨਗਰ, ਗੁਰਧਿਆਨ ਸਿੰਘ ਵਾਸੀ ਸਸਾ ਗੁਜਰਾ, ਜੇਠੂ, ਕੁਲਵੀਰ ਸਿੰਘ ਵਾਸੀ ਪਿੰਡ ਹਮਝੇੜੀ ਹਰਿਆਣਾ ਨੇ ਚੋਰੀ ਕੀਤਾ ਹੈ।

ਇਨ੍ਹਾਂ ਵਿੱਚੋਂ ਇੱਕ ਮੁਲਜ਼ਮ ਨੂੰ ਬੀਤੀ ਕੱਲ੍ਹ ਰਾਮਨਗਰ ਚੌਕ ਵਿੱਚੋਂ ਚੋਰੀ ਦੇ ਮੋਟਰਸਾਈਕਲ ਸਣੇ ਮਨਪ੍ਰੀਤ ਸਿੰਘ ਨੂੰ ਕਾਬੂ ਕਰ ਬਾਕੀ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਮੁਲਜ਼ਮ ਨੇ ਇੱਕ ਹੋਰ ਮੋਟਰਸਾਈਕਲ ਚੋਰੀ ਕਰਨ ਦੀ ਗੱਲ ਵੀ ਕਬੂਲੀ ਹੈ।

# ਹਥਿਆਰਾਂ ਦੇ ਜਨਤਕ ਪ੍ਰਦਰਸ਼ਨ, ਹਥਿਆਰ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਹੋਵੇਗੀ ਪਾਬੰਦੀ

**ਮਾਨਸਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਮੁੱਖ ਸਕੱਤਰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਪੰਜਾਬ ਸਰਕਾਰ ਵੱਲੋਂ ਪ੍ਰਾਪਤ ਹੋਈਆਂ ਹਦਾਇਤਾਂ ਤਹਿਤ ਵਧੀਕ ਜ਼ਿਲ੍ਹਾ ਮੈਜਿਸਟਰੇਟ ਸ਼੍ਰੀ ਨਿਰਮਲ ਓਸੇਪਚਨ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਤਹਿਤ ਪ੍ਰਾਪਤ ਅਧਿਕਾਰਾਂ ਤਹਿਤ ਹੁਕਮ ਜਾਰੀ ਕਰਦਿਆਂ ਕਿਹਾ ਹੈ ਕਿ ਪਬਲਿਕ ਅਤੇ ਮੌਜੂਦਾ ਸਥਿਤੀ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹੇ ਅੰਦਰ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਪੂਰਨ ਪਾਬੰਦੀ ਹੋਵੇਗੀ। ਇਹ ਪਾਬੰਦੀ ਸ਼ੋਸ਼ਲ ਮੀਡੀਆ 'ਤੇ ਹਥਿਆਰਾਂ ਦੇ ਪ੍ਰਦਰਸ਼ਨ 'ਤੇ ਵੀ ਲਾਗੂ ਹੋਵੇਗੀ।

ਹੁਕਮ ਵਿਚ ਕਿਹਾ ਗਿਆ ਹੈ ਕਿ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਵੀ ਪੂਰਨ ਪਾਬੰਦੀ ਹੋਵੇਗੀ। ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿਚ ਹਥਿਆਰ ਲਿਜਾਣ ਅਤੇ ਪ੍ਰਦਰਸ਼ਨ ਕਰਨ 'ਤੇ ਪੂਰਨ ਪਾਬੰਦੀ ਹੋਵੇਗੀ। ਜ਼ਿਲ੍ਹੇ ਵਿਚ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਦੇਣ 'ਤੇ ਵੀ ਪੂਰਨ ਪਾਬੰਦੀ ਹੋਵੇਗੀ। ਇਹ ਹੁਕਮ 31 ਮਾਰਚ 2024 ਤੱਕ ਲਾਗੂ ਰਹੇਗਾ।

# ਕੈਂਸਰ ਅਤੇ ਨਸ਼ੇ ਰੋਕੋ ਬਾਰੇ ਬੱਚਿਆਂ ਨੂੰ ਜਾਗਰੂਕ ਕਰਨਾ ਚੰਗਾ ਉਪਰਾਲਾ : ਮੰਜੂ ਗਰਗ




**ਪਟਿਆਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਂਸਰ ਰੋਕਣ ਅਤੇ ਬੱਚਿਆਂ ਨੋਜਵਾਨਾਂ ਨੂੰ ਨਸ਼ਿਆਂ ਅਪਰਾਧਾਂ, ਘਰੇਲੂ ਅਤੇ ਸੜਕੀ ਹਾਦਸਿਆਂ ਤੋਂ ਬਚਾਉਣ ਲਈ ਪੰਜਾਬ ਸਰਕਾਰ ਪੰਜਾਬ ਪੁਲਿਸ ਜ਼ਿਲ੍ਹਾ ਪ੍ਰਸ਼ਾਸਨ ਅਤੇ ਰੈੱਡ ਕਰਾਸ ਸਾਕੇਤ ਹਸਪਤਾਲ ਵੱਲੋਂ ਪ੍ਰਸ਼ੰਸਾਯੋਗ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋਂ ਨਸ਼ਿਆਂ ਦੇ ਵਿਉਪਾਰੀਆਂ ਨੂੰ ਰੋਕਿਆ ਜਾਵੇ ਅਤੇ ਨਸ਼ੇ ਕਰਦੇ ਨੋਜਵਾਨਾਂ ਨਾਗਰਿਕਾਂ ਨੂੰ ਠੀਕ ਕੀਤਾ ਜਾਵੇ, ਇਹ ਵਿਚਾਰ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ, ਗ੍ਰੀਨ ਲੈਂਡ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਨੇ ਪ੍ਰਗਟ ਕੀਤੇ। ਉਨ੍ਹਾਂ ਨੇ ਦੱਸਿਆ ਕਿ ਇਸ ਮੌਕੇ ਗਿਆਨ ਜਯੋਤੀ ਐਜੂਕੇਸ਼ਨਲ ਸੁਸਾਇਟੀ ਦੇ ਪ੍ਰਧਾਨ ਸ੍ਰ ਉਪਕਾਰ ਸਿੰਘ ਦੀ ਅਗਵਾਈ ਹੇਠ ਬੱਚਿਆਂ ਨੂੰ ਜਾਗਰੂਕ ਕਰਨ ਲਈ ਪੰਜਾਬ ਰੈੱਡ ਕਰਾਸ ਸਾਕੇਤ ਹਸਪਤਾਲ ਨਸ਼ਾ ਛੁਡਾਊ ਕੇਂਦਰ ਦੇ ਕਾਉਸਲਰ ਪਰਵਿੰਦਰ ਕੌਰ ਵਰਮਾ ਅਤੇ ਜਸਪ੍ਰੀਤ ਸਿੰਘ ਨੇ ਨਸ਼ਿਆਂ ਦੀ ਆਦਤਾਂ ਦੇ ਕਾਰਨਾਂ ਨਸ਼ੇ ਕਰਦੇ ਲੋਕਾਂ ਦੀਆਂ ਨਿਸ਼ਾਨੀਆਂ ਆਦਤਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਕੇਂਦਰ ਸਾਕੇਤ ਹਸਪਤਾਲ ਵਲੋਂ ਡਿਪਟੀ ਕਮਿਸ਼ਨਰ ਪਟਿਆਲਾ ਜੀ ਦੀ ਸਰਪ੍ਰਸਤੀ ਹੇਠ ਮੁਫ਼ਤ ਇਲਾਜ ਕਰਨ ਲਈ ਡਾਕਟਰ ਨਰਸਾਂ ਅਤੇ ਕਾਉਸਲਰਾਂ ਵਲੋਂ ਯਤਨ ਕੀਤੇ ਜਾ ਰਹੇ ਹਨ। ਸ਼੍ਰੀ ਕਾਕਾ ਰਾਮ ਵਰਮਾ ਨੇ ਕੈਂਸਰ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਫਾਸਟ ਫੂਡ ਜੰਕ ਫੂਡ ਕੋਲਡ ਡਰਿੰਕ ਜ਼ਰਦਾ ਤੰਬਾਕੂ ਆਦਿ ਦੀ ਲਗਾਤਾਰ ਵਰਤੋਂ ਅਤੇ ਫ਼ਲ ਸਬਜ਼ੀਆਂ ਦਾਲਾਂ ਤਾਜੇ ਭੋਜਨ ਸ਼ੁੱਧ ਪਾਣੀ ਹਵਾ ਸੂਰਜ ਦੀ ਧੁੱਪ ਦੀ ਵਰਤੋਂ ਨਾ ਕਰਨਾ ਹਨ। ਉਨ੍ਹਾਂ ਨੇ ਕਿਹਾ ਕਿ ਹਰਰੋਜ ਕਸਰਤਾਂ ਸੈਰ ਯੋਗਾ ਕਰਨ, ਫ਼ਲ ਸਬਜ਼ੀਆਂ ਦਾਲਾਂ ਦੀ ਵੱਧ ਵਰਤੋਂ, ਕੈਂਸਰ ਨੂੰ ਰੋਕਦੇ ਹਨ। ਸ਼੍ਰੀ ਉਪਕਾਰ ਸਿੰਘ ਨੇ ਧੰਨਵਾਦ ਕਰਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ ਸਕੂਲਾਂ ਵਿਖੇ ਚੰਗੀ ਸਿਹਤ ਤਦੰਰੁਸਤੀ ਸੁਰੱਖਿਆ ਬਚਾਉ ਮਦਦ ਸਨਮਾਨ ਉੱਨਤੀ ਖੁਸ਼ਹਾਲੀ ਲਈ ਜਾਗਰੂਕ ਕਰਕੇ ਪੰਜਾਬ ਨੂੰ ਸਿਹਤਮੰਦ ਤਦਰੁੰਸਤ ਸੁਰੱਖਿਆ ਖੁਸ਼ਹਾਲ ਅਤੇ ਰੰਗਲਾ ਪੰਜਾਬ ਬਣਾਇਆ ਜਾ ਸਕਦਾ ਹੈ।

ਉਨ੍ਹਾਂ ਨੇ ਪ੍ਰਿੰਸੀਪਲ ਸ਼੍ਰੀਮਤੀ ਮੰਜੂ ਗਰਗ ਉਨ੍ਹਾਂ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਸਕੂਲ ਵਿਖੇ ਵਿਦਿਆਰਥੀਆਂ ਵਿੱਚ ਪੂਰਨ ਅਨੁਸ਼ਾਸਨ ਆਗਿਆ ਪਾਲਣ ਨਿਮਰਤਾ ਸ਼ਹਿਣਸ਼ੀਲਤਾ ਸਬਰ ਸ਼ਾਂਤੀ ਸਖ਼ਤ ਮਿਹਨਤ ਕਰਨ ਦੇ ਗੁਣ ਹਨ ਅਤੇ ਇਸ ਤਰ੍ਹਾਂ ਦੀਆਂ ਆਦਤਾਂ ਭਾਵਨਾਵਾਂ ਵਿਚਾਰਾਂ ਵਾਲੇ ਵਿਦਿਆਰਥੀ ਹੀ ਹਮੇਸ਼ਾ ਉਨਤੀ ਕਰਦੇ ਹਨ। ਵਿਦਿਆਰਥੀਆਂ ਨੇ ਪ੍ਰਣ ਕੀਤਾ ਕਿ ਉਹ ਨਸ਼ਿਆਂ ਅਪਰਾਧਾਂ ਹਾਦਸਿਆਂ ਅਤੇ ਫਾਸਟ ਫੂਡ ਜੰਕ ਫੂਡ ਕੋਲਡ ਡਰਿੰਕ ਤੋਂ ਬਚਕੇ ਰਹਿਣਗੇ। ਆਪਣੇ ਮਾਪਿਆਂ ਅਧਿਆਪਕਾਂ ਨਿਯਮਾਂ ਕਾਨੂੰਨਾਂ ਦੀ ਪਾਲਣਾ ਕਰਦੇ ਰਹਿਣਗੇ।

# ਪੰਜਾਬੀ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਵੱਲੋਂ ਕੰਪਿਊਟਰੀਕਰਣ ਦਾ ਇੱਕ ਹੋਰ ਪੜਾਅ ਪਾਰ

## ਕੰਮ-ਕਾਜ ਨੂੰ ਵਿਦਿਆਰਥੀ ਕੇਂਦਰਿਤ ਅਤੇ ਬਿਹਤਰ ਬਣਾਉਣ ਲਈ ਪੰਜਾਬੀ ਯੂਨੀਵਰਸਿਟੀ ਵਚਨਬੱਧ: ਪ੍ਰੋ. ਅਰਵਿੰਦ

**ਪਟਿਆਲਾ, 11 ਫਰਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬੀ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਨੇ ਕੰਪਿਊਟਰੀਕਰਣ ਦੀ ਦਿਸ਼ਾ ਵਿੱਚ ਇੱਕ ਹੋਰ ਪੜਾਅ ਪਾਰ ਕਰ ਲਿਆ ਹੈ। ਪ੍ਰੀਖਿਆ ਸ਼ਾਖਾ ਦੀਆਂ ਦੋਵੇਂ ਇਮਾਰਤਾਂ ਵਿੱਚ ਨੈੱਟਵਰਕਿੰਗ ਦਾ ਕਾਰਜ ਮੁਕੰਮਲ ਹੋ ਗਿਆ ਗਿਆ ਹੈ। ਬੀਤੀ ਸ਼ਾਮ ਕੰਟਰੋਲਰ ਪ੍ਰੋ. ਵਿਸ਼ਾਲ ਗੋਇਲ ਦੀ ਅਗਵਾਈ ਵਿੱਚ ਪ੍ਰੀਖਿਆ ਸ਼ਾਖਾ ਦੀ ਟੀਮ ਵੱਲੋਂ ਸਿੰਡੀਕੇਟ ਰੂਮ ਵਿੱਚ ਉਪ-ਕੁਲਪਤੀ ਪ੍ਰੋ. ਅਰਵਿੰਦ ਨੂੰ ਇਸ ਸੰਬੰਧੀ ਇੱਕ ਡੈਮੋ ਦਿੱਤਾ ਗਿਆ।

ਪ੍ਰੋ. ਅਰਵਿੰਦ ਨੇ ਪ੍ਰੀਖਿਆ ਸ਼ਾਖਾ ਦੀ ਸਮੁੱਚੀ ਟੀਮ ਅਤੇ ਕੰਟਰੋਲਰ ਪ੍ਰੋ. ਵਿਸ਼ਾਲ ਗੋਇਲ ਨੂੰ ਵਿਸ਼ੇਸ਼ ਤੌਰ ਉੱਤੇ ਵਧਾਈ ਦਿੰਦਿਆਂ ਕਿਹਾ ਕਿ ਪ੍ਰੀਖਿਆ ਸ਼ਾਖਾ ਦੇ ਕੰਮ ਕਾਜ ਨੂੰ ਬਿਹਤਰ ਬਣਾਉਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ। ਦਿਨ-ਬ-ਦਿਨ ਇਸ ਕੰਮ ਵਿੱਚ ਬਿਹਤਰੀ ਆ ਰਹੀ ਹੈ ਜਿਸ ਨਾਲ਼ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਹੱਲ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਆਪਣੀ ਪ੍ਰੀਖਿਆ ਪ੍ਰਣਾਲ਼ੀ ਨੂੰ ਵਿਦਿਆਰਥੀ ਕੇਂਦਰਿਤ ਬਣਾਉਣ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰਦੀ ਰਹੇਗੀ। ਨਾਲ਼ ਹੀ ਉਨ੍ਹਾਂ ਇਹ ਵੀ ਵਿਸ਼ਵਾਸ਼ ਦਿਵਾਇਆ ਕਿ ਕੰਪਿਊਟਰੀਕਰਣ ਨਾਲ਼ ਕਿਸੇ ਵੀ ਕਰਮਚਾਰੀ ਦੀ ਨੌਕਰੀ ਨੂੰ ਕੋਈ ਖਤਰਾ ਨਹੀਂ ਪੈਦਾ ਹੋਵੇਗਾ। ਉਨ੍ਹਾਂ ਸਮੁੱਚੇ ਕਰਮਚਾਰੀਆਂ ਨੂੰ ਕੰਪਿਊਟਰ ਸਿਖਲਾਈ ਦਿਵਾਉਣ ਬਾਰੇ ਵੀ ਹਦਾਇਤ ਦਿੱਤੀ। ਪ੍ਰੋ. ਵਿਸ਼ਾਲ ਗੋਇਲ ਨੇ ਦੱਸਿਆ ਕਿ ਨੈੱਟਵਰਕਿੰਗ ਦਾ ਇਹ ਸਾਰਾ ਕਾਰਜ ਯੂਨੀਵਰਸਿਟੀ ਦੇ ਕੰਪਿਊਟਰ ਸੈਂਟਰ ਵੱਲੋਂ ਖ਼ੁਦ ਹੀ ਕੀਤਾ ਗਿਆ ਹੈ। ਸਿਰਫ਼ ਨੈੱਟਵਰਕਿੰਗ ਨਾਲ਼ ਸੰਬੰਧਤ ਸਮਾਨ ਹੀ ਬਜ਼ਾਰ ਤੋਂ ਖਰੀਦਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਵਾਈਸ ਚਾਂਸਲਰ ਪ੍ਰੋ. ਅਰਵਿੰਦ ਦੀ ਪ੍ਰਵਾਨਗੀ ਨਾਲ਼ ਇਸ ਮਕਸਦ ਲਈ ਲੋੜੀਂਦੇ ਕੰਪਿਊਟਰ, ਯੂ.ਪੀ.ਐੱਸ. ਅਤੇ ਪ੍ਰਿੰਟਰ ਮੁਹੱਈਆ ਕਰਵਾ ਦਿੱਤੇ ਗਏ ਸਨ ਜੋ ਕਿ ਪ੍ਰੀਖਿਆ ਸ਼ਾਖਾ ਦੇ ਸਾਰੇ ਸੈੱਟਾਂ ਉੱਤੇ ਸਥਾਪਿਤ ਕਰਵਾ ਦਿੱਤੇ ਗਏ ਹਨ। ਪ੍ਰੀਖਿਆ ਸ਼ਾਖਾ ਦੀ ਆਨਲਾਈਨ ਪੋਰਟਲ ਟੀਮ, ਜਿਸ ਵਿੱਚ ਸ੍ਰ. ਦਲਬੀਰ ਸਿੰਘ, ਸ੍ਰ. ਸੁਖਵਿੰਦਰ ਸਿੰਘ, ਸ੍ਰ. ਨਰਿੰਦਰ ਸਿੰਘ ਗਾਂਧੀ ਸ਼ਾਮਿਲ ਹਨ, ਨੇ ਸਾਰੇ ਸੈੱਟਾਂ ਦੇ ਕੰਮ ਨੂੰ ਬਰੀਕੀ ਨਾਲ਼ ਸਮਝ ਕੇ ਵੈੱਬਸਾਈਟ ਦੇ ਰੂਪ ਵਿੱਚ ਉਨ੍ਹਾਂ ਨੂੰ ਸਹੂਲੀਅਤ ਮੁਹੱਈਆ ਕਰਵਾਈ ਜਿਸ ਕਾਰਨ ਸੈੱਟ ਉੱਤੇ ਮੌਜੂਦ ਕਰਮਚਾਰੀ ਕਾਫ਼ੀ ਕੰਮ ਆਪਣੇ ਸੈੱਟ ਉੱਤੇ ਬੈਠ ਕੇ ਬਿਨਾ ਕਿਸੇ ਹੋਰ ਉੱਤੇ ਨਿਰਭਰਤਾ ਤੋਂ ਜਲਦ ਨਿਪਟਾ ਸਕਦੇ ਹਨ। ਅਜਿਹਾ ਹੋਣ ਨਾਲ਼ ਬਹੁਤ ਸਾਰੇ ਕੰਮ ਜੋ ਪਹਿਲਾਂ ਪ੍ਰਿੰਟ ਕੱਢ ਕੇ ਕੀਤੇ ਜਾਂਦੇ ਸਨ, ਉਹ ਹੁਣ ਸਿੱਧੇ ਵੈੱਬਸਾਈਟ ਉੱਤੇ ਹੀ ਕਰ ਦਿੱਤੇ ਜਾਣਗੇ। ਇਸ ਨਾਲ਼ ਸਮਾਂ ਬਚੇਗਾ ਅਤੇ ਕੰਮ ਜਲਦੀ ਹੋਣ ਨਾਲ਼ ਵਿਦਿਆਰਥੀਆਂ ਨੂੰ ਲਾਭ ਮਿਲੇਗਾ।ਸਹਾਇਕ ਰਜਿਸਟਰਾਰ ਜਸਵੰਤ ਸਿੰਘ ਨੇ ਇਸ ਨੂੰ ਸ਼ਲਾਘਾਯੋਗ ਕਦਮ ਦਸਦਿਆਂ ਭਰੋਸਾ ਦਿਵਾਇਆ ਕਿ ਪ੍ਰੀਖਿਆ ਸ਼ਾਖਾ ਦੇ ਕੰਮ ਕਾਜ ਨੂੰ ਤੇਜ਼ ਅਤੇ ਬਿਹਤਰ ਕਰਨ ਲਈ ਹਰ ਤਰ੍ਹਾਂ ਦੇ ਸਹਿਯੋਗ ਸੰਬੰਧੀ ਵਚਨਬੱਧ ਹਨ।

ਸਹਾਇਕ ਰਜਿਸਟਰਾਰ ਜਸਵੰਤ ਕੌਰ ਨੇ ਦੱਸਿਆ ਕਿ ਇਸ ਤਰ੍ਹਾਂ ਕਰਨ ਨਾਲ਼ ਸਾਰੇ ਸੈੱਟਾਂ ਨੂੰ ਜਲਦ ਸਾਰੀ ਸਮੱਗਰੀ ਉਪਲਬਧ ਹੋ ਜਾਇਆ ਕਰੇਗੀ ਅਤੇ ਕੰਮ ਤੇਜ਼ੀ ਨਾਲ਼ ਹੋ ਸਕੇਗਾ।

## ਨਿਯਮਾਂ ਦੀ ਪਾਲਣਾ ਨਾ ਕਰਨ ਕਾਰਨ ਹੋਈ ਹੈ ਪੇਟੀਐੱਮ ਬੈਂਕ ਖਿਲਾਫ ਕਾਰਵਾਈ

ਮੁੰਬਈ 11 ਫਰਵਰੀ। ਭਾਰਤੀ ਰਿਜਰਵ ਬੈਂਕ (ਆਰਬੀਆਈ) ਦੇ ਗਵਰਨਰ ਸਕਤੀਕਾਂਤ ਦਾਸ ਨੇ ਵੀਰਵਾਰ ਨੂੰ ਕਿਹਾ ਕਿ ਪੇਟੀਐੱਮ ਮਾਮਲੇ ਵਿੱਚ ਵਿਵਸਥਾ ਦੇ ਪੱਧਰ 'ਤੇ ਚਿੰਤਾ ਦੀ ਕੋਈ ਗੱਲ ਨਹੀਂ ਹੈ। ਭੁਗਤਾਨ ਬੈਂਕ ਦੇ ਖ਼ਿਲਾਫ ਕਾਰਵਾਈ ਨਿਯਮਾਂ ਦੀ ਪਾਲਣਾ ਨਾ ਕਰਨ ਦੇ ਕਾਰਨ ਹੋਈ ਹੈ। ਦਾਸ ਨੇ ਕਿਹਾ ਕਿ ਆਰਬੀਆਈ ਇੱਕ ਜ਼ਿੰਮੇਵਾਰ ਰੈਗੂਲੇਟਰ ਹੈ। ਉਨ੍ਹਾਂ ਨੇ ਸਵਾਲੀਆ ਲਹਿਜੇ ਵਿੱਚ ਪੁੱਛਿਆ ਕਿ ਜੇਕਰ ਆਰਬੀਆਈ ਦੇ ਦਾਇਰੇ ਵਿੱਚ ਆਉਣ ਵਾਲੀਆਂ ਵਿੱਤੀ ਸੰਸਥਾਵਾਂ ਸਾਰੀਆਂ




ਜਰੂਰਤਾਵਾਂ ਨੂੰ ਪੂਰਾ ਕਰਦੀ ਹੈ ਤਾਂ ਕੇਂਦਰੀ ਬੈਂਕ ਨੂੰ ਕਿਸੇ ਇਕਾਈ ਖ਼ਿਲਾਫ ਕਾਰਵਾਈ ਕਰਨ ਦੀ ਕੀ ਲੋੜ ਹੈ। ਉਹਨਾਂ ਨੇ ਕਿਹਾ ਕਿ ਦੁਵੱਲੇ ਆਧਾਰ 'ਤੇ ਸੰਸਥਾਵਾਂ ਨਾਲ ਕੰਮ ਕਰਦਾ ਹੈ। ਉਨ੍ਹਾਂ ਨੂੰ ਲੋੜੀਂਦਾ ਸਮਾਂ ਦੇ ਕੇ ਨਿਯਮਾਂ ਦੀ ਪਾਲਣਾ ਕਰਨ ਲਈ ਉਤਸਾਹਿਤ ਕਰਦਾ ਹੈ। ਨਿਗਰਾਨੀ ਪੱਧਰ 'ਤੇ ਹੀ ਕਾਰਵਾਈ ਕੀਤੀ ਜਾਂਦੀ ਹੈ, ਜਦੋਂ ਸਬੰਧਤ ਯੂਨਿਟ ਦੁਆਰਾ ਲੋੜੀਂਦੇ ਕਦਮ ਨਹੀਂ ਚੁੱਕੇ ਜਾਂਦੇ। ਉਨ੍ਹਾਂ ਨੇ ਕਿਹਾ ਕਿ ਇਹ ਕਾਰਵਾਈ ਵਿਵਸਥਾ ਦੇ ਪੱਧਰ 'ਤੇ ਸਥਿਰਤਾ ਜਾਂ ਜਮ੍ਹਾਕਰਤਾਵਾਂ ਜਾਂ ਗਾਹਕਾਂ ਦੇ ਹਿੱਤਾਂ ਦੀ ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਕੀਤੀ ਗਈ ਹੈ। ਗਵਰਨਰ ਦਾਸ ਨੇ ਵਿੱਤੀ ਖੇਤਰ ਵਿੱਚ ਨਵੀਨਤਾ ਨੂੰ ਉਤਸਾਹਿਤ ਕਰਨ ਲਈ ਕੇਂਦਰੀ ਬੈਂਕ ਦੀ ਵਚਨਬੱਧਤਾ ਨੂੰ ਦੁਹਰਾਇਆ ਹੈ। ਉਨ੍ਹਾਂ ਨੇ ਕਿਹਾ ਕਿ ਇਸ ਬਾਰੇ 'ਕੋਈ ਸੱਕ' ਨਹੀਂ ਹੋਣਾ ਚਾਹੀਦਾ। ਉਨ੍ਹਾਂ ਨੇ ਕਿਹਾ ਕਿ ਆਰਬੀਆਈ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਕੇਂਦਰੀ ਬੈਂਕ ਚਿੰਤਾਵਾਂ ਨੂੰ ਦੂਰ ਕਰਨ ਲਈ ਅਗਲੇ ਹਫਤੇ (ਅਕਸਰ ਪੁੱਛੇ ਜਾਣ ਵਾਲੇ ਸਵਾਲ) ਜਾਰੀ ਕਰੇਗਾ। ਆਰਬੀਆਈ ਦੇ ਡਿਪਟੀ ਗਵਰਨਰ ਸਵਾਮੀਨਾਥਨ ਜੇ ਨੇ ਕਿਹਾ ਕਿ ਵਿੱਤੀ ਤਕਨਾਲੋਜੀ (ਫਿਨਟੇਕ) ਵਿਰੁੱਧ ਕਾਰਵਾਈ ਨਿਯਮਾਂ ਦੀ ਲਗਾਤਾਰ ਗੈਰ-ਪਾਲਣਾ ਕਾਰਨ ਕੀਤੀ ਗਈ ਹੈ।

### ਭਗੰਦਰ ਦੇ ਪੁਖਤਾ ਇਲਾਜ ਲਈ ਸੁਣੋ ਫਾਇਦੇਮੰਦ ਨੁਸਖੇ

ਜਲੰਧਰ 11 ਫਰਵਰੀ। ਭਗੰਦਰ ਇਕ ਬੀਮਾਰੀ ਹੈ, ਜਿਸ 'ਚ ਟਾਇਲੇਟ ਵਾਲੀ ਜਗ੍ਹਾ 'ਚ ਗਲੈਂਡ 'ਚ ਇਨਫੈਕਸ਼ਨ ਹੋ ਕੇ ਬਾਹਰ ਵਾਲੀ ਜਗ੍ਹਾ 'ਤੇ ਇਕ ਫੋੜਾ ਬਣ ਜਾਂਦਾ ਹੈ। ਇਸ ਫੋੜੇ ਦੇ 2 ਮੂੰਹ ਹੁੰਦੇ ਹਨ। ਇਕ ਟਾਇਲੇਟ ਵਾਲੀ ਜਗ੍ਹਾ ਦੇ ਅੰਦਰ ਹੁੰਦਾ ਹੈ ਤੇ ਇਕ ਬਾਹਰ ਹੁੰਦਾ ਹੈ। ਬਾਹਰ ਵਾਲੇ ਮੂੰਹ 'ਚੋਂ ਪੱਸ ਆਉਣੀ ਸ਼ੁਰੂ ਹੋ ਜਾਂਦੀ ਹੈ। ਮਰੀਜ ਇਹ ਸ਼ਿਕਾਇਤ ਕਰਦਾ ਹੈ ਕਿ ਉਸ ਦੇ ਕੱਪੜੇ ਖਰਾਬ ਹੋ ਜਾਂਦੇ ਹਨ। ਕਦੇ ਮਰੀਜ ਨੂੰ ਦਰਦ ਹੋਣ ਲੱਗ ਜਾਂਦੀ ਹੈ ਤੇ ਕਦੇ ਠੀਕ ਹੋ ਜਾਂਦੀ ਹੈ। ਭਾਵ ਜਦੋਂ ਇਨਫੈਕਸ਼ਨ ਭਰ ਜਾਂਦੀ ਹੈ ਤਾਂ ਦਰਦ ਸ਼ੁਰੂ ਹੋ ਜਾਂਦਾ ਹੈ ਤੇ ਜਦੋਂ ਇਨਫੈਕਸ਼ਨ ਨਿਕਲ ਜਾਂਦੀ ਹੈ ਤਾਂ ਉਸ ਨੂੰ ਆਰਾਮ ਆ ਜਾਂਦਾ ਹੈ। ਭਗੰਦਰ 2 ਤਰ੍ਹਾਂ ਦੀ ਹੁੰਦੀ ਹੈ ਸਿੰਪਲ ਤੇ ਕੰਪਲੈਕਸ। ਸਿੰਪਲ ਭਗੰਦਰ ਦਾ ਇਲਾਜ ਤੁਸੀਂ ਘਰ ਬੈਠੇ ਪੱਸ ਕੱਢ ਕੇ ਕਰ ਸਕਦੇ ਹੋ ਪਰ ਜੇਕਰ ਤੁਹਾਨੂੰ ਕੰਪਲੈਕਸ ਭਗੰਦਰ ਹੈ, ਜਿਸ 'ਚ ਮੂੰਹ ਦਾ ਪਤਾ ਨਹੀਂ ਹੈ ਤਾਂ ਉਸ 'ਚ ਦੇਰ ਨਹੀਂ ਕਰਨੀ ਚਾਹੀਦੀ ਕਿਉਂਕਿ ਇਹ ਅੰਦਰੋਂ-ਅੰਦਰ ਫੈਲ ਕੇ ਭਿਆਨਕ ਰੂਪ ਧਾਰਨ ਕਰ ਲੈਂਦੀ ਹੈ।

# ਏਮਬ੍ਰੇਅਰ ਨਾਲ ਮਿਲਕੇ ਮਹਿੰਦਰਾ ਭਾਰਤੀ ਹਵਾਈ ਸੈਨਾ ਲਈ ਕਰੇਗੀ ਜਹਾਜਾਂ ਦਾ ਨਿਰਮਾਣ

ਕਿਸ਼ਨ ਪਾਲ

ਬਿਜਨੈੱਸ ਡੈਸਕ 11 ਫਰਵਰੀ। ਬ੍ਰਾਜੀਲ ਦੀ ਏਅਰੋਨੌਟਿਕਲ ਕੰਪਨੀ ਐਂਬਰੇਅਰ ਅਤੇ ਮਹਿੰਦਰਾ ਗਰੁੱਪ ਨੇ ਸ਼ੁੱਕਰਵਾਰ ਨੂੰ ਭਾਰਤੀ ਹਵਾਈ ਸੈਨਾ ਲਈ ਮੱਧਮ-ਰੇਂਜ ਦੇ ਟਰਾਂਸਪੋਰਟ ਜਹਾਜ ਬਣਾਉਣ ਲਈ ਸਾਂਝੇਦਾਰੀ ਦਾ ਐਲਾਨ ਕਰ ਦਿੱਤਾ ਹੈ।



ਇੱਥੇ ਬ੍ਰਾਜੀਲ ਦੇ ਦੂਤਾਵਾਸ ਵਿੱਚ ਹਵਾਈ ਸੈਨਾ ਲਈ ਮੀਡੀਅਮ ਟਰਾਂਸਪੋਰਟ ਏਅਰਕ੍ਰਾਫਟ (ਐੱਮ.ਟੀ.ਏ.) ਦੀ ਖਰੀਦ ਪ੍ਰਾਜੈਕਟ ਲਈ ਦੋਵਾਂ ਕੰਪਨੀਆਂ ਦਰਮਿਆਨ ਸਾਂਝੇਦਾਰੀ 'ਤੇ ਇੱਕ ਸਹਿਮਤੀ ਪੱਤਰ 'ਤੇ ਹਸਤਾਖਰ ਕੀਤੇ ਗਏ। ਭਾਰਤੀ ਹਵਾਈ ਸੈਨਾ ਆਪਣੇ ਪੁਰਾਣੇ ਟਰਾਂਸਪੋਰਟ ਜਹਾਜਾਂ ਏਐੱਨ32 ਦੇ ਬੇੜੇ ਨੂੰ ਬਦਲਣ ਲਈ 40 ਤੋਂ ਲੈ ਕੇ 80 ਦਰਮਿਆਨੀ ਰੇਂਜ ਦੇ ਟਰਾਂਸਪੋਰਟ ਏਅਰਕ੍ਰਾਫਟ ਨੂੰ ਖਰੀਦਣ ਦੀ ਤਿਆਰੀ ਵਿਚ ਹੈ। ਇਸ ਦੇ ਬਦਲ ਲਈ ਐਂਬਰੇਅਰ ਡਿਫੈਂਸ ਐਂਡ ਸਕਿਓਰਿਟੀ ਦਾ ਸੀ-390 ਮਿਲੇਨੀਅਮ, ਏਅਰਬੱਸ ਡਿਫੈਂਸ ਐਂਡ ਸਪੇਸ ਦਾ ਏ-400ਐੱਮ ਏਅਰਕ੍ਰਾਫਟ ਅਤੇ ਲਾਕਹੀਡ ਮਾਰਟਿਨ ਦਾ ਸੀ-130 ਜੇ ਜਹਾਜ ਮਜਬੂਤ ਦਾਅਵੇਦਾਰ ਬਣ ਕੇ ਉਭਰਿਆ ਹੈ। ਇੱਕ ਸਾਂਝੇ ਬਿਆਨ ਵਿੱਚ ਐੱਮਓਯੂ ਬਾਰੇ ਜਾਣਕਾਰੀ ਦਿੰਦੇ ਹੋਏ ਐਂਬਰੇਅਰ ਅਤੇ ਮਹਿੰਦਰਾ ਨੇ ਕਿਹਾ ਕਿ ਸੀ-390 ਮਿਲੇਨੀਅਮ 'ਤੇ ਸਹਿਯੋਗ ਭਾਰਤ ਵਿੱਚ ਏਅਰੋਨੌਟਿਕਸ ਅਤੇ ਮਿਲਟਰੀ ਟ੍ਰਾਂਸਪੋਰਟ ਏਅਰਕ੍ਰਾਫਟ ਨਾਲ ਸਬੰਧਤ ਨਵੀਨਤਮ ਤਕਨਾਲੋਜੀ ਲਿਆਉਣ ਵਿੱਚ ਮਦਦ ਕਰੇਗਾ। ਐਂਬਰੇਅਰ ਡਿਫੈਂਸ ਦੇ ਚੇਅਰਮੈਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਬੋਸਕੋ ਡਾ ਕੋਸਟਾ ਜੂਨੀਅਰ ਨੇ ਕਿਹਾ, "ਭਾਰਤ ਵਿੱਚ ਇੱਕ ਵਿਭਿੰਨ ਅਤੇ ਮਜਬੂਤ ਰੱਖਿਆ ਅਤੇ ਏਅਰੋਨਾਟਿਕਸ ਉਦਯੋਗ ਹੈ ਅਤੇ ਅਸੀਂ ਪ੍ਰੋਗਰਾਮ ਨੂੰ ਸਾਂਝੇ ਤੌਰ 'ਤੇ ਅੱਗੇ ਵਧਾਉਣ ਲਈ ਮਹਿੰਦਰਾ ਨੂੰ ਆਪਣੇ ਸਾਥੀ ਵਜੋਂ ਚੁਣਿਆ ਹੈ।" ਮਹਿੰਦਰਾ ਦੇ ਏਅਰੋਨਾਟਿਕਲ ਅਤੇ ਰੱਖਿਆ ਖੇਤਰ ਦੇ ਚੇਅਰਮੈਨ ਵਿਨੋਦ ਸਹਾਏ ਨੇ ਕਿਹਾ ਕਿ ਉਨ੍ਹਾਂ ਨੂੰ ਐਂਬਰੇਅਰ ਨਾਲ ਸਾਂਝੇਦਾਰੀ ਸ਼ੁਰੂ ਕਰਨ 'ਤੇ ਮਾਣ ਹੈ। ਉਸ ਨੇ ਕਿਹਾ ਕਿ, "ਇਹ ਭਾਈਵਾਲੀ ਨਾ ਸਿਰਫ ਭਾਰਤੀ ਹਵਾਈ ਸੈਨਾ ਦੀ ਸੰਚਾਲਨ ਸਮਰੱਥਾ ਨੂੰ ਵਧਾਏਗੀ, ਬਲਕਿ ਇੱਕ ਕੁਸਲ ਉਦਯੋਗੀਕਰਨ ਹੱਲ ਵੀ ਪ੍ਰਦਾਨ ਕਰੇਗੀ, ਜੋ ਮੇਕ ਇਨ ਇੰਡੀਆ ਉਦੇਸਾਂ ਨਾਲ ਵੀ ਮੇਲ ਖਾਵੇਗਾ ਹੈ।" ਐੱਮਓਯੂ 'ਤੇ ਐੱਮਬਰੇਅਰ ਡਿਫੈਂਸ ਐਂਡ ਸਕਿਓਰਿਟੀ ਅਤੇ ਮਹਿੰਦਰਾ ਦੀ ਪੂਰੀ ਮਲਕੀਅਤ ਵਾਲੀ ਸਹਾਇਕ ਕੰਪਨੀ ਮਹਿੰਦਰਾ ਡਿਫੈਂਸ ਸਿਸਟਮਜ ਦੁਆਰਾ ਹਸਤਾਖਰ ਕੀਤੇ ਗਏ ਸਨ। ਬਿਆਨ ਮੁਤਾਬਕ ਸੀ-390 ਜਹਾਜ ਏਅਰ-ਟੂ-ਏਅਰ ਰਿਫਿਊਲਿੰਗ ਉਪਕਰਨਾਂ ਨਾਲ ਲੈਸ ਹੈ। ਇਹ ਘੱਟ ਓਪਰੇਟਿੰਗ ਲਾਗਤਾਂ ਦੇ ਨਾਲ ਉੱਚ ਉਤਪਾਦਕਤਾ ਅਤੇ ਸੰਚਾਲਨ ਲਚਕਤਾ ਨੂੰ ਜੋੜਦੇ ਹੋਏ ਬੇਮਿਸਾਲ ਗਤੀਸ਼ੀਲਤਾ ਦੀ ਪੇਸਕਸ ਕਰਦਾ ਹੈ। ਹੁਣ ਤੱਕ, ਸੀ-390 ਮਿਲੇਨੀਅਮ ਜਹਾਜ ਨੂੰ ਬ੍ਰਾਜੀਲ, ਪੁਰਤਗਾਲ, ਹੰਗਰੀ, ਨੀਦਰਲੈਂਡ, ਆਸਟਰੀਆ, ਚੈੱਕ ਗਣਰਾਜ ਅਤੇ ਹਾਲ ਹੀ ਵਿੱਚ ਦੱਖਣੀ ਕੋਰੀਆ ਦੁਆਰਾ ਵਰਤੋਂ ਲਈ ਚੁਣਿਆ ਗਿਆ ਹੈ।

### ਨਹਿਰੀ ਜਲ ਸਪਲਾਈ ਪ੍ਰਾਜੈਕਟਾਂ ਦੇ ਮੁਕੰਮਲ ਹੋਣ ਨਾਲ ਸੂਬੇ ਦੇ ਜਲ ਸਪਲਾਈ ਨੈੱਟਵਰਕ 'ਚ ਵੱਡਾ ਸੁਧਾਰ ਹੋਵੇਗਾ

ਚੰਡੀਗੜ੍ਹ/ਜਲੰਧਰ 11 ਫਰਵਰੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬਾ ਵਾਸੀਆਂ ਨੂੰ ਬਿਹਤਰ ਨਾਗਰਿਕ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਇਹ ਜਾਣਕਾਰੀ ਦਿੰਦਿਆਂ ਸਥਾਨਕ ਸਰਕਾਰਾਂ ਮੰਤਰੀ ਬਲਕਾਰ ਸਿੰਘ ਨੇ ਦੱਸਿਆ ਕਿ ਸ਼ਹਿਰਾਂ ਵਿਚ ਚੱਲ ਰਹੇ ਨਹਿਰੀ ਜਲ ਸਪਲਾਈ ਪ੍ਰਾਜੈਕਟਾਂ ਦੇ ਮੁਕੰਮਲ ਹੋਣ ਨਾਲ ਸੂਬੇ ਦੇ ਜਲ ਸਪਲਾਈ ਨੈੱਟਵਰਕ ਵਿਚ ਵੱਡਾ ਸੁਧਾਰ ਹੋਵੇਗਾ। ਮਿਊਂਸੀਪਲ ਭਵਨ ਚੰਡੀਗੜ੍ਹ 'ਚ ਵੱਖ-ਵੱਖ ਨਹਿਰੀ ਜਲ ਸਪਲਾਈ ਪ੍ਰਾਜੈਕਟਾਂ ਦੀ ਤਰੱਕੀ ਦਾ ਜਾਇਜਾ ਲੈਂਦੇ ਹੋਏ ਸਥਾਨਕ ਸਰਕਾਰਾਂ ਮੰਤਰੀ ਨੇ ਐੱਲ. ਐਂਡ ਟੀ. ਕੰਪਨੀ ਦੇ ਇੰਡੀਆ ਦੇ ਹੈੱਡ ਅਤੇ ਪ੍ਰਾਜੈਕਟ ਮੈਨੇਜਰਾਂ ਨੂੰ ਹਦਾਇਤਾਂ ਦਿੱਤੀਆਂ ਕਿ ਇਨ੍ਹਾਂ ਨਹਿਰੀ ਜਲ ਸਪਲਾਈ ਪ੍ਰਾਜੈਕਟਾਂ ਨੂੰ ਤੇਜੀ ਨਾਲ ਮੁਕੰਮਲ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਅੰਮ੍ਰਿਤਸਰ ਅਤੇ ਜਲੰਧਰ ਦੇ ਸ਼ਹਿਰ ਵਾਸੀਆਂ ਨੂੰ ਨਹਿਰੀ ਜਲ ਸਪਲਾਈ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਪ੍ਰਾਜੈਕਟ ਚੱਲ ਰਹੇ ਹਨ। ਪਟਿਆਲਾ ਵਾਸੀਆਂ ਨੂੰ ਵੀ 247 ਨਹਿਰੀ ਜਲ ਸਪਲਾਈ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਪ੍ਰਾਜੈਕਟ ਅੱਗੇ ਵਧ ਰਹੇ ਹਨ। ਇਸ ਮੌਕੇ 'ਤੇ ਸਥਾਨਕ ਸਰਕਾਰਾਂ ਵਿਭਾਗ ਦੇ ਪ੍ਰਮੁੱਖ ਸਕੱਤਰ ਅਜੋਏ ਸ਼ਰਮਾ, ਪੀ. ਐੱਮ. ਆਈ. ਡੀ. ਸੀ. ਦੇ ਸੀ. ਈ. ਓ. ਦੀਪਤੀ ਉੱਪਲ ਅਤੇ ਸਥਾਨਕ ਸਰਕਾਰਾਂ ਵਿਭਾਗ ਦੇ ਡਾਇਰੈਕਟਰ ਉਮਾ ਸ਼ੰਕਰ ਗੁਪਤਾ ਤੇ ਹੋਰ ਅਧਿਕਾਰੀ ਖਾਸ ਤੌਰ 'ਤੇ ਮੌਜੂਦ ਸਨ।

## ਬਿੱਲ ਗੇਟਸ ਨੂੰ ਪਛਾੜ ਦੁਨੀਆ ਦੇ ਚੌਥੇ ਸਭ ਤੋਂ ਅਮੀਰ ਵਿਅਕਤੀ ਬਣੇ ਮਾਰਕ ਜ਼ੁਕਰਬਰਗ




ਨਿਊਯਾਰਕ 11 ਫਰਵਰੀ। ਮੈਟਾ ਦੇ ਸੀ.ਈ.ਓ. ਮਾਰਕ ਜ਼ੁਕਰਬਰਗ ਬਿੱਲ ਗੇਟਸ ਨੂੰ ਪਛਾੜ ਕੇ ਹੁਣ ਦੁਨੀਆ ਦੇ ਚੌਥੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ। ਮੈਟਾ ਸਟਾਕ ਦੀਆਂ ਕੀਮਤਾਂ ਵਿਚ 22 ਫੀਸਦੀ ਦੇ ਵਾਧੇ ਨਾਲ ਉਨ੍ਹਾਂ ਦੀ ਦੌਲਤ ਵਿਚ 28 ਅਰਬ ਡਾਲਰ ਦਾ ਵਾਧਾ ਹੋਇਆ ਹੈ। ਬਲੂਮਬਰਗ ਬਿਲੀਨੇਅਰਜ ਇੰਡੈਕਸ ਮੁਤਾਬਕ ਜ਼ੁਕਰਬਰਗ ਦੀ ਕੁੱਲ ਸੰਪਤੀ ਹੁਣ 170 ਅਰਬ ਡਾਲਰ ਹੋ ਗਈ ਹੈ, ਜਦੋਂਕਿ ਬਿੱਲ ਗੇਟਸ ਦੀ ਕੁਲ ਸੰਪਤੀ 145 ਅਰਬ ਡਾਲਰ ਹੈ। ਇਸ ਸਮੇਂ ਜ਼ੁਕਰਬਰਗ ਤੋਂ ਵੱਧ ਅਮੀਰ ਸਿਰਫ 3 ਲੋਕ ਹਨ। ਇਨ੍ਹਾਂ ਵਿਚ ਬਰਨਾਰਡ ਅਰਨੌਲਟ, ਜੈਫ ਬੇਜੋਸ ਅਤੇ ਐਲੋਨ ਮਸਕ ਸ਼ਾਮਲ ਹਨ। ਜ਼ੁਕਰਬਰਗ ਕੋਲ ਮੈਟਾ ਦੇ ਲਗਭਗ 350 ਮਿਲੀਅਨ ਕਲਾਸ ਏ ਅਤੇ ਬੀ ਦੇ ਸੇਅਰ ਹਨ। ਜੇਕਰ ਮੈਟਾ ਆਪਣਾ 50 ਸੈਂਟ ਤਿਮਾਹੀ ਲਾਭਅੰਸ ਬਰਕਰਾਰ ਰੱਖਦੀ ਹੈ ਤਾਂ ਅਜਿਹਾ ਲੱਗਦਾ ਹੈ ਕਿ ਜ਼ੁਕਰਬਰਗ ਦੀ ਸਾਲਾਨਾ ਕਮਾਈ 690 ਮਿਲੀਅਨ ਡਾਲਰ ਤੋਂ ਵੱਧ ਜਾਵੇਗੀ। ਜੇਕਰ ਅਜਿਹਾ ਹੁੰਦਾ ਹੈ ਤਾਂ ਅਮੀਰ ਲੋਕਾਂ ਦੀ ਸੂਚੀ 'ਚ ਚੌਥੇ ਨੰਬਰ 'ਤੇ ਰਹਿਣ ਵਾਲੇ ਮੈਟਾ ਦੇ ਸੀ.ਈ.ਓ ਦੇ ਹੋਰ ਅੱਗੇ ਵਧਣ ਦੇ ਸੰਕੇਤ ਹਨ।

## ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਰੂਪਮਾਨ ਕਰਦੀਆਂ ਝਾਕੀਆਂ 12 ਫਰਵਰੀ ਨੂੰ ਦੀਨਾਨਗਰ ਵਿਖੇ ਪਹੁੰਚਣਗੀਆਂ

ਏਜੰਸੀਆਂ

ਦੀਨਾਨਗਰ 11 ਫਰਵਰੀ। ਦੇਸ ਦੀ ਆਜਾਦੀ ਦੇ ਸੰਘਰਸ ਵਿਚ ਪੰਜਾਬੀਆਂ ਦੇ ਅਹਿਮ ਯੋਗਦਾਨ, ਨਾਰੀ ਸਕਤੀ ਅਤੇ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਨੂੰ ਰੂਪਮਾਨ ਕਰਦੀਆਂ ਝਾਕੀਆਂ ਦੇ ਦਰਸਨ ਜ਼ਿਲ੍ਹਾ ਗੁਰਦਾਸਪੁਰ ਦੇ ਵਾਸੀ ਜਲਦ ਕਰਨਗੇ। ਮਿਤੀ 12 ਤੇ 13 ਫਰਵਰੀ ਨੂੰ ਦੋ ਦਿਨ ਇਹ ਝਾਕੀਆਂ ਜ਼ਿਲ੍ਹਾ ਗੁਰਦਾਸਪੁਰ ਦੇ ਵੱਖ-ਵੱਖ ਸਹਿਰਾਂ ਵਿੱਚ ਪਹੁੰਚ ਕੇ ਜ਼ਿਲ੍ਹਾ ਵਾਸੀਆਂ ਦੇ ਰੂਬਰੂ ਹੋਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ 12 ਫਰਵਰੀ ਦਿਨ ਸੋਮਵਾਰ ਨੂੰ ਸਵੇਰੇ ਇਹ ਝਾਕੀਆਂ ਪਠਾਨਕੋਟ ਜ਼ਿਲ੍ਹੇ ਰਾਹੀਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਦਾਖਲ ਹੋਣਗੀਆਂ, ਜਿਥੇ ਦੀਨਾਨਗਰ ਵਿਖੇ ਇਨ੍ਹਾਂ ਝਾਕੀਆਂ ਦਾ ਭਰਵਾਂ ਸਵਾਗਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੀਨਾਨਗਰ ਤੋਂ ਬਾਅਦ ਇਹ ਝਾਕੀਆਂ ਗੁਰਦਾਸਪੁਰ ਸਹਿਰ ਪਹੁੰਚਣਗੀਆਂ ਜਿਥੇ ਗੁਰਦਾਸਪੁਰ ਵਾਸੀ ਇਨ੍ਹਾਂ ਦੇ ਦਰਸਨ ਕਰਨਗੇ। ਉਨ੍ਹਾਂ ਦੱਸਿਆ ਕਿ ਝਾਕੀਆਂ ਦਾ ਰਾਤ ਦਾ ਠਹਿਰਾਅ ਗੁਰਦਾਸਪੁਰ ਵਿਖੇ ਹੋਵੇਗਾ। ਡਿਪਟੀ ਕਮਿਸਨਰ ਦੇ ਦੱਸਿਆ ਕਿ 13 ਫਰਵਰੀ ਨੂੰ ਸਵੇਰੇ ਇਹ ਝਾਕੀਆਂ ਧਾਰੀਵਾਲ ਨੂੰ ਰਵਾਨਾ ਹੋਣਗੀਆਂ ਜਿਥੋਂ ਅੱਗੇ ਇਹ ਨੌਸਹਿਰਾ ਮੱਝਾ ਸਿੰਘ ਅਤੇ ਬਟਾਲਾ ਸਹਿਰ ਵਿਖੇ ਪਹੁੰਚਣਗੀਆਂ। ਬਟਾਲਾ ਤੋਂ ਬਾਅਦ ਇਹ ਝਾਕੀਆਂ ਆਪਣੇ ਅਗਲੇ ਪੜਾਅ ਵੱਲ ਚਲੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸਾਸਨ ਵੱਲੋਂ ਝਾਕੀਆਂ ਦੇ ਪ੍ਰਦਰਸਨ ਦੌਰਾਨ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਡਿਪਟੀ ਕਮਿਸਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਵਿਸੇਸ ਤੌਰ 'ਤੇ ਤਿਆਰ ਕਰਵਾਈਆਂ ਇਨ੍ਹਾਂ ਝਾਕੀਆਂ ਵਿਚ ਜਲ੍ਹਿਆਂਵਾਲੇ ਬਾਗ ਦੀ ਘਟਨਾ, ਸਹੀਦ-ਏ-ਆਜਮ ਸਰਦਾਰ ਭਗਤ ਸਿੰਘ, ਸਹੀਦ ਕਰਤਾਰ ਸਿੰਘ ਸਰਾਭਾ, ਸਹੀਦ ਊਧਮ ਸਿੰਘ, ਬਾਬਾ ਸੋਹਨ ਸਿੰਘ ਭਕਨਾ, ਲਾਲਾ ਲਾਜਪਤ ਰਾਏ, ਸਹੀਦ ਸੁਖਦੇਵ, ਲਾਲਾ ਹਰਦਿਆਲ, ਸਰਦਾਰ ਅਜੀਤ ਸਿੰਘ, ਬਾਬਾ ਖੜਕ ਸਿੰਘ, ਮਦਨ ਲਾਲ ਢੀਂਗਰਾ, ਡਾ. ਦੀਵਾਨ ਸਿੰਘ ਕਾਲੇਪਾਣੀ ਵਰਗੀਆਂ ਮਹਾਨ ਸਖਸੀਅਤਾਂ ਦੀ ਕੁਰਬਾਨੀ ਅਤੇ ਕਾਮਾਗਾਟਾ ਮਾਰੂ ਦੀ ਘਟਨਾ ਨੂੰ ਦਿਖਾਇਆ ਗਿਆ ਹੈ। ਇਸੇ ਤਰ੍ਹਾਂ ਦੂਜੀ ਝਾਕੀ ਜਰੀਏ ਨਾਰੀ ਸਸਕਤੀਕਰਨ (ਮਾਈ ਭਾਗੋ ਦੀ ਸੂਰਮਗਤੀ) ਅਤੇ ਮਾਈ ਭਾਗੋ ਆਰਮਡ ਫੋਰਸਜ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ ਦੁਆਰਾ ਵੱਖ-ਵੱਖ ਖੇਤਰਾਂ ਵਿੱਚ ਨਾਮ ਰੌਸਨ ਕਰਨ ਵਾਲੀਆਂ ਮਹਿਲਾਵਾਂ ਨੂੰ ਦਰਸਾਇਆ ਗਿਆ ਹੈ। ਇਸੇ ਤਰ੍ਹਾਂ ਤੀਜੀ ਝਾਕੀ ਦੇ ਰਾਹੀਂ ਪੰਜਾਬ ਦੀ ਅਮੀਰ ਵਿਰਾਸਤ ਅਤੇ ਸਭਿਆਚਾਰ ਦੀ ਇਕ ਝਲਕ ਪੇਸ ਕੀਤੀ ਗਈ ਹੈ। ਡਿਪਟੀ ਕਮਿਸਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ 12 ਤੇ 13 ਫਰਵਰੀ ਨੂੰ ਜ਼ਿਲ੍ਹਾ ਗੁਰਦਾਸਪੁਰ ਵਿੱਚ ਪਹੁੰਚ ਰਹੀਆਂ ਝਾਕੀਆਂ ਦੇ ਦਰਸਨਾਂ ਲਈ ਹੁੰਮ-ਹੁੰਮਾ ਕੇ ਪਹੁੰਚਣ।

### ਅਗਲੇ ਵਿੱਤੀ ਸਾਲ 'ਚ ਵਿਕਾਸ ਦਰ 7 ਫੀਸਦੀ ਰਹੇਗੀ

ਮੁੰਬਈ 11 ਫਰਵਰੀ। ਭਾਰਤੀ ਰਿਜਰਵ ਬੈਂਕ (ਆਰ.ਬੀ.ਆਈ.) ਨੇ ਵੀਰਵਾਰ ਨੂੰ ਅਗਲੇ ਵਿੱਤੀ ਸਾਲ 2024-25 ਲਈ ਜੀਡੀਪੀ ਵਿਕਾਸ ਦਰ ਸੱਤ ਫੀਸਦੀ ਰਹਿਣ ਦਾ ਅਨੁਮਾਨ ਲਗਾਇਆ, ਜੋ ਮੌਜੂਦਾ ਵਿੱਤੀ ਸਾਲ ਲਈ 7.3 ਫੀਸਦੀ ਦੇ ਅਨੁਮਾਨ ਤੋਂ ਘੱਟ ਹੈ। ਦੋ-ਮਾਸਿਕ ਮੁਦਰਾ ਨੀਤੀ ਦੀ ਘੋਸਣਾ ਕਰਦੇ ਹੋਏ, ਆਰਬੀਆਈ ਗਵਰਨਰ ਸਕਤੀਕਾਂਤ ਦਾਸ ਨੇ ਕਿਹਾ ਕਿ ਪੇਂਡੂ ਮੰਗ ਲਗਾਤਾਰ ਵਧ ਰਹੀ ਹੈ। ਸਹਿਰੀ ਖਪਤ ਮਜਬੂਤ ਬਣੀ ਹੋਈ ਹੈ ਅਤੇ ਪੂੰਜੀ ਖਰਚ ਵਧਣ ਕਾਰਨ ਨਿਵੇਸ ਚੱਕਰ ਗਤੀ ਪ੍ਰਾਪਤ ਕਰ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਨਿੱਜੀ ਨਿਵੇਸ ਵਿੱਚ ਵੀ ਸੁਧਾਰ ਦੇ ਸੰਕੇਤ ਮਿਲ ਰਹੇ ਹਨ। ਵਿੱਤੀ ਸਾਲ 2024-25 ਲਈ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਦੀ ਵਿਕਾਸ ਦਰ ਸੱਤ ਫੀਸਦੀ ਰਹਿਣ ਦਾ ਅਨੁਮਾਨ ਹੈ। ਜੂਨ ਅਤੇ ਸਤੰਬਰ ਤਿਮਾਹੀ 'ਚ ਆਰਥਿਕ ਵਿਕਾਸ ਦਰ ਕ੍ਰਮਵਾਰ 7.2 ਫੀਸਦੀ ਅਤੇ 6.8 ਫੀਸਦੀ ਰਹੇਗੀ। ਜਦੋਂ ਕਿ ਦਸੰਬਰ ਅਤੇ ਮਾਰਚ ਤਿਮਾਹੀ ਵਿੱਚ ਇਹ ਸੱਤ ਫੀਸਦੀ ਅਤੇ 6.9 ਫੀਸਦੀ ਰਹਿਣ ਦਾ ਅਨੁਮਾਨ ਹੈ। ਇਸ ਦੇ ਨਾਲ ਹੀ ਆਰਬੀਆਈ ਦੇ ਗਵਰਨਰ ਦਾਸ ਨੇ ਕਿਹਾ ਕਿ ਘਰੇਲੂ ਆਰਥਿਕ ਗਤੀਵਿਧੀਆਂ ਮਜਬੂਤ ਰਹਿੰਦੀਆਂ ਹਨ।

# ਪਸ਼ੂਆਂ 'ਚ ਤੇਜੀ ਨਾਲ ਫੈਲ ਰਿਹੈ ਇਹ ਵਾਇਰਸ, ਸਹੀ ਇਲਾਜ ਨਾ ਮਿਲਣ 'ਤੇ ਹੋ ਸਕਦੀ ਹੈ ਮੌਤ

ਏਜੰਸੀਆਂ

ਅੰਮ੍ਰਿਤਸਰ 11 ਫਰਵਰੀ। 'ਫੁੱਟ ਐਂਡ ਮਾਊਥ ਡਿਜੀਜ (ਐੱਫ. ਐੱਮ. ਡੀ.) ਵਾਇਰਸ ਦੇ ਫੈਲਣ ਕਾਰਨ ਜਿੱਥੇ ਕਈ ਪਸ਼ੂ ਬੀਮਾਰ ਹੋ ਰਹੇ ਹਨ, ਉੱਥੇ ਹੀ ਡੇਅਰੀ ਫਾਰਮ ਮਾਲਕਾਂ ਨੇ ਪਸ਼ੂਆਂ ਦੇ ਇਲਾਜ 'ਚ ਸਰਕਾਰੀ ਡਾਕਟਰਾਂ ਦੀ ਅਣਗਹਿਲੀ 'ਤੇ ਸਵਾਲ ਖੜ੍ਹੇ ਕੀਤੇ ਹਨ। ਬਫੈਲੋ ਫਾਰਮ ਐਸੋਸੀਏਸਨ ਦੇ ਜ਼ਿਲ੍ਹਾ ਪ੍ਰਧਾਨ ਯੁਵਰਾਜ ਸਿੰਘ ਨੇ ਦੱਸਿਆ ਕਿ ਉਹ ਵੇਰਕਾ 'ਚ ਸਨਾਵਰ ਡੇਅਰੀ ਫਾਰਮ ਵੇਰਕਾ ਦੇ ਨਾਂ 'ਤੇ ਡੇਅਰੀ ਫਾਰਮ ਦਾ ਧੰਦਾ ਚਲਾ ਰਹੇ ਹਨ। ਉਸ ਕੋਲ 50 ਪਸ਼ੂ ਹਨ। ਹਾਲ ਹੀ 'ਚ ਪੰਜ ਪਸ਼ੂ ਪੈਰਾਂ ਅਤੇ ਮੂੰਹ ਦੀ ਬੀਮਾਰੀ ਤੋਂ ਪੀੜਤ ਹਨ, ਜਦੋਂ ਉਹ ਨੇੜਲੇ ਸਰਕਾਰੀ ਪਸ਼ੂ ਹਸਪਤਾਲ 'ਚ ਗਏ ਤਾਂ ਉੱਥੇ ਕੋਈ ਵੀ ਸਰਕਾਰੀ ਡਾਕਟਰ ਨਹੀਂ ਮਿਲਿਆ ਅਤੇ ਉਸ ਨੇ ਆਪਣੀ ਜੇਬ 'ਚੋਂ ਪੈਸੇ ਖਰਚ ਕੇ ਪਸ਼ੂਆਂ ਨੂੰ ਦਵਾਈ ਦਿੱਤੀ ਪਰ ਕੋਈ ਫਾਇਦਾ ਨਹੀਂ ਹੋਇਆ। ਉਕਤ ਬੀਮਾਰੀ ਕਾਰਨ ਕਰੀਬ 10 ਹੋਰ ਪਸ਼ੂ ਬੀਮਾਰ ਹੋ ਗਏ। ਯੁਵਰਾਜ ਸਿੰਘ ਨੇ ਦੱਸਿਆ ਕਿ ਪਸ਼ੂਆਂ 'ਚ ਇਹ ਬੀਮਾਰੀ ਤੇਜੀ ਨਾਲ ਫੈਲ ਰਹੀ ਹੈ, ਜਦਕਿ ਸਰਕਾਰੀ ਹਸਪਤਾਲਾਂ ਦੇ ਡਾਕਟਰ ਪਸ਼ੂਆਂ ਦੇ ਇਲਾਜ ਵੱਲ ਕੋਈ ਧਿਆਨ ਨਹੀਂ ਦੇ ਰਹੇ। ਉਨ੍ਹਾਂ ਦੱਸਿਆ ਕਿ ਸਰਕਾਰ ਪਸ਼ੂਆਂ ਨੂੰ 6 ਮਹੀਨੇ ਬਾਅਦ ਪਸ਼ੂਆਂ ਨੂੰ ਇਸ ਬੀਮਾਰੀ ਲਈ ਵੈਕਸੀਨ ਦਿੱਤੀ ਜਾਂਦੀ ਹੈ ਪਰ ਡਾਕਟਰ ਪਸ਼ੂਆਂ ਨੂੰ



ਇਹ ਟੀਕਾ ਨਹੀਂ ਲਗਾਉਂਦੇ। ਜੇਕਰ ਸਮੇਂ ਸਿਰ ਪਸ਼ੂਆਂ ਦਾ ਇਲਾਜ ਨਾ ਕਰਵਾਇਆ ਜਾਵੇ ਤਾਂ ਉਨ੍ਹਾਂ ਦੀ ਮੌਤ ਵੀ ਹੋ ਸਕਦੀ ਹੈ। ਉਸ ਦੇ ਪਸ਼ੂਆਂ ਦੇ ਬੀਮਾਰ ਹੋਣ ਕਾਰਨ ਉਸ ਦਾ ਹਜਾਰਾਂ ਰੁਪਏ ਦਾ ਨੁਕਸਾਨ ਹੋਇਆ ਹੈ। ਯੁਵਰਾਜ ਸਿੰਘ ਨੇ ਦੱਸਿਆ ਕਿ ਉਸ ਦਾ ਪਰਿਵਾਰ ਪਸ਼ੂਆਂ ਦੇ ਦੁੱਧ 'ਤੇ ਹੀ ਗੁਜਾਰਾ ਕਰਦਾ ਹੈ ਅਤੇ ਬੀਮਾਰੀ ਕਾਰਨ ਪਸ਼ੂ ਦੁੱਧ ਨਹੀਂ ਦੇ ਰਹੇ। ਉਨ੍ਹਾਂ ਨੇ ਪ੍ਰਸਾਸਨ ਤੋਂ ਮੰਗ ਕੀਤੀ ਹੈ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਹਸਪਤਾਲਾਂ 'ਚ ਇਲਾਜ ਲਈ ਵੈਕਸੀਨ ਦਾ ਪ੍ਰਬੰਧ ਕੀਤਾ ਜਾਵੇ ਅਤੇ ਉਕਤ ਬੀਮਾਰੀ ਤੋਂ ਪੀੜਤ ਪਸ਼ੂਆਂ ਦਾ ਇਲਾਜ ਹੋ ਸਕੇ। ਡਿਪਟੀ ਡਾਇਰੈਕਟਰ ਡਾ. ਨਵਰਾਜ ਸਿੰਘ ਸੰਧੂ ਦਾ ਕਹਿਣਾ ਹੈ ਕਿ ਸਰਕਾਰੀ ਹਸਪਤਾਲਾਂ 'ਚ ਵੈਕਸੀਨ ਦੀ ਕੋਈ ਕਮੀ ਨਹੀਂ ਹੈ ਅਤੇ ਡਾਕਟਰਾਂ ਵੱਲੋਂ ਹਰ ਘਰ ਪਹੁੰਚ ਕੇ ਪਸ਼ੂਆਂ ਦਾ ਟੀਕਾਕਰਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਘਰ ਰਹਿ ਗਿਆ ਹੈ ਤਾਂ ਪਤਾ ਕਰ ਕੇ ਜਲਦ ਹੀ ਪਸ਼ੂਆਂ ਨੂੰ ਟੀਕੇ ਲਗਾਏ ਜਾਣਗੇ। ਝੁੰਡ ਜਾਂ ਝੁੰਡ 'ਚ ਦਾਖਲ ਹੋਣ ਤੋਂ ਬਾਅਦ ਸਿੱਧੇ ਅਤੇ ਅਸਿੱਧੇ ਪ੍ਰਸਾਰਣ ਦੁਆਰਾ ਬਹੁਤ ਤੇਜੀ ਨਾਲ ਫੈਲ ਸਕਦਾ ਹੈ। ਇਸ ਬੀਮਾਰੀ ਨਾਲ ਪ੍ਰਭਾਵਿਤ ਜਾਨਵਰਾਂ ਦਾ ਤਾਪਮਾਨ ਉੱਚਾ ਹੁੰਦਾ ਹੈ, ਜਿਸ ਦੇ ਬਾਅਦ ਮੁੱਖ ਤੌਰ 'ਤੇ ਮੂੰਹ ਅਤੇ ਪੈਰਾਂ ਤੇ ਧੱਫੜ ਹੁੰਦੇ ਹਨ। ਇਹ ਬੀਮਾਰੀ ਆਮ ਤੌਰ 'ਤੇ ਬਾਲਗ ਜਾਨਵਰਾਂ 'ਚ ਘਾਤਕ ਨਹੀਂ ਹੁੰਦੀ ਹੈ, ਹਾਲਾਂਕਿ ਬਹੁਤ ਸਾਰੇ ਛੋਟੇ ਜਾਨਵਰ ਮਰ ਸਕਦੇ ਹਨ।

## ਕੇਂਦਰੀ ਮੰਤਰੀ ਅਰਜੁਨ ਮੁੰਡਾ ਦਾ ਬਿਆਨ, ਤੋਂ ਘੱਟ ਹੋਈ ਸਰ੍ਹੋਂ ਦੀ ਕੀਮਤ, ਤਾਂ ਖਰੀਦੇਗੀ ਸਰਕਾਰ

ਏਜੰਸੀਆਂ

ਨਵੀਂ ਦਿੱਲੀ 11 ਫਰਵਰੀ। ਕੇਂਦਰੀ ਖੇਤੀਬਾੜੀ / ਕਿਸਾਨ ਭਲਾਈ ਅਤੇ ਜਨਜਾਤੀ ਕਾਰਜ ਮੰਤਰੀ ਅਰਜੁਨ ਮੁੰਡਾ ਨੇ ਕਿਹਾ ਕਿ ਜੇਕਰ ਸਰ੍ਹੋਂ ਦੀ ਕੀਮਤ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਤੋਂ ਹੇਠਾਂ ਜਾਂਦੀ ਹੈ ਤਾਂ ਸਰਕਾਰ ਐੱਮਐੱਸਪੀ 'ਤੇ ਕਿਸਾਨਾਂ ਤੋਂ ਇਸ ਦੀ ਖਰੀਦ ਕਰੇਗੀ। ਉਹਨਾਂ ਨੇ ਕਿਹਾ ਕਿ ਇਸ ਲਈ ਲੋੜੀਂਦੇ ਪ੍ਰਬੰਧ ਕਰ ਲਏ ਗਏ ਹਨ। ਮੁੰਡਾ ਨੇ ਇਕ ਬਿਆਨ ਵਿਚ ਕਿਹਾ ਕਿ ਕੇਂਦਰ ਸਰਕਾਰ ਦੁਆਰਾ ਹਾੜ੍ਹੀ ਦੇ ਮੰਡੀਕਰਨ ਸੀਜਨ ਦੌਰਾਨ ਮੁੱਲ ਸਮਰਥਨ ਸਕੀਮ ਜਾਂ ਪੀਐੱਸਐੱਸ ਦੇ ਤਹਿਤ ਸਰ੍ਹੋਂ ਦੀ ਖਰੀਦ ਦੀਆਂ ਤਿਆਰੀਆਂ ਕੀਤੀਆਂ ਗਈਆਂ ਹਨ। ਉਹਨਾਂ ਨੇ ਕਿਹਾ ਕਿ ਕੇਂਦਰ ਸਰਕਾਰ ਲਈ ਕਿਸਾਨਾਂ ਦਾ ਹਿੱਤ ਸਭ ਤੋਂ ਉਪਰ ਹੈ। ਜੇਕਰ ਸਰ੍ਹੋਂ ਦੀ ਕੀਮਤ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਜਾਂਦੀ ਹੈ ਤਾਂ ਸਰਕਾਰ ਨੇ ਇਸ ਨੂੰ ਕਿਸਾਨਾਂ ਤੋਂ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਣ ਲਈ ਜਰੂਰੀ ਪ੍ਰਬੰਧ



ਕੀਤੇ ਹਨ। ਉਹਨਾਂ ਨੇ ਦੱਸਿਆ ਕਿ ਹਾੜ੍ਹੀ ਦੇ ਮੰਡੀਕਰਨ ਸੀਜਨ ਲਈ ਕੇਂਦਰੀ ਨੋਡਲ ਏਜੰਸੀਆਂ ਨੂੰ ਪਹਿਲਾਂ ਹੀ ਮੁੱਲ ਸਮਰਥਨ ਯੋਜਨਾ ਦੇ ਤਹਿਤ ਸਰ੍ਹੋਂ ਦੀ ਖਰੀਦ ਲਈ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ, ਤਾਂਕਿ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਨਾ ਹੋ ਸਕੇ। ਹਾੜ੍ਹੀ ਦੇ ਮੰਡੀਕਰਨ ਸੀਜਨ-2023 ਦੌਰਾਨ ਗੁਜਰਾਤ, ਹਰਿਆਣਾ, ਮੱਧ ਪ੍ਰਦੇਸ਼, ਰਾਜਸਥਾਨ, ਉੱਤਰ ਪ੍ਰਦੇਸ਼ ਅਤੇ ਅਸਾਮ ਰਾਜਾਂ ਤੋਂ ਮੁੱਲ ਸਹਾਇਤਾ ਯੋਜਨਾ ਦੇ ਤਹਿਤ ਖਰੀਦ ਲਈ 28.24 ਲੱਖ ਟਨ ਸਰ੍ਹੋਂ ਦੀ ਮਨਜੂਰੀ ਦੇ ਦਿੱਤੀ ਗਈ ਸੀ। ਹਾੜ੍ਹੀ ਦੇ ਮੰਡੀਕਰਨ ਸੀਜਨ 2024 ਲਈ ਵੀ ਸਾਰੇ ਸਰ੍ਹੋਂ ਉਤਪਾਦਕ ਰਾਜਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਜੇਕਰ ਰਾਜ ਵਿਚ ਸਰ੍ਹੋਂ ਦਾ ਮੌਜੂਦਾ ਬਾਜਾਰ ਮੁੱਲ ਅਧਿਸੂਚਿਤ ਤੋਂ ਘੱਟ ਹੈ, ਤਾਂ ਦੇ ਤਹਿਤ ਸਰ੍ਹੋਂ ਦੀ ਖਰੀਦ ਲਈ ਪ੍ਰਸਤਾਵ ਸਮੇਂ ਸਿਰ ਭੇਜਣ। ਹਾੜ੍ਹੀ ਦੇ ਮੰਡੀਕਰਨ ਸੀਜਨ-2024 ਲਈ ਸਰ੍ਹੋਂ ਦਾ ਘੱਟੋ-ਘੱਟ ਸਮਰਥਨ ਮੁੱਲ 5,650 ਰੁਪਏ ਪ੍ਰਤੀ ਕੁਇੰਟਲ ਹੈ।

## ਪੰਜਾਬ ਸਕੂਲ ਸਿੱਖਿਆ ਬੋਰਡ ਨੇ ਵਧਾਈ ਸਿਰਦਰਦੀ, ਪ੍ਰੀਖਿਆਵਾਂ ਤੋਂ ਪਹਿਲਾਂ ਖੱਜਲ-ਖੁਆਰ ਹੋ ਰਹੇ ਸਕੂਲ

ਲੁਧਿਆਣਾ 11 ਫਰਵਰੀ। ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਸਾਲਾਨਾ ਪ੍ਰੀਖਿਆਵਾਂ ਲਈ ਜ਼ਿਲ੍ਹਾ ਬੁੱਕ ਡਿਪੂਆਂ 'ਚ ਭੇਜੀਆਂ ਗਈਆਂ ਆਂਸਰਸ਼ੀਟਾਂ ਉਨ੍ਹਾਂ ਸਕੂਲ ਸੰਚਾਲਕਾਂ ਲਈ ਸਿਰਦਰਦੀ ਬਣੀਆਂ ਹੋਈਆਂ ਹਨ, ਜਿਨ੍ਹਾਂ ਸਕੂਲਾਂ 'ਚ ਪ੍ਰੀਖਿਆ ਕੇਂਦਰ ਬਣਾਏ ਗਏ ਹਨ ਕਿਉਂਕਿ ਪ੍ਰੀਖਿਆਵਾਂ ਲਈ ਆਪਣੇ ਸਕੂਲ ਕੋਡ ਵਾਲੀਆਂ ਆਂਸਰਸ਼ੀਟਾਂ ਦੇ ਪੈਕੇਟ ਜ਼ਿਲ੍ਹਾ ਬੁੱਕ ਡਿਪੂਆਂ 'ਚ ਲੱਭਣ ਲਈ ਸਕੂਲ ਸਟਾਫ ਨੂੰ ਕਾਫੀ ਸਿਰ-ਖਪਾਈ ਕਰਨੀ ਪੈ ਰਹੀ ਹੈ। ਇਹੀ ਨਹੀਂ, ਕਈ ਪ੍ਰੀਖਿਆ ਕੇਂਦਰਾਂ ਦੇ ਸਟਾਫ ਨੂੰ ਤਾਂ 3 ਤੋਂ 4 ਘੰਟਿਆਂ ਤੱਕ ਮੁਸ਼ੱਕਤ ਕਰਨ 'ਤੇ ਜ਼ਮੀਨ 'ਤੇ ਪਏ ਬੰਡਲਾਂ 'ਚੋਂ ਆਪਣੇ ਕੇਂਦਰ ਦੇ ਨਾਂ ਵਾਲੇ ਪੈਕੇਟ ਮਿਲ ਰਹੇ ਹਨ। ਕਿਸੇ ਸਕੂਲ ਨੂੰ 12ਵੀਂ ਦੀਆਂ ਆਂਸਰਸ਼ੀਟਾਂ ਦੇ ਪੈਕੇਟ ਨਹੀਂ ਮਿਲ ਰਹੇ ਹਨ ਤਾਂ ਕਿਸੇ ਨੂੰ 10ਵੀਂ ਦੇ ਪੈਕੇਟ ਨਹੀਂ ਮਿਲ ਰਹੇ ਹਨ। ਕਈ ਸਕੂਲਾਂ ਦਾ ਕਹਿਣਾ ਹੈ ਕਿ ਉਹ ਕੱਲ੍ਹ ਤੋਂ ਆਂਸਰਸ਼ੀਟਾਂ ਦੇ ਪੈਕੇਟ ਲੱਭਣ ਆ ਰਹੇ ਹਨ ਪਰ ਉਨ੍ਹਾਂ ਨੂੰ ਮਿਲ ਹੀ ਨਹੀਂ ਰਹੇ। ਜਾਣਕਾਰੀ ਮੁਤਾਬਕ ਪੀ. ਐੱਸ. ਈ. ਬੀ. ਨੇ ਇਸ ਵਾਰ ਪ੍ਰੀਖਿਆਵਾਂ ਲਈ ਆਂਸਰਸ਼ੀਟ ਦੇਣ ਲਈ ਨਵੀਂ ਤਰ੍ਹਾਂ ਦਾ ਪ੍ਰਯੋਗ ਕੀਤਾ ਹੈ ਪਰ ਸਕੂਲਾਂ ਦੇ ਸਾਹਮਣੇ ਮੌਜੂਦਾ ਸਮੇਂ 'ਚ ਚੱਲ ਰਹੀ ਮੁਸੀਬਤ ਕਾਰਨ ਇਹ ਸਿਸਟਮ ਫੇਲ੍ਹ ਹੁੰਦਾ ਦਿਖਾਈ ਦੇ ਰਿਹਾ ਹੈ। ਇਸ ਦਾ ਇਕ ਕਾਰਨ ਹੈ ਕਿ ਬੋਰਡ ਦੇ ਬੁੱਕ ਡਿਪੂਆਂ 'ਚ ਪਹਿਲਾਂ ਤੋਂ ਹੀ ਸਟਾਫ ਦੀ ਭਾਰੀ ਕਮੀ ਹੈ, ਜਿਸ ਕਾਰਨ ਆਂਸਰਸ਼ੀਟਾਂਦੇ ਪੈਕੇਟ ਸਕੂਲ ਸਟਾਫ ਨੂੰ ਖੁਦ ਹੀ ਲੱਭਣੇ ਪੈ ਰਹੇ ਹਨ। ਇੱਥੇ ਹੀ ਬੱਸ ਨਹੀਂ, ਕਈ ਸਕੂਲਾਂ ਦਾ ਸਟਾਫ ਤਾਂ ਆਪਣੇ ਨਾਲ ਵਿਦਿਆਰਥੀਆਂ ਨੂੰ ਵੀ ਡਿਪੂਆਂ 'ਚ ਲਿਆ ਰਿਹਾ ਹੈ, ਤਾਂ ਕਿ ਪੈਕੇਟ ਲੱਭਣ 'ਚ ਉਨ੍ਹਾਂ ਦੀ ਮਦਦ ਲਈ ਜਾ ਸਕੇ ਪਰ ਇਸ ਤੋਂ ਇਕ ਗੱਲ ਸਾਫ ਹੋ ਗਈ ਹੈ ਕਿ ਇਸ ਤਰ੍ਹਾਂ ਦੇ ਸਕੂਲਾਂ ਨੂੰ ਵਿਦਿਆਰਥੀਆਂ ਦੀ ਪੜ੍ਹਾਈ ਦੀ ਕੋਈ ਚਿੰਤਾ ਨਹੀਂ ਹੈ। ਬੀਤੇ ਦਿਨ ਕਈ ਸਕੂਲਾਂ ਦੇ ਵਿਦਿਆਰਥੀ ਆਂਸਰਸ਼ੀਟਾਂ ਦੇ ਬੰਡਲਾਂ ਨੂੰ ਲੱਗੇ ਢੇਰ 'ਚੋਂ ਆਪਣੇ ਸਕੂਲ ਦਾ ਨਾਂ ਖੋਜਦੇ ਦਿਖਾਈ ਦਿੱਤੇ। ਦੱਸ ਦੇਈਏ ਕਿ ਪੀ. ਐੱਸ. ਈ. ਬੀ. ਦੀ 10ਵੀਂ ਅਤੇ 12ਵੀਂ ਦੀਆਂ ਪ੍ਰੀਖਿਆਵਾਂ 13 ਫਰਵਰੀ ਤੋਂ ਸ਼ੁਰੂ ਹੋਣ ਵਾਲੀਆਂ ਹਨ। ਬੁੱਧਵਾਰ ਨੂੰ ਬੁੱਕ ਡਿਪੂ ਦੀ ਵਿਜ਼ਿਟ ਕਰਨ 'ਤੇ ਦੇਖਿਆ ਗਿਆ ਕਿ ਪ੍ਰੀਖਿਆ ਕੇਂਦਰ ਬਣੇ ਸਕੂਲਾਂ ਦਾ ਸਟਾਫ ਖੁਦ ਹੀ ਜ਼ਮੀਨ 'ਤੇ ਪਏ ਆਂਸਰਸ਼ੀਟਾਂ ਦੇ ਬੰਡਲਾਂ ਨੂੰ ਉਲਟ-ਪੁਲਟ ਕਰ ਕੇ ਆਪਣੇ ਸਕੂਲ ਦੇ ਨਾਂ ਵਾਲਾ ਬੰਡਲ ਖੋਜ ਰਹੇ ਸਨ। ਬੰਡਲ ਲੱਭ ਰਹੇ ਸਕੂਲ ਸਟਾਫ ਦੀ ਬੁੱਕ ਡਿਪੂ ਸਟਾਫ ਵਲੋਂ ਬੇਸ਼ੱਕ ਮਦਦ ਕੀਤੀ ਜਾ ਰਹੀ ਸੀ ਪਰ ਕੁੱਝ ਸਕੂਲ ਸਟਾਫ ਵੀ ਆਪਣੈ ਬੰਡਲਾਂ ਨੂੰ ਲੱਭਣ ਵਿਚ ਬੇਪ੍ਰਵਾਹ ਦਿਖੇ। ਇਸ ਦੇ ਕਾਰਨ ਪੈਕੇਟ 'ਤੇ ਹੋਰ ਸਕੂਲਾਂ ਦੇ ਨਾਂ ਵਾਲੀ ਲੱਗੀ ਸਲਿੱਪ ਉਤਰ ਰਹੀ ਸੀ, ਜਿਸ ਦੀ ਵੀ ਕਿਸੇ ਨੇ ਕੋਈ ਪ੍ਰਵਾਹ ਨਹੀਂ ਕੀਤੀ।

# ਪੈਟਰੋਲ-ਡੀਜਲ ਦੀਆਂ ਕੀਮਤਾਂ ਨੂੰ ਲੈ ਕੇ ਨਹੀਂ ਮਿਲੇਗੀ ਰਾਹਤ

ਸਰਦੂਲ ਸਿੰਘ

ਬੈਤੂਲ 11 ਫਰਵਰੀ। ਪੈਟਰੋਲ ਅਤੇ ਡੀਜਲ ਦੀਆਂ ਕੀਮਤਾਂ ਘੱਟ ਹੋਣ ਲਈ ਲੰਬਾ ਇੰਤਜਾਰ ਕਰਨਾ ਪੈ ਸਕਦਾ ਹੈ, ਕਿਉਂਕਿ ਕੱਚੇ ਤੇਲ ਦੀਆਂ ਕੀਮਤਾਂ 'ਚ ਵਾਧਾ ਹੋਣ ਨਾਲ ਡੀਜਲ 'ਤੇ ਫਿਰ ਕੰਪਨੀਆਂ ਨੂੰ ਘਾਟਾ ਪੈ ਰਿਹਾ ਹੈ। ਕੱਚੇ ਤੇਲ ਦੀਆਂ ਕੌਮਾਂਤਰੀ ਕੀਮਤਾਂ ਵਿਚ ਹੁਣੇ ਜਿਹੇ ਆਈ ਮਜਬੂਤੀ ਨਾਲ ਜਨਤਕ ਖੇਤਰ ਦੀਆਂ ਪੈਟਰੋਲੀਅਮ ਕੰਪਨੀਆਂ ਨੂੰ ਡੀਜਲ 'ਤੇ ਪ੍ਰਤੀ ਲਿਟਰ ਲਗਭਗ 3 ਰੁਪਏ ਦਾ ਘਾਟਾ ਪੈ ਰਿਹਾ ਹੈ, ਜਦੋਂਕਿ ਪੈਟਰੋਲ 'ਤੇ ਉਨ੍ਹਾਂ ਦੇ ਮੁਨਾਫੇ ਵਿਚ ਕਮੀ ਆਈ ਹੈ। ਇਹ ਜਾਣਕਾਰੀ ਤੇਲ ਉਦਯੋਗ ਦੇ ਅਧਿਕਾਰੀਆਂ ਨੇ ਦਿੱਤੀ। ਅਧਿਕਾਰੀਆਂ ਨੇ ਇੱਥੇ ਆਯੋਜਿਤ 'ਭਾਰਤ ਊਰਜਾ ਹਫਤਾ' ਦੌਰਾਨ ਕਿਹਾ ਕਿ ਪੈਟਰੋਲ 'ਤੇ ਮੁਨਾਫੇ ਵਿਚ ਕਮੀ ਆਉਣ ਅਤੇ ਡੀਜਲ 'ਤੇ ਘਾਟਾ ਪੈਣ ਨਾਲ ਪੈਟਰੋਲੀਅਮ ਮਾਰਕੀਟਿੰਗ ਕੰਪਨੀਆਂ ਪ੍ਰਚੂਨ ਕੀਮਤਾਂ ਵਿਚ ਕਟੌਤੀ ਕਰਨ ਤੋਂ ਪ੍ਰਹੇਜ ਕਰ ਰਹੀਆਂ ਹਨ। ਅਪ੍ਰੈਲ, 2022 ਤੋਂ ਹੀ ਪੈਟਰੋਲ-ਡੀਜਲ ਦੀਆਂ ਕੀਮਤਾਂ ਵਿਚ ਤਬਦੀਲੀ ਨਹੀਂ ਹੋਈ ਹੈ। ਇੰਡੀਅਨ ਆਇਲ ਕਾਰਪੋਰੇਸ਼ਨ (ਆਈ. ਓ. ਸੀ.), ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਬੀ. ਪੀ. ਸੀ. ਐੱਲ.) ਅਤੇ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ (ਐੱਚ. ਪੀ. ਸੀ. ਐੱਲ.) ਦਾ ਦੇਸ਼ ਦੇ ਲਗਭਗ 90 ਫੀਸਦੀ ਈਂਧਨ ਬਾਜਾਰ 'ਤੇ ਕੰਟਰੋਲ ਹੈ। ਇਨ੍ਹਾਂ ਕੰਪਨੀਆਂ ਨੇ ਕੱਚੇ ਤੇਲ ਦੇ ਘਟਣ-ਵਧਣ ਦੇ ਬਾਵਜੂਦ ਲੰਬੇ ਸਮੇਂ ਤੋਂ ਪੈਟਰੋਲ, ਡੀਜਲ ਤੇ ਰਸੋਈ ਗੈਸ (ਐੱਲ. ਪੀ. ਜੀ.) ਦੀਆਂ ਕੀਮਤਾਂ ਵਿਚ 'ਇੱਛਾ ਨਾਲ' ਕੋਈ ਤਬਦੀਲੀ ਨਹੀਂ ਕੀਤੀ। ਭਾਰਤ ਤੇਲ ਦੀਆਂ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ 85 ਫੀਸਦੀ ਦਰਾਮਦ 'ਤੇ ਨਿਰਭਰ ਹੈ। ਪਿਛਲੇ ਸਾਲ ਦੇ ਅਖੀਰ ਵਿਚ ਕੱਚਾ ਤੇਲ ਨਰਮ ਹੋ ਗਿਆ ਸੀ ਪਰ ਜਨਵਰੀ ਦੇ ਦੂਜੇ ਪੰਦਰਵਾੜੇ 'ਚ ਇਹ ਮੁੜ ਚੜ੍ਹ ਗਿਆ। ਤੇਲ ਉਦਯੋਗ ਦੇ ਇਕ ਅਧਿਕਾਰੀ ਨੇ ਕਿਹਾ, "ਡੀਜਲ 'ਤੇ ਘਾਟਾ ਪੈ ਰਿਹਾ ਹੈ। ਹਾਲਾਂਕਿ ਇਹ ਹਾਂ-ਪੱਖੀ ਹੋ ਗਿਆ ਸੀ ਪਰ ਹੁਣ ਤੇਲ ਕੰਪਨੀਆਂ ਨੂੰ ਲਗਭਗ 3 ਰੁਪਏ ਪ੍ਰਤੀ ਲਿਟਰ ਦਾ ਨੁਕਸਾਨ ਹੋ ਰਿਹਾ ਹੈ। ਇਸੇ ਦੇ ਨਾਲ ਪੈਟਰੋਲ 'ਤੇ ਮੁਨਾਫਾ ਮਾਰਜਿਨ ਵੀ ਘੱਟ ਹੋ ਕੇ ਲਗਭਗ 3-4 ਰੁਪਏ ਪ੍ਰਤੀ ਲਿਟਰ ਹੋ ਗਿਆ ਹੈ।" ਪੈਟਰੋਲੀਅਮ ਕੀਮਤਾਂ ਵਿਚ ਤਬਦੀਲੀ ਬਾਰੇ ਪੁੱਛੇ ਜਾਣ 'ਤੇ ਪੈਟਰੋਲੀਅਮ ਤੇ ਕੁਦਰਤੀ ਗੈਸ ਮੰਤਰੀ ਹਰਦੀਪ ਸਿੰਘ ਪੁਰੀ ਨੇ 'ਭਾਰਤ ਊਰਜਾ ਹਫਤਾ' ਦੌਰਾਨ ਪੱਤਰਕਾਰਾਂ ਨੂੰ ਕਿਹਾ ਕਿ ਸਰਕਾਰ ਕੀਮਤਾਂ ਤੈਅ ਨਹੀਂ ਕਰਦੀ ਅਤੇ ਤੇਲ ਕੰਪਨੀਆਂ ਸਾਰੇ ਆਰਥਿਕ ਪਹਿਲੂਆਂ 'ਤੇ ਵਿਚਾਰ ਕਰ ਕੇ ਫੈਸਲਾ ਲੈਂਦੀਆਂ ਹਨ। ਇਸ ਦੇ ਨਾਲ ਹੀ ਪੁਰੀ ਨੇ ਕਿਹਾ, "ਤੇਲ ਕੰਪਨੀਆਂ ਕਹਿ ਰਹੀਆਂ ਹਨ ਕਿ ਅਜੇ ਵੀ ਬਾਜਾਰ ਵਿਚ ਅਸਥਿਰਤਾ ਹੈ।" ਭਾਰਤ 2027 'ਚ ਵਿਸ਼ਵ ਪੱਧਰ 'ਤੇ ਕੱਚੇ ਤੇਲ ਦੀ ਮੰਗ 'ਚ ਵਾਧੇ ਦੇ



ਕੇਂਦਰ ਦੇ ਰੂਪ 'ਚ ਚੀਨ ਤੋਂ ਅੱਗੇ ਨਿਕਲ ਜਾਵੇਗਾ। ਕੌਮਾਂਤਰੀ ਊਰਜਾ ਏਜੰਸੀ (ਆਈ. ਈ. ਏ.) ਨੇ ਇਹ ਅੰਦਾਜਾ ਪ੍ਰਗਟਾਉਂਦੇ ਹੋਏ ਕਿਹਾ ਹੈ ਕਿ ਦੁਨੀਆ ਦੀ ਸਭ ਤੋਂ ਤੇਜੀ ਨਾਲ ਵਧਦੀ ਪ੍ਰਮੁੱਖ ਅਰਥਵਿਵਸਥਾ 'ਚ ਟ੍ਰਾਂਸਪੋਰਟ ਅਤੇ ਉਦਯੋਗ ਦੀ ਖਪਤ ਸਵੱਛ ਊਰਜਾ ਅਤੇ ਬਿਜਲਈਕਰਨ 'ਤੇ ਵਧੇ ਜੋਰ ਦੇ ਬਾਵਜੂਦ ਇਸ ਵਾਧੇ ਨੂੰ ਰਫਤਾਰ ਦੇਵੇਗੀ। ਪੈਰਿਸ ਸਥਿਤ ਏਜੰਸੀ ਨੇ ਇੱਥੇ ਭਾਰਤ ਊਰਜਾ ਹਫਤੇ (ਆਈ. ਏ. ਡਬਲਿਊ.) 'ਚ ਜਾਰੀ ਇਕ 2030 ਤੱਕ ਭਾਰਤੀ ਤੇਲ ਬਾਜਾਰ ਸਿਨੇਰੀਓ 'ਤੇ ਇਕ ਵਿਸ਼ੇਸ਼ ਰਿਪੋਰਟ 'ਚ ਕਿਹਾ ਕਿ ਦੇਸ਼ ਦੀ ਕੱਚੇ ਤੇਲ ਦੀ ਮੰਗ 2023 'ਚ 54.8 ਲੱਖ ਬੈਰਲ ਪ੍ਰਤੀ ਦਿਨ (ਬੀ. ਪੀ. ਡੀ.) ਤੋਂ ਵੱਧ ਕੇ 2030 'ਚ 66.4 ਲੱਖ ਬੀ. ਪੀ. ਡੀ. ਹੋ ਜਾਵੇਗੀ। ਚੀਨ ਮੌਜੂਦਾ 'ਚ ਤੇਲ ਦੀ ਮੰਗ ਦਾ ਸਭ ਤੋਂ ਵੱਡਾ ਚਾਲਕ ਹੈ ਅਤੇ ਭਾਰਤ ਇਸ ਸੂਚੀ 'ਚ ਨੰਬਰ ਦੋ 'ਤੇ ਹੈ। ਆਈ. ਈ. ਏ. ਦੇ ਨਿਰਦੇਸ਼ਕ (ਊਰਜਾ ਬਾਜਾਰ ਤੇ ਸੁਰੱਖਿਆ) ਕਿਸੁਕੇ ਸਦਾਮੋਰੀ ਨੇ ਕਿਹਾ, "ਤੇਜ ਹਰੀ ਊਰਜਾ ਕਦਮਾਂ ਦੇ ਬਾਵਜੂਦ 2030 ਤੱਕ ਭਾਰਤ ਦੀ ਤੇਲ ਮੰਗ ਬਹੁਤ ਜ਼ਿਆਦਾ ਰਫਤਾਰ ਨਾਲ ਵਧੇਗੀ। ਭਾਰਤ ਦੀ ਵਾਧਾ ਦਰ 2027 'ਚ ਚੀਨ ਤੋਂ ਅੱਗੇ ਨਿਕਲ ਜਾਵੇਗੀ।" ਹਾਲਾਂਕਿ, ਭਾਰਤ 'ਚ ਮੰਗ 2030 'ਚ ਵੀ ਚੀਨ ਤੋਂ ਪਿੱਛੇ ਰਹੇਗੀ। ਵੱਖ-ਵੱਖ ਕਾਰੋਬਾਰਾਂ ਵਿਚ ਲੱਗਾ ਐੱਸਾਰ ਗਰੁੱਪ ਗ੍ਰੀਨ ਹਾਈਡ੍ਰੋਜਨ ਪਲਾਂਟ, ਦੁਨੀਆ ਦੀ ਪਹਿਲੀ ਗ੍ਰੀਨ ਰਿਫਾਇਨਰੀ ਤੇ ਐੱਲ. ਐੱਨ. ਜੀ. ਅਤੇ ਇਲੈਕਟ੍ਰਿਕ ਈਕੋਲੋਜੀ ਦੇ ਨਿਰਮਾਣ 'ਤੇ ਅਰਬਾਂ ਡਾਲਰ ਦਾ ਨਿਵੇਸ਼ ਕਰੇਗਾ। ਗਰੁੱਪ ਦੇ ਚੋਟੀ ਦੇ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਪਿਛਲੇ 4 ਸਾਲਾਂ 'ਚ 1,40,000 ਕਰੋੜ ਰੁਪਏ ਦਾ ਕਰਜਾ ਚੁਕਾਉਣ ਤੋਂ ਬਾਅਦ ਐੱਸਾਰ ਗਰੁੱਪ ਹੁਣ ਆਪਣੇ ਮੌਜੂਦਾ ਕਾਰੋਬਾਰਾਂ ਨਾਲ ਇਕ ਲੱਖ ਕਰੋੜ ਰੁਪਏ ਤੋਂ ਵੱਧ ਦਾ ਮਜਬੂਤ ਮਾਲੀਆ ਇਕੱਠਾ ਕਰ ਰਿਹਾ ਹੈ। ਐੱਸਾਰ ਕੈਪੀਟਲ ਦੇ ਡਾਇਰੈਕਟਰ ਪ੍ਰਸ਼ਾਂਤ ਰੁਈਆ ਨੇ ਇੱਥੇ ਆਯੋਜਿਤ 'ਭਾਰਤ ਊਰਜਾ ਹਫਤਾ' ਦੌਰਾਨ ਕਿਹਾ, "ਐੱਸਾਰ ਭਾਰਤ ਅਤੇ ਉਸ ਤੋਂ ਬਾਅਦ ਟਿਕਾਊ ਵਾਧੇ ਲਈ ਈਕੋਲੋਜੀ ਸਿਸਟਮ 'ਚ ਨਿਵੇਸ਼ ਕਰ ਕੇ ਮੁੜ ਵਿਕਾਸ ਕਰਨ ਦਾ ਰਸਤਾ ਬਣਾ ਰਿਹਾ ਹੈ।"